ਬੁਲੇਟਿਨ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ

● ਤਿਮਾਹੀ ● ਜਨਵਰੀ-ਮਾਰਚ, 2010 ● 10 ਰੁਪਏ



ਇਹ ਮਹਿੰਗਾਈ ਗਰੀਬਾਂ ਦੇ ਜਿਊਣ
ਦੇ ਹੱਕ ਉੱਤੇ ਹਮਲਾ ਹੈ।

ਇੱਕ ਜੰਗ ਲੋਕਾਂ ਵਿਰੁੱਧ: ਪੂਰੇ ਦੇਸ਼ 'ਚ ਏ. ਐਫ. ਐਸ. ਪੀ. ਕਾਨੂੰਨ
ਲਾਗੂ ਕਰਨ ਦੀ ਤਿਆਰੀ

ਲੁਧਿਆਣਾ ਦੀਆਂ ਸੜਕਾਂ 'ਤੇ ਹਜ਼ਾਰਾਂ ਮਜ਼ਦੂਰਾਂ
ਦੇ ਗੁੱਸੇ ਦਾ ਲਾਵਾ ਫੁੱਟਿਆ

‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੱ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ

ਇਸ ਅੰਕ ਵਿੱਚ

ਆਪਣੀ ਗੱਲ

ਭਖਵੇਂ ਮਸਲੇ

ਟਿੱਪਣੀਆਂ

ਸਾਹਿਤ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ
ਵਿਦਿਆਰਥੀਆਂ ਦਾ ਮੈਗਜ਼ੀਨ

ਸਾਲ 4, ਬੁਲੇਟਿਨ 11
ਜਨਵਰੀ-ਮਾਰਚ 2010

ਸੰਪਾਦਕ
ਲਖਵਿੰਦਰ

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ
ਲਖਵਿੰਦਰ ਸਪੁੱਤਰ ਸ. ਮਨਜੀਤ ਸਿੰਘ, ਮੁਹੱਲਾ ਜੱਸੜਾਂ, ਸ਼ਹਿਰ ਅਤੇ ਡਾਕਖਾਨਾ-ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ-140406 ☎ 96461-50249
e-mail id— lalkaar08@rediffmail.com

ਇੱਕ ਕਾਪੀ ਦੀ ਕੀਮਤ ਦਸ ਰੁਪਏ **ਸਾਲਾਨਾ** ਚਾਲ਼ੀ ਰੁਪਏ (ਡਾਕ ਰਾਹੀਂ ਪੰਜਾਹ ਰੁਪਏ)

ਤੁਸੀਂ ‘ਲਲਕਾਰ’ ਸਾਡੇ ਬਲੌਗ 'ਤੇ ਵੀ ਪੜ੍ਹ ਸਕਦੇ ਹੋ। ‘ਲਲਕਾਰ’ ਦੇ ਪਿਛਲੇ ਸਾਰੇ ਅੰਕ ਵੀ ਬਲੌਗ 'ਤੇ ਉਪਲੱਬਧ ਹਨ।
lalkaar.wordpress.com

ਸੰਪਾਦਕੀ

ਇਹ ਮਹਿੰਗਾਈ ਗਰੀਬਾਂ ਦੇ ਜਿਉਣ ਦੇ ਹੱਕ ਉੱਤੇ ਹਮਲਾ ਹੈ।

(ਪੂੰਜੀਪਤੀਆਂ ਨੂੰ ਅਰਬਾਂ ਡਾਲਰ ਦੇ ਬੇਲ-ਆਊਟ ਪੈਕੇਜ ਦੇਣ ਵਾਲ਼ੀ ਸਰਕਾਰ ਗਰੀਬਾਂ ਨੂੰ ਭੁੱਖਮਰੀ ਤੋਂ ਬਚਾਉਣ ਲਈ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ)

ਪਿੱਛਲੇ ਕੁੱਝ ਦਿਨਾਂ ਤੋਂ ਅਖ਼ਬਾਰਾਂ ਅਤੇ ਟੀ. ਵੀ. 'ਤੇ ਲਗਾਤਾਰ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ ਕਿ ਭਾਰਤ ਦਾ ਅਰਥਚਾਰਾ ਹੁਣ ਮੰਦੀ ਤੋਂ ਉੱਭਰ ਰਿਹਾ ਹੈ ਅਤੇ ਵਿਕਾਸ ਦਰ ਸਾਰੀਆਂ ਭਵਿੱਖਬਾਣੀਆਂ ਤੋਂ ਜ਼ਿਆਦਾ ਬਣੀ ਹੋਈ ਹੈ। ਦੇਸ਼ ਦੇ ਹਾਕਮਾਂ, ਪੂੰਜੀਪਤੀਆਂ ਅਤੇ ਉੱਚ-ਮੱਧਵਰਗ ਦੇ ਚਿਹਰੇ ਖਿੜੇ ਹੋਏ ਹਨ। ਪਰ 'ਵਿਕਾਸ' ਦੀ ਇਸ ਤਸਵੀਰ ਦਾ ਦੂਸਰਾ ਪੱਖ ਇਹ ਹੈ ਕਿ ਮਹਿੰਗਾਈ ਬੇਲਗਾਮ ਵਧਦੀ ਜਾ ਰਹੀ ਹੈ। ਖਾਸਕਰ ਖਾਣ-ਪੀਣ ਦੀਆਂ ਵਸਤਾਂ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ ਨੇ ਦੇਸ਼ ਦੀ 85 ਫੀਸਦੀ ਗਰੀਬ ਅਤੇ ਨਿਮਨ-ਮੱਧਵਰਗੀ ਅਬਾਦੀ ਦੇ ਸਾਹਮਣੇ ਜਿਉਣ ਦਾ ਸੰਕਟ ਪੈਦਾ ਕਰ ਦਿੱਤਾ ਹੈ। ਇੱਕ ਪਾਸੇ ਆਮ ਆਦਮੀ ਦੀ ਜ਼ਰੂਰਤ ਦੀ ਹਰ ਚੀਜ਼ ਮਹਿੰਗੀ ਹੁੰਦੀ ਜਾ ਰਹੀ ਹੈ, ਦੂਸਰੇ ਪਾਸੇ ਬਹੁ-ਗਿਣਤੀ ਕਿਰਤੀ ਅਬਾਦੀ ਦੀ ਆਮਦਨੀ ਲਗਾਤਾਰ ਘੱਟ ਹੋ ਰਹੀ ਹੈ। ਬੇਰੋਜ਼ਗਾਰੀ, ਛਾਂਟੀ, ਤਨਖਾਹ ਵਿੱਚ ਕਟੌਤੀ ਕਾਰਨ ਮਜ਼ਦੂਰਾਂ ਦੀ ਆਮਦਨ ਘੱਟ ਹੋਈ ਹੈ ਅਤੇ ਚੌਤਰਫਾ ਮੰਦੀ ਅਤੇ ਬਹੁ-ਗਿਣਤੀ ਆਬਾਦੀ ਦੀ ਆਮਦਨ ਘੱਟ ਹੋਣ ਕਾਰਨ ਛੋਟੇ-ਮੋਟੇ ਧੰਦੇ ਕਰਕੇ ਗੁਜ਼ਾਰਾ ਕਰਨ ਵਾਲ਼ੀ ਅਰਧ-ਮਜ਼ਦੂਰ ਆਬਾਦੀ ਵੀ ਜਿਵੇਂ ਕਿਵੇਂ ਪੇਟ ਭਰਨ ਦੀ ਹਾਲਤ ਵਿੱਚ ਪਹੁੰਚ ਗਈ ਹੈ।

ਖੁਦ ਸਰਕਾਰੀ ਅੰਕੜਿਆ ਮੁਤਾਬਿਕ ਖਾਣ-ਪੀਣ ਦੀਆਂ ਚੀਜ਼ਾਂ ਦੀ ਮਹਿੰਗਾਈ 15 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਹੋ ਚੁੱਕੀ ਹੈ। ਇਹ ਪਿਛਲੇ 11 ਸਾਲ ਦਾ ਰਿਕਾਰਡ ਹੈ। ਵੈਸੇ ਮਹਿੰਗਾਈ ਦੇ ਅੰਕੜੇ ਥੋਕ ਮੁੱਲਾਂ ਤੇ ਅਧਾਰਿਤ ਹੁੰਦੇ ਹਨ, ਇਸ ਲਈ 15 ਪ੍ਰਤੀਸ਼ਤ ਮਹਿੰਗਾਈ ਵਧਣ ਦਾ ਮਤਲਬ ਹੈ ਕਿ ਚੀਜ਼ਾਂ ਦੀ ਅਸਲ ਮਹਿੰਗਾਈ ਦੋ ਗੁਣਾ ਤੋਂ ਲੈ ਕੇ 6 ਗੁਣਾ ਤੱਕ ਹੋ ਚੁੱਕੀ ਹੈ। ਇਸ ਮਹਿੰਗਾਈ ਦੀ ਸਭ ਤੋਂ ਭਿਅੰਕਰ ਗੱਲ ਇਹ ਹੈ ਕਿ ਆਟਾ, ਚਾਵਲ, ਆਲੂ, ਪਿਆਜ, ਚੀਨੀ, ਤੇਲ ਆਦਿ ਵਰਗੀਆਂ ਵਸਤਾਂ ਦੀ ਮਹਿੰਗਾਈ ਘੱਟ ਹੋਣ ਦਾ ਨਾਮ ਹੀ ਨਹੀਂ ਲੈ ਰਹੀ ਹੈ ਜਿਸ ਤੋਂ ਬਿਨਾਂ ਗਰੀਬ ਲਈ ਦੋ ਵਕਤ ਪੇਟ ਭਰਨਾ ਵੀ ਮੁਸ਼ਕਿਲ ਹੋ ਰਿਹਾ ਹੈ।

ਵੈਸੇ ਤਾਂ ਹਿੰਦੋਸਤਾਨ ਵਰਗੇ ਦੇਸ਼ ਵਿੱਚ ਮਹਿੰਗਾਈ ਕੋਈ ਨਵੀਂ ਗੱਲ ਨਹੀਂ ਹੈ, ਪਰ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਸਰਕਾਰ ਨੇ ਮਹਿੰਗਾਈ ਤੇ ਕਾਬੂ ਪਾਉਣ ਦੀ ਜ਼ਿੰਮੇਵਾਰੀ ਤੋਂ ਹੀ ਪੱਲਾ ਝਾੜ ਲਿਆ ਹੈ। ਖੇਤੀ ਬਾੜੀ ਮੰਤਰੀ ਸ਼ਰਦ ਪਵਾਰ ਨੇ ਸਾਫ਼ ਕਹਿ ਦਿੱਤਾ ਹੈ ਕਿ ਸਾਉਣੀ ਦੀ ਫਸਲ ਆਉਣ ਤੱਕ ਉਹ ਕੁੱਝ ਨਹੀਂ ਕਰ ਸਕਦੇ। ਇੰਨਾ ਹੀ ਨਹੀਂ ਦਿੱਲੀ ਵਰਗੇ ਰਾਜਾਂ ਦੀਆਂ ਸਰਕਾਰਾਂ ਤਾਂ ਬੱਸ ਕਿਰਾਏ, ਪਾਣੀ, ਬਿਜਲੀ ਆਦਿ ਦੀਆਂ ਕੀਮਤਾਂ ਵਧਾ ਕੇ ਗਰੀਬਾਂ ਦੀ ਜੇਬ 'ਚੋਂ ਰਹਿੰਦੀ ਖੂੰਹਦੀ ਕੋਡੀ ਵੀ ਲੁੱਟ ਲੈਣ ਤੇ ਉਤਾਰੂ ਹਨ।

ਮਹਿੰਗਾਈ ਦੇ ਮੁੱਦੇ ਤੇ ਯੂ. ਪੀ. ਏ. ਸਰਕਾਰ ਲਾਗਤਾਰ ਬਹਾਨੇਬਾਜੀ ਅਤੇ ਚਲਾਕੀ ਦਾ ਰਵੱਈਆ ਅਪਨਾਉਂਦੀ ਰਹੀ ਹੈ। ਕਦੇ ਉਹ ਸੋਕੇ ਨੂੰ, ਕਦੇ ਸੰਸਾਰ ਆਰਥਿਕ ਸੰਕਟ ਨੂੰ ਤਾਂ ਕਦੇ ਵਿਚੋਲਿਆਂ ਅਤੇ ਜਮਾਂਖੋਰਾਂ ਜਾਂ ਰਾਜ ਸਰਕਾਰਾਂ ਨੂੰ ਜ਼ਿੰਮੇਵਾਰ ਦੱਸ ਕੇ ਖੁਦ ਕਿਨਾਰੇ ਹੋ ਜਾਣ ਦੀ ਕੋਸ਼ਿਸ਼ ਕਰਦੀ ਰਹੀ ਹੈ। ਅਸਲੀਅਤ ਇਹ ਹੈ ਕਿ ਇਸ ਮਹਿੰਗਾਈ ਦੀਆਂ ਸਭ ਤੋਂ ਜ਼ਿਆਦਾ ਜ਼ਿੰਮੇਵਾਰ ਕੇਂਦਰ ਸਰਕਾਰ ਦੀਆਂ ਨੀਤੀਆਂ ਹਨ। ਇਸ ਮਹਿੰਗਾਈ ਦੀ ਵਜ੍ਹਾ ਸਿਰਫ਼ ਇਹ ਨਹੀਂ ਹੈ ਕਿ ਆਨਾਜ ਅਤੇ ਫਲ-ਸ਼ਬਜੀਆਂ ਦੀ ਸਪਲਾਈ ਵਿੱਚ ਸੋਕੇ ਜਾਂ ਹੋਰ ਕਾਰਨਾਂ ਦੀ ਵਜ੍ਹਾ ਨਾਲ ਫੌਰੀ ਤੌਰ 'ਤੇ ਕਮੀ ਆ ਗਈ ਹੈ। ਇਸ ਦੇ ਕਾਰਨ ਕਿਤੇ ਜ਼ਿਆਦਾ ਗਹਿਰੇ ਹਨ। ਇਸ ਸਥਿਤੀ ਲਈ ਖੇਤੀ ਦੀ ਲਗਾਤਾਰ ਅਣਦੇਖੀ, ਅਨਾਜ ਦੇ ਪ੍ਰਬੰਧਨ ਵਿੱਚ ਨੌਕਰਸ਼ਾਹਾਨਾ ਲਾਪਰਵਾਹੀ ਅਤੇ ਭ੍ਰਿਸ਼ਟਾਚਾਰ, ਵਿਚੋਲਿਆਂ ਅਤੇ ਜਮਾਖੋਰਾਂ ਨੂੰ ਖੁੱਲੀ ਛੋਟ, ਅਨਾਜ ਅਤੇ ਖੇਤੀ ਉਪਜ ਦੇ ਵਾਅਦਾ ਕਾਰੋਬਾਰ ਦੀ ਛੋਟ ਦੇਣ ਵਰਗੇ ਹੋਰ ਬਥੇਰੇ ਕਾਰਨ ਜ਼ਿੰਮੇਵਾਰ ਹਨ। ਪੂੰਜੀਵਾਦ ਵਿੱਚ ਸਨਅਤ ਦੇ ਮੁਕਾਬਲੇ ਖੇਤੀ ਹਮੇਸ਼ਾ ਹੀ ਪਿਛੜਦੀ ਜਾਂਦੀ ਹੈ ਅਤੇ ਉਦਾਰੀਕਰਨ ਦੇ ਇਸ ਦੌਰ ਵਿੱਚ ਖੇਤੀ ਦੀ ਅਣਦੇਖੀ ਹੋਰ ਵੀ ਜ਼ਿਆਦ ਵਧ ਗਈ ਹੈ। ਤੁਰੰਤ ਮੁਨਾਫਾ ਦੇਣ ਵਾਲੀਆਂ ਨਕਦੀ ਫਸਲਾਂ ਤੇ ਜ਼ੋਰ ਜ਼ਿਆਦਾ ਹੋਣ ਕਾਰਨ ਅਨਾਜ ਦੇ ਉਤਪਾਦਨ ਦਾ ਰਕਬਾ ਲਗਾਤਾਰ ਘਟਦਾ ਜਾ ਰਿਹਾ ਹੈ। ਇੱਕ ਅਨੁਮਾਨ ਦੇ ਅਨੁਸਾਰ ਦੇਸ਼ ਭਰ ਵਿੱਚ ਬਣ ਰਹੇ ਵਿਸ਼ੇਸ਼ ਆਰਥਿਕ ਖੇਤਰਾਂ (ਸੇਜ਼) ਲਈ ਕਿਸਾਨਾਂ ਤੋਂ ਲਈ ਗਈ ਜ਼ਮੀਨ ਦੇਸ਼ ਦੀ ਕੁੱਲ ਖੇਤੀ ਲਾਇਕ ਜ਼ਮੀਨ ਦਾ ਕਰੀਬ ਇੱਕ ਪ੍ਰਤੀਸ਼ਤ ਦੇ ਬਰਾਬਰ ਹੈ। ਇੱਕ ਪ੍ਰਤੀਸ਼ਤ ਸੁਣਨ ਵਿੱਚ ਤਾਂ ਘੱਟ ਲਗਦਾ ਹੈ ਪਰ ਦੇਸ਼ ਦੇ ਕੁੱਲ ਅਨਾਜ ਉਤਪਾਦਨ ਤੇ ਪੈਣ ਵਾਲ਼ੇ ਇਸਦੇ ਅਸਰ ਦਾ ਅਨੁਮਾਨ ਲਗਾਇਆ ਜਾਵੇ ਤਾਂ ਸਮਝਿਆ ਜਾ ਸਕਦਾ ਹੈ ਕਿ ਸਰਕਾਰ ਪੂੰਜੀਪਤੀਆਂ ਨੂੰ ਮੁਨਾਫਾ ਪਹੁੰਚਾਉਣ ਲਈ ਕਿਸ ਤਰ੍ਹਾਂ ਦੇਸ਼ ਦੇ ਲੋਕਾਂ ਦੇ ਮੂੰਹ ਵਿੱਚੋਂ ਬੁਰਕੀਆਂ ਖੋਹਣ ਦਾ ਕੰਮ ਕਰ ਰਹੀ ਹੈ।

ਬੇਸ਼ਰਮੀ ਦਾ ਆਲਮ ਇਹ ਹੈ ਕਿ ਕੇਂਦਰ ਸਰਕਾਰ ਦੇ ਮੰਤਰੀ ਇਸ ਮਹਿੰਗਾਈ ਨੂੰ ਵੀ ਆਪਣੀ ਨੀਤੀਆਂ ਦੀ ਸਫਲਤਾ ਦਾ ਸ਼ੀਸ਼ਾ ਦੱਸ ਰਹੇ ਹਨ। ਉਹਨਾਂ ਦੇ ਹਿਸਾਬ ਨਾਲ਼ ਨਰੇਗਾ ਅਤੇ ਦੂਸਰੀਆਂ ਯੋਜਨਾਵਾਂ ਕਾਰਨ ਗਰੀਬਾਂ ਦੀ ਆਮਦਨ ਵਧੀ ਹੈ ਅਤੇ ਹੁਣ ਉਹ ਪਹਿਲਾਂ ਨਾਲੋਂ ਜ਼ਿਆਦਾ ਅਨਾਜ ਆਦਿ ਖਰੀਦ ਰਹੇ ਹਨ, ਜਿਸਦੇ ਫਲਸਰੂਪ ਇਸ ਦੀਆਂ ਕੀਮਤਾਂ ਵਧ ਰਹੀਆਂ ਹਨ। ਇਹ ਉਹੀ ਬੇਹੂਦਾ ਤਰਕ ਹੈ ਜੋ ਪਿਛਲੇ ਸਾਲ ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਦੇ ਰਹੇ ਸਨ। ਜਦੋਂ ਦੁਨੀਆਂ

ਵਿੱਚ ਅਨਾਜ ਦੀਆਂ ਕੀਮਤਾਂ ਬੁਰੀ ਤਰ੍ਹਾਂ ਵਧ ਰਹੀਆਂ ਸਨ ਤਾਂ ਬੁਸ਼ ਨੇ ਕਿਹਾ ਸੀ ਕਿ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਵਿੱਚ ਗਰੀਬਾਂ ਦੀ ਆਮਦਨ ਵਧਣ ਨਾਲ਼ ਅਨਾਜ ਦੀ ਮੰਗ ਵਧਣ ਕਾਰਨ ਮਹਿੰਗਾਈ ਵਧ ਰਹੀ ਹੈ। ਉਦੋਂ ਵਿੱਤ ਮੰਤਰੀ ਚਿੰਦਬਰਮ ਨੇ ਵੀ ਤੋਤੇ ਦੀ ਤਰ੍ਹਾਂ ਇਹੀ ਤਰਕ ਦੁਹਰਾਇਆ ਸੀ। ਹੁਣ ਇਹੀ ਦਲੀਲ ਫਿਰ ਤੋਂ ਦਿੱਤੀ ਜਾ ਰਹੀ ਹੈ। ਇਹ ਆਪਣੇ ਆਪ ਵਿੱਚ ਕਿੰਨਾ ਅਣ-ਮਨੁੱਖੀ ਤਰਕ ਹੈ ਕਿ ਮਹਿੰਗਾਈ ਇਸ ਲਈ ਵਧ ਗਈ ਹੈ ਕਿਉਂਕਿ ਗਰੀਬ ਹੁਣ ਢਿੱਡ ਭਰ ਕੇ ਖਾਣ ਲੱਗੇ ਹਨ। ਵੈਸੇ ਤਾਂ ਮੁੱਢੋਂ ਹੀ ਇਹ ਬਿਲਕੁੱਲ ਗਲਤ ਹੈ। ਵਿਸ਼ਵ ਅਨਾਜ ਸੰਗਠਨ ਦੇ ਮੁਤਾਬਕ ਦੇਸ਼ ਦੇ 22 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਹੀਂ ਮਿਲਦੀ। ਕਈ ਅਰਥ-ਸ਼ਾਸਤਰੀਆਂ ਦੇ ਮੁਤਾਬਿਕ ਅਸਲ ਸੰਖਿਆ ਇਸ ਤੋਂ ਕਿਤੇ ਜ਼ਿਆਦਾ ਹੈ। ਉਹਨਾਂ ਦਾ ਮੰਨਣਾ ਹੈ ਕਿ ਦੇਸ਼ ਦੀ ਇੱਕ ਤਿਹਾਈ ਆਬਾਦੀ ਨੂੰ ਢਿੱਡ ਭਰ ਕੇ ਖਾਣਾ ਨਹੀਂ ਮਿਲ ਰਿਹਾ। ਭੁੱਖ ਦੇ ਪੈਮਾਨੇ ਤੇ ਦੁਨੀਆਂ ਦੇ 119 ਦੇਸ਼ਾਂ ਦੀ ਸੂਚੀ ਵਿੱਚ ਭਾਰਤ 94ਵੇਂ ਸਥਾਨ ’ਤੇ ਹੈ, ਅਤੇ ਭੁੱਖੇ ਲੋਕਾਂ ਦੀ ਕੁੱਲ ਸੰਖਿਆ ਦੀ ਹਿਸਾਬ ਨਾਲ਼ ਪਹਿਲੇ ਸਥਾਨ ’ਤੇ। ਜੋ ਲੋਕ ਕਿਸੇ ਤਰ੍ਹਾਂ ਪੇਟ ਭਰ ਵੀ ਲੈਂਦੇ ਹਨ ਉਹਨਾਂ ਵਿੱਚੋਂ ਵੀ ਜ਼ਿਆਦਾਤਰ ਨੂੰ ਪੌਸ਼ਟਿਕ ਭੋਜਨ ਨਹੀਂ ਮਿਲਦਾ, ਜਿਸਦੇ ਕਾਰਨ ਦੇਸ਼ ਵਿੱਚ 50 ਪ੍ਰਤੀਸ਼ਤ ਤੋਂ ਜ਼ਿਆਦਾ ਔਰਤਾਂ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਔਸਤ ਭਾਰਤੀ ਨੂੰ ਉਪਲਬਧ ਕੁੱਲ ਅਨਾਜ ਲਗਾਤਾਰ ਘੱਟ ਹੁੰਦਾ ਜਾ ਰਿਹਾ ਹੈ। 1980 ਦੇ ਦਹਾਕੇ ਵਿੱਚ ਦੇਸ਼ ਵਿੱਚ ਪ੍ਰਤੀ ਸਾਲ ਪ੍ਰਤੀ ਵਿਅਕਤੀ ਅਨਾਜ ਦੀ ਖਪਤ 178 ਕਿਲੋਗ੍ਰਾਮ ਸੀ ਜੋ ਕਿ 1990 ਦੇ ਦਹਾਕੇ ਤੱਕ ਘਟਦੇ ਘਟਦੇ 2006 ਵਿੱਚ ਸਿਰਫ਼ 156 ਕਿਲੋਗ੍ਰਾਮ ਪ੍ਰਤੀ ਵਿਅਕਤੀ ਰਹਿ ਗਈ ਸੀ।

ਜੇਕਰ ਇਸ ਗੱਲ ਨੂੰ ਧਿਆਨ ਵਿੱਚ ਰੱਖੀਏ ਕਿ ਇਸੀ ਦੌਰ ਵਿੱਚ ਦੇਸ਼ ਦੇ 10-15 ਪ੍ਰਤੀਸ਼ਤ ਉੱਪਰਲੇ ਤਬਕੇ ਦੀ ਆਮਦਨ ਵਿਚ ਬੇਤਹਾਸ਼ਾ ਵਾਧੇ ਦੇ ਨਾਲ਼ ਖਾਸਕਰ ਮੱਧਵਰਗੀ ਦੁਆਰਾ ਅਨਾਜ ਦੀ ਖਪਤ ਅਤੇ ਬਰਬਾਦੀ ਤੇਜ਼ੀ ਨਾਲ਼ ਵਧੀ ਹੈ, ਤਾਂ ਸਮਝਿਆ ਜਾ ਸਕਦਾ ਹੈ ਕਿ ਗਰੀਬਾਂ ਦੁਆਰਾ ਅਨਾਜ ਦੀ ਅਸਲ ਖਪਤ ਵਿੱਚ ਕਿਸ ਕਦਰ ਕਮੀ ਆਈ ਹੈ।

ਆਮਦਨ ਵਧਣ ਨਾਲ਼ ਅਨਾਜ ਦੀ ਖਪਤ ਵਧਣ ਦੇ ਤਰਕ ਦੇ ਬੇਹੂਦੇਪਣ ਨੂੰ ਸਮਝਣਾ ਹੋਵੇ ਤਾਂ ਦਿੱਲੀ, ਨੋਇਡਾ, ਗਾਜ਼ਿਆਬਾਦ, ਗੁੜਗਾਓਂ, ਲੁਧਿਆਣਾ ਅਤੇ ਦੇਸ਼ ਦੇ ਕਿਸੇ ਵੀ ਮਜ਼ਦੂਰ ਇਲਾਕੇ (ਸ਼ਹਿਰ ਭਾਵੇਂ ਪਿੰਡ) ਵਿੱਚ ਜਾ ਕੇ ਦੇਖਿਆ ਜਾ ਸਕਦਾ ਹੈ। ਇੱਕ ਪਾਸੇ ਬੇਰੁਜ਼ਗਾਰੀ ਦਾ ਫਾਇਦਾ ਲੈ ਕੇ ਅਤੇ ਮੰਦੀ ਦਾ ਬਹਾਨਾ ਬਣਾ ਕੇ ਕਾਰਖਾਨੇਦਾਰ ਮਜ਼ਦੂਰਾਂ ਨੂੰ ਘੱਟ ਤੋਂ ਘੱਟ ਪੈਸੇ ਦੇ ਕੇ ਨਿਚੋੜ ਰਹੇ ਹਨ। ਦੂਸਰੇ ਪਾਸੇ ਖਾਣ-ਪੀਣ ਦੀਆਂ ਚੀਜ਼ਾਂ ਦੇ ਨਾਲ਼ ਹੀ ਕਮਰਿਆਂ ਦੇ ਕਿਰਾਏ ਅਤੇ ਬੱਸ ਕਿਰਾਏ ਆਦਿ ਵਿੱਚ ਹੋਏ ਵਾਧੇ ਨੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਸਾਹਮਣੇ ਵੀ ਪੇਟ ਭਰਨ ਦਾ ਸੰਕਟ ਪੈਦਾ ਕਰ ਦਿੱਤਾ ਹੈ। ਪਿਛਲੇ ਕੁੱਝ ਮਹੀਨਿਆਂ ਤੋਂ ਸਾਰੇ ਮਜ਼ਦੂਰ ਇਲਾਕਿਆਂ ਵਿੱਚ ਕਮਰਿਆਂ ਦੇ ਕਿਰਾਏ ਵਧ ਗਏ ਹਨ। ਦਿੱਲੀ ਵਿੱਚ ਬੱਸਾਂ ਦੇ ਕਿਰਾਏ ਡੇਢ ਗੁਣਾ ਤੋਂ ਲੈ ਕੇ ਦੋ ਗੁਣਾ ਤੱਕ ਵਧ ਗਏ ਹਨ, ਪੰਜਾਬ ਵਿੱਚ ਬਸ ਕਿਰਾਏ ਵਧਾਉਣ ਦੀ ਤਿਆਰੀ ਹੈ। ਦੂਸਰੇ ਪਾਸੇ ਮਜ਼ਦੂਰੀ ਵਿੱਚ ਪਿਛਲੇ ਕਈ ਸਾਲਾਂ ਤੋਂ ਕੋਈ ਵਾਧਾ ਨਹੀਂ ਹੋਇਆ ਹੈ, ਸਗੋਂ ਕਈ ਇਲਾਕਿਆਂ ਵਿੱਚ ਮਜ਼ਦੂਰੀ ਘੱਟ ਹੋ ਗਈ ਹੈ। ਔਰਤ ਮਜ਼ਦੂਰਾਂ, ਪੀਸ ਰੇਟ ਤੇ ਕੰਮ ਕਰਨ ਵਾਲਿਆਂ ਆਦਿ ਦੀ ਮਜ਼ਦੂਰੀ ਵਿੱਚ ਕਈ ਜਗ੍ਹਾ ਕਮੀ ਆਈ ਹੈ। ਇਸ ਤਰ੍ਹਾਂ ਇਹ ਦਲੀਲ ਗਰੀਬਾਂ ਨਾਲ਼ ਇੱਕ ਗੰਦੇ ਮਜ਼ਾਕ ਵਰਗੀ ਲੱਗਦੀ ਹੈ। ਮੰਦੀ ਕਾਰਨ ਮਜ਼ਦੂਰਾਂ ਦੀ ਇੱਕ ਅੱਛੀ ਖਾਸੀ ਆਬਾਦੀ ਨੂੰ ਅਕਸਰ ਕੰਮ ਛੁੱਟ ਜਾਣ ਅਤੇ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜੇਕਰ ਕੁੱਝ ਗਰੀਬਾਂ ਦੀ ਆਮਦਨੀ ਵਿੱਚ ਥੋੜਾ-ਬਹੁਤ ਵਾਧਾ ਹੋਇਆ ਵੀ ਹੈ, ਤਾਂ ਅਨਾਜ ਪਦਾਰਥਾਂ ਦੀ ਭਿਅੰਕਰ ਮਹਿੰਗਾਈ ਦੇ ਕਾਰਨ ਉਹ ਫਿਰ ਤੋਂ ਪੁਰਾਣੀ ਹਾਲਤ ਵਿੱਚ ਪਹੁੰਚ ਗਏ ਹਨ। ਯਾਨੀ ਇੱਕ ਹੱਥ ਸਰਕਾਰ ਨੇ ਉਹਨਾਂ ਦੀ ਜੇਬ ਵਿੱਚ ਕੁੱਝ ਪੈਸੇ ਪਾਏ ਵੀ ਹਨ ਤਾਂ ਦੂਜੇ ਹੱਥ ਉਹਨਾਂ ਨੂੰ ਕੱਢਣ ਦਾ ਇੰਤਜਾਮ ਵੀ ਕਰ ਦਿੱਤਾ ਹੈ।

ਵੈਸੇ ਤਾਂ ਗਰੀਬੀ ਦੀ ਰੇਖਾ ਦਾ ਪੈਮਾਨਾ ਹੀ ਬੇਹੱਦ ਹੇਠਾਂ ਹੈ, ਪਰ ਹੁਣੇ ਹੀ ਆਈ ਸੁਰੇਸ਼ ਤੇਂਦੁਲਕਰ ਰਿਪੋਰਟ ਦੇ ਮੁਤਾਬਿਕ ਇੱਕ ਤਿਹਾਈ ਤੋਂ ਜ਼ਿਆਦਾ ਲੋਕ ਇਸ ਗਰੀਬੀ ਰੇਖਾ ਤੋਂ ਵੀ ਹੇਠਾਂ ਹਨ। ਬਿਹਾਰ ਦੀ 54 ਪ੍ਰਤੀਸ਼ਤ ਅਤੇ ਉੜੀਸਾ ਦੀ 60 ਪ੍ਰਤੀਸ਼ਤ ਜਨ ਸੰਖਿਆਂ ਗਰੀਬੀ ਰੇਖਾ ਤੋਂ ਹੇਠਾਂ ਹੈ। ਪਿਛਲੇ ਡੇਢ ਸਾਲ ਤੋਂ ਜਾਰੀ ਮਹਿੰਗਾਈ ਦੇ ਕਾਰਨ ਕਰੋੜਾਂ ਲੋਕ ਫਿਰ ਤੋਂ ਗਰੀਬੀ ਰੇਖਾਂ ਤੋਂ ਹੇਠਾਂ ਚਲੇ ਗਏ ਹਨ। ਇਸ ਲਈ ਇਹ ਮਹਿੰਗਾਈ ਆਮ ਮਹਿੰਗਾਈ ਤੋਂ ਅਲੱਗ ਹੈ ਕਿਉਂਕਿ ਇਸ ਦੀ ਸਭ ਤੋਂ ਜ਼ਿਆਦਾ ਮਾਰ ਸਭ ਤੋਂ ਗਰੀਬ ਅਤੇ ਕਿਰਤੀ ਲੋਕਾਂ ਤੇ ਪੈ ਰਹੀ ਹੈ।

ਯੂ. ਪੀ. ਏ. ਸਰਕਾਰ ਵਾਅਦਾ ਕਰ ਰਹੀ ਹੈ ਕਿ ਉਹ ਭੋਜਨ ਦੇ ਹੱਕ ਨੂੰ ਮੌਲਿਕ ਹੱਕ ਦਾ ਦਰਜਾ ਦੇਣ ਲਈ ਕਾਨੂੰਨ ਬਣਾਏਗੀ। ਪਰ ਅਸਲੀਅਤ ਇਹ ਹੈ ਕਿ ਵਧਦੀਆਂ ਕੀਮਤਾਂ ਦੇ ਜ਼ਰੀਏ ਕਰੋੜਾਂ ਗਰੀਬ ਭੋਜਨ ਦੇ ਹੱਕ ਤੋਂ ਵਾਂਝੇ ਕੀਤੇ ਜਾ ਰਹੇ ਹਨ। ਭੁੱਲਣਾ ਨਹੀਂ ਚਾਹੀਦਾ ਕਿ ਸਰਕਾਰ ਦੀ ਹੀ ਇੱਕ ਕਮੇਟੀ ਆਪਣੀ ਰਿਪੋਰਟ ਵਿੱਚ ਦੱਸ ਚੁੱਕੀ ਹੈ ਕਿ ਦੇਸ਼ ਦੀ 77 ਪ੍ਰਤੀਸ਼ਤ ਆਬਾਦੀ ਰੋਜ਼ਾਨਾ 20 ਰੁ. ਤੋਂ ਵੀ ਘੱਟ ਤੇ ਗੁਜ਼ਾਰਾ ਕਰਦੀ ਹੈ। ਇਹ ਅਬਾਦੀ ਕਿਸ ਤਰ੍ਹਾਂ ਪੇਟ ਭਰ ਰਹੀ ਹੋਵੇਗੀ, ਇਹ ਸੋਚ ਕੇ ਵੀ ਕੰਬਣੀ ਛਿੜਦੀ ਹੈ।

ਗਰੀਬਾਂ ਤੱਕ ਸਸਤਾ ਅਨਾਜ ਪਹੁੰਚਾਉਣ ਲਈ ਬਣੀ ਸਰਵਜਨਿਕ ਵੰਡ ਪ੍ਰਣਾਲੀ ਵਿੱਚ ਭ੍ਰਿਸ਼ਟਾਚਾਰ ਦੇ ਬਾਵਜੂਦ ਥੋੜਾ ਬਹੁਤ ਅਨਾਜ ਆਦਿ ਥੱਲੇ ਤੱਕ ਪਹੁੰਚ ਜਾਂਦਾ ਸੀ, ਪਰ ਉਦਾਰੀਕਰਨ ਦੇ ਦੌਰ ਵਿੱਚ ਉਸ ਨੂੰ ਵੀ ਹੌਲ਼ੀ ਹੌਲ਼ੀ ਤਬਾਹ ਕੀਤਾ ਜਾ ਚੁੱਕਿਆ ਹੈ। ਪੂੰਜੀਪਤੀਆਂ ਨੂੰ ਹਜ਼ਾਰਾਂ ਕਰੋੜ ਰੁਪਏ ਦੀਆਂ ਸਬਸਿਡੀਆਂ ਲੁਟਾਉਣ ਵਾਲੀ ਸਰਕਾਰ ਗਰੀਬਾਂ ਨੂੰ ਭੁੱਖਮਰੀ ਤੋਂ ਬਚਾਉਣ ਲਈ ਦਿੱਤੇ ਜਾਣ ਵਾਲੀ ਅਨਾਜ ਸਬਸਿਡੀ

(ਬਾਕੀ ਹਿੱਸਾ, ਪੰਨਾ 29 ’ਤੇ)

ਇੱਕ ਜੰਗ ਲੋਕਾਂ ਵਿਰੁੱਧ: ਪੂਰੇ ਦੇਸ਼ 'ਚ ਹਥਿਆਰਬੰਦ ਬਲ (ਵਿਸ਼ੇਸ਼ ਅਧਿਕਾਰ) ਕਾਨੂੰਨ ਲਾਗੂ ਕਰਨ ਦੀ ਤਿਆਰੀ

ਦੱਬੇ ਪੈਰੀਂ ਸਰਦਲ 'ਤੇ ਆ ਪਹੁੰਚੀ ਹੈ ਅਣਐਲਾਨੀ ਐਮਰਜੈਂਸੀ !

ਚੌਕੰਨੇ ਹੋਵੋ, ਖੂਨੀ ਪੰਜਿਆਂ ਦੇ ਨਿਸ਼ਾਨਾਂ ਦੀ ਸ਼ਨਾਖਤ ਕਰੋ।

15 ਅਕਤੂਬਰ 2009 ਦੇ 'ਹਿੰਦੂ' ਅਖਬਾਰ ਵਿੱਚ ਸ਼੍ਰੀਨਗਰ ਤੋਂ ਪ੍ਰਕਾਸ਼ਿਤ ਸੁਜਾਤ ਬੁਖਾਰੀ ਦੀ ਰਿਪੋਰਟ ਮੁਤਾਬਿਕ, ਸ਼੍ਰੀਨਗਰ 'ਚ ਹੋਏ ਕੁੱਲ ਭਾਰਤੀ ਸੰਪਾਦਕ ਸੰਮੇਲਨ 'ਚ ਗ੍ਰਹਿ ਮੰਤਰੀ ਚਿਦੰਬਰਮ ਨੇ ਕਿਹਾ ਕਿ ਹਥਿਆਰਬੰਦ ਬਲ (ਵਿਸ਼ੇਸ਼-ਅਧਿਕਾਰ) ਕਾਨੂੰਨ ਵਿੱਚ ਸੋਧ ਦਾ ਮਤਾ ਜਲਦੀ ਹੀ ਮੰਤਰੀ ਮੰਡਲ ਸਾਹਮਣੇ ਰੱਖਿਆ ਜਾਏਗਾ। ਉਹਨਾਂ ਨੇ ਦੱਸਿਆ ਕਿ ਇਹ ਸੋਧ ਸਿਰਫ ਜੰਮੂ-ਕਸ਼ਮੀਰ 'ਚ ਹੀ ਨਹੀਂ, ਸਗੋਂ ਪੂਰੇ ਦੇਸ਼ 'ਚ ਲਾਗੂ ਹੋਵੇਗੀ।

ਇਨ੍ਹਾਂ ਪੇਸ਼ ਕੀਤੀਆਂ ਸੋਧਾਂ ਦੇ ਦੋ ਪੱਖ ਹਨ। ਪਹਿਲਾ ਇਹ ਕਿ ਅਜ਼ਾਦ ਭਾਰਤ ਦੇ ਸਭ ਤੋਂ ਵੱਧ ਨਿਰੰਕੁਸ਼ ਜਾਬਰ ਇਸ ਕਾਲ-ਕਾਨੂੰਨ ਨੂੰ ਅਮਲ 'ਚ ਲਿਆਉਂਦੇ ਹੋਏ ਫੌਜ ਨੇ ਕਸ਼ਮੀਰ ਘਾਟੀ ਅਤੇ ਪੂਰਵੀ ਭਾਰਤ 'ਚ ਫਾਸਿਸਟ ਜ਼ਬਰ ਦਾ ਜਿਹੜਾ ਬਰਬਰ ਨੰਗਾ ਨਾਚ ਕੀਤਾ ਹੈ, ਉਸ ਖਿਲਾਫ਼ ਉੱਥੇ ਸੜਕਾਂ 'ਤੇ ਉੱਭਰਦੇ ਲੋਕ-ਪ੍ਰਤੀਰੋਧ ਦਾ ਜਵਾਰ ਲੱਖ ਯਤਨਾਂ ਤੋਂ ਬਾਅਦ ਵੀ ਨੱਪਿਆ ਨਹੀਂ ਜਾ ਸਕਿਆ ਹੈ। ਇਸ ਲਈ ਇਸ ਰਾਖਸ਼ਸੀ ਕਾਨੂੰਨ ਨੂੰ ਕੁੱਝ "ਮਨੁੱਖੀ" ਸ਼ਕਲ ਦੇਣ ਦੀ ਲੋੜ ਹਕੂਮਤੀ ਹਲਕਿਆਂ 'ਚ ਸ਼ਿੱਦਤ ਨਾਲ਼ ਮਹਿਸੂਸ ਕੀਤੀ ਜਾ ਰਹੀ ਸੀ। ਇਸਦਾ ਦੂਜਾ ਪੱਖ ਇਹ ਹੈ ਕਿ ਜੇਕਰ ਅਰਧ-ਸੈਨਿਕ ਮਾਓਵਾਦੀ ਹਥਿਆਰਬੰਦ ਪ੍ਰਤੀਰੋਧ ਨੂੰ ਕੁਚਲਣ 'ਚ ਨਾਕਾਮ ਰਹਿੰਦੇ ਹਨ, ਤਾਂ ਪੂਰੇ ਦੇਸ਼ ਦੇ ਪ੍ਰਭਾਵਿਤ ਹਿੱਸਿਆਂ 'ਚ ਫੌਜ ਦੇ ਇਸਤੇਮਾਲ ਨੂੰ ਜਾਇਜ਼ ਠਹਿਰਾਉਣ ਦੀ ਕਾਨੂੰਨੀ ਤਿਆਰੀ ਸਮਾਂ ਰਹਿੰਦੇ ਕਰ ਲਈ ਜਾਵੇ। ਇਸ ਲਈ ਜ਼ਖ਼ੀਰੇ 'ਚ ਪਹਿਲਾਂ ਤੋਂ ਮੌਜੂਦ ਇਸ ਹਥਿਆਰ ਨੂੰ ਹੁਣ ਪੂਰੇ ਦੇਸ਼ 'ਚ ਲੋਕਾਂ ਖਿਲਾਫ਼ ਸੰਭਾਵਿਤ ਜੰਗ ਦੇ ਨਜ਼ਰੀਏ ਤੋਂ ਸੁਧਾਰਨਾ-ਸਵਾਰਨਾ ਜ਼ਰੂਰੀ ਹੈ।

ਜਬਰ ਨਾਲ਼ ਨਹੀਂ ਦਬਾਇਆ ਜਾ ਸਕਣਾ ਲੋਕ ਉਭਾਰ ! ਜਿੰਨਾ ਜਬਰ ਹੋਵੇਗਾ ਓਨਾ ਹੀ ਟਾਕਰਾ ਹੋਵੇਗਾ !

ਕਿਹੜੇ ਇਲਾਕਿਆਂ ਵਿੱਚ ਹੁਣ ਤੱਕ ਲਾਗੂ ਹੋਇਆ ਹੈ ਹਥਿਆਰਬੰਦ ਬਲ (ਵਿਸ਼ੇਸ਼ ਅਧਿਕਾਰ) ਕਾਨੂੰਨ ਅਤੇ ਕੀ ਸਾਹਮਣੇ ਆਏ ਹਨ ਉਸਦੇ ਨਤੀਜੇ ?

ਦਿਲਚਸਪ ਗੱਲ ਇਹ ਹੈ ਕਿ ਇਹ ਕਾਲ਼ਾ ਕਾਨੂੰਨ ਵੀ ਸਾਡੀ ਹਾਕਮ ਜਮਾਤ ਨੂੰ ਫ਼ਿਰੰਗੀ ਹਕੂਮਤ ਤੋਂ ਵਿਰਾਸਤ 'ਚ ਮਿਲਿਆ ਹੈ। 1942 ਦੇ ਲੋਕ ਉਭਾਰ ਨੂੰ ਕੁਚਲਣ ਲਈ ਅੰਗਰੇਜ਼ਾਂ ਨੇ "ਹਥਿਆਰਬੰਦ ਬਲ (ਵਿਸ਼ੇਸ਼ ਅਧਿਕਾਰ) ਐਕਟ-1942" ਜਾਰੀ ਕੀਤਾ ਸੀ ਅਤੇ ਫਿਰ ਇਸਦਾ ਰੱਜ ਕੇ ਇਸਤੇਮਾਲ ਵੀ ਕੀਤਾ ਗਿਆ ਸੀ। ਹੂਬਹੂ ਇਸੇ ਦੇ ਸਾਂਚੇ 'ਚ ਢਾਲ਼ ਕੇ 1958 'ਚ ਭਾਰਤੀ ਸੰਸਦ ਵਿੱਚ ਇੱਕ ਬਿਲ ਉਸ ਸਮੇਂ ਦੇ ਗ੍ਰਹਿ ਮੰਤਰੀ ਗੋਵਿੰਦ ਵੱਲਭ ਪੰਤ ਰਾਹੀਂ ਪੇਸ਼ ਕੀਤਾ ਗਿਆ, ਜਿਹੜਾ ਪਾਸ ਹੋਣ ਮਗਰੋਂ 'ਹਥਿਆਰਬੰਦ ਬਲ (ਵਿਸ਼ੇਸ਼ ਅਧਿਕਾਰ) ਕਾਨੂੰਨ-1958' (ਏ. ਐਫ. ਐਸ. ਪੀ. ਏ.) ਬਣ ਗਿਆ।

1958 ਵਿੱਚ ਇਹ ਕਾਨੂੰਨ ਅਸਾਮ ਅਤੇ ਮਣੀਪੁਰ ਦੇ ਪੂਰਬੀ ਰਾਜਾਂ ਦੇ ਲਈ ਬਣਾਇਆ ਗਿਆ ਸੀ। 1972 'ਚ ਇਸੇ ਨੂੰ ਸੋਧ ਕੇ ਉੱਤਰ-ਪੂਰਬ ਦੇ ਸਾਰੇ ਰਾਜਾਂ-ਅਸਾਮ, ਮਣੀਪੁਰ, ਤ੍ਰਿਪੁਰਾ, ਮੇਘਾਲਿਆ, ਅਰੁਣਾਚਲ ਪ੍ਰਦੇਸ਼, ਮਿਜ਼ੋਰਮ ਅਤੇ ਨਗਾਲੈਂਡ 'ਚ ਲਾਗੂ ਕਰਨ ਦਾ ਐਲਾਨ ਕੀਤਾ ਗਿਆ। ਫਿਰ 1990 'ਚ ਇੱਕ ਸੋਧ ਮਗਰੋਂ ਇਸੇ ਨੂੰ ਜੰਮੂ-ਕਸ਼ਮੀਰ 'ਚ ਵੀ ਲਾਗੂ ਕਰ ਦਿੱਤਾ ਗਿਆ। ਇਨ੍ਹਾਂ ਇਲਾਕਿਆਂ ਬਾਰੇ ਵਿਸਥਾਰ ਚਰਚਾ ਇੱਥੇ ਸੰਭਵ ਨਹੀਂ ਹੈ। ਸੰਖੇਪ 'ਚ ਇਨ੍ਹਾਂ ਸਾਰੀਆਂ ਕੌਮਾਂ ਦੇ ਲੋਕ 1947 ਤੋਂ ਹੀ ਆਪਣੇ ਆਪ ਨੂੰ ਦਬਾਇਆ ਅਤੇ ਠੱਗਿਆ ਹੋਇਆ ਮਹਿਸੂਸ ਕਰਦੇ ਰਹੇ ਹਨ ਅਤੇ ਦਿੱਲੀ ਦੀ ਸੱਤਾ ਨੂੰ ਜ਼ਬਰਦਸਤੀ ਥੋਪੀ ਗਈ ਬਸਤੀਵਾਦੀ ਸੱਤਾ ਤੋਂ ਵੱਧ ਕੁੱਝ ਨਹੀਂ ਮੰਨਦੇ। ਜਿੱਥੋਂ ਤੱਕ ਉੱਤਰ-ਪੂਰਬ ਦੇ ਭੂ-ਰਾਜਨੀਤਕ ਇਤਿਹਾਸ ਦਾ ਸਵਾਲ ਹੈ, ਭਾਰਤੀ ਉਪ-ਮਹਾਂਦੀਪ ਦੇ ਸਾਮਰਾਜਾਂ ਦੇ ਉਤਰਾਅ-ਚੜ੍ਹਾਅ ਦੇ ਅਸਰ ਤੋਂ 19ਵੀਂ ਸਦੀ ਤੱਕ ਇਹ ਇਲਾਕਾ ਘੱਟ ਜਾਂ ਵੱਧ ਅਣਛੋਹਿਆ ਰਿਹਾ। ਇਸਦੀਆਂ ਰਾਜਨੀਤਕ-ਆਰਥਿਕ ਅਤੇ ਸਮਾਜਿਕ-ਸਭਿਆਚਾਰਕ ਬਣਤਰਾਂ ਦੱਖਣ-ਪੂਰਬ ਏਸ਼ੀਆ ਨਾਲ਼ ਜੁੜੀਆਂ ਰਹੀਆਂ ਸਨ। ਪਹਿਲੀ ਵਾਰ ਬਰਮਾ

ਦੇ ਵਿਸਥਾਰ ਨੂੰ ਰੋਕਣ ਲਈ ਫ਼ਿਰੰਗੀ ਬਸਤੀਵਾਦੀ ਅੱਜ ਦੇ ਮਣੀਪੁਰ ਅਤੇ ਅਸਾਮ 'ਚ ਦਾਖਲ ਹੋਏ। ਮਣੀਪੁਰ ਦੇ ਰਾਜੇ ਨਾਲ਼ 1828 'ਚ ਹੋਈ ਯਾਨਦਾਬੋ ਸੰਧੀ ਅਨੁਸਾਰ, ਅਸਾਮ ਫਿਰੰਗੀ ਭਾਰਤ ਦਾ ਅੰਗ ਹੋ ਗਿਆ, ਪਰ ਮਣੀਪੁਰ ਵਿੱਚ ਉੱਥੋਂ ਦੇ ਰਾਜੇ ਰਾਹੀਂ ਫ਼ਿਰੰਗੀ ਭਾਰਤ ਦਾ ਅਸਿੱਧਾ ਅਸਰ ਬਣਿਆ ਰਿਹਾ. ਦੂਜੀ ਸੰਸਾਰ ਜੰਗ ਦੌਰਨਾ ਉੱਤਰ-ਪੂਰਬ ਦੇ ਇਸੇ ਸੌੜੇ ਗਲਿਆਰੇ ਤੋਂ ਹੁੰਦੇ ਹੋਏ ਜਪਾਨੀ ਭਾਰਤੀ ਉਪ ਮਹਾਂਦੀਪ 'ਚ ਦਾਖਲ ਹੋਏ। ਇਸ ਘਟਨਾ ਨੇ ਭਾਰਤ ਦੇ ਫੌਜੀ ਅਤੇ ਭਵਿੱਖੀ ਹਾਕਮਾਂ ਨੂੰ ਇਸ ਇਲਾਕੇ ਦੇ ਯੁੱਧਨੀਤਕ ਮਹੱਤਵ ਦਾ ਅਹਿਸਾਸ ਕਰਾਇਆ।

1947 'ਚ ਫ਼ਿਰੰਗੀ ਹਾਕਮਾਂ ਨੇ ਭਾਰਤ ਛੱਡਣ ਮਗਰੋਂ, ਇਸ ਇਲਾਕੇ 'ਚ ਇੱਕ ਸਿਆਸੀ ਖਲਾਅ ਜਿਹਾ ਪੈਦਾ ਹੋ ਗਿਆ। ਇਥੋਂ ਦੇ ਲੋਕਾਂ ਦੀ ਹੋਣੀ ਦਾ ਫੈਸਲਾ ਉਹਨਾਂ ਦੀ ਰਾਏ ਲਏ ਬਿਨਾਂ ਦੁਰੇਡੀਆਂ ਰਾਜਧਾਨੀਆਂ ਵਿੱਚ ਹੋਇਆ ਅਤੇ ਇਸ ਪੂਰੇ ਇਲਾਕੇ ਦੇ ਵੱਖ-ਵੱਖ ਹਿੱਸੇ ਭਾਰਤ, ਬਰਮਾ, ਪੂਰਬੀ ਪਾਕਿਸਤਾਨ ਅਤੇ ਚੀਨ ਵਿੱਚ ਸ਼ਾਮਲ ਕਰ ਲਏ ਗਏ। 1947 'ਚ ਮਣੀਪੁਰ ਸੰਵਿਧਾਨ ਕਾਨੂੰਨ ਅਨੁਸਾਰ, ਮਣੀਪੁਰ 'ਚ ਸੰਵਿਧਾਨਕ ਰਾਜਤੰਤਰ ਦੀ ਸਥਾਪਨਾ ਹੋਈ ਅਤੇ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ। 1949 'ਚ ਭਾਰਤ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਵੀ. ਪੀ. ਮੈਨਨ ਨੇ ਰਾਜੇ ਨੂੰ ਕਾਨੂੰਨ-ਵਿਵਸਥਾ 'ਤੇ ਵਿਚਾਰ-ਵਟਾਂਦਰਾ ਕਰਨ ਲਈ ਸ਼ਿਲਾਂਗ ਬੁਲਾਇਆ ਅਤੇ ਮਗਰੋਂ ਉੱਥੇ ਜ਼ਬਰਦਸਤੀ ਸਮਝੌਤੇ 'ਤੇ ਦਸਤਖ਼ਤ ਕਰਾ ਲਏ। ਇਸ ਸਮਝੌਤੇ ਨੂੰ ਮਣੀਪੁਰ ਅਸੈਂਬਲੀ 'ਚ ਪਾਸ ਕਰਾਉਣ ਦੀ ਬਜਾਏ ਅਸੈਂਬਲੀ ਨੂੰ ਹੀ ਭੰਗ ਕਰਕੇ ਮਣੀਪੁਰ ਨੂੰ ਇੱਕ ਚੀਫ਼ ਕਮਿਸ਼ਨਰ ਦੇ ਰਾਜ ਅਧੀਨ ਕਰ ਦਿੱਤਾ ਗਿਆ। ਉਦੋਂ ਤੋਂ ਮਣੀਪੁਰ 'ਚ ਬਹੁਤ ਸਾਰੇ ਬਦਲਾਅ ਹੋਏ, ਪਰ ਲੋਕ 1949 ਦੀਆਂ ਘਟਨਾਵਾਂ ਨੂੰ ਵਿਸਾਹਘਾਤ ਮੰਨਦੇ ਰਹੇ ਅਤੇ ਟਾਕਰਾ ਘੋਲ਼ ਲਗਾਤਾਰ ਜਾਰੀ ਰਿਹਾ। ਫੌਜ ਅਤੇ ਏ. ਐਫ. ਐਸ. ਪੀ. ਏ. ਜਿਹੇ ਕਾਲ਼ੇ ਕਾਨੂੰਨਾਂ ਦੇ ਜ਼ੋਰ 'ਤੇ ਉਹਨਾਂ ਨੂੰ ਜਿੰਨਾ ਦਬਾਇਆ ਗਿਆ, ਅਲਗਾਓ ਅਤੇ ਟਾਕਰੇ ਦੀ ਭਾਵਨਾ ਓਨੀ ਹੀ ਵੱਧਦੀ ਚਲੀ ਗਈ।

ਭਾਰਤ-ਬਰਮਾ ਇਲਾਕੇ ਵਿੱਚ ਫੈਲੀਆਂ ਨਾਗਾ ਪਹਾੜੀਆਂ ਦੇ ਨਿਵਾਸੀ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਨਾਗਾ ਕੌਮੀ ਪਰਿਸ਼ਦ (ਐਨ. ਐਨ. ਸੀ.) ਦੇ ਬੈਨਰ ਹੇਠ ਸਾਂਝੀ ਮਾਤਭੂਮੀ ਅਤੇ ਖੁਦਮੁਖਤਿਆਰੀ ਦੀ ਮੰਗ ਨੂੰ ਲੈ ਕੇ ਲੜਦੇ ਰਹੇ ਹਨ। 1929 ਵਿੱਚ ਉਹਨਾਂ ਨੇ ਆਪਣੀ ਇਹ ਮੰਗ ਸਾਈਮਨ ਕਮਿਸ਼ਨ ਸਾਹਮਣੇ ਰੱਖੀ ਸੀ। ਗਾਂਧੀ ਨੇ ਵੀ ਉਹਨਾਂ ਦੀ ਅਜ਼ਾਦੀ ਦੀ ਮੰਗ ਦਾ ਸਮਰਥਨ ਕੀਤਾ ਸੀ। ਫ਼ਿਰੰਗੀ ਪ੍ਰਸ਼ਾਸਨ ਅਤੇ ਐਨ. ਐਨ. ਸੀ. ਦਰਮਿਆਨ ਹੋਏ ਹੈਦਰੀ ਸਮਝੌਤੇ ਮੁਤਾਬਿਕ ਨਾਗਾਲੈਂਡ ਨੂੰ ਦਸ ਸਾਲ ਲਈ ਰਾਖਵਾਂ ਦਰਜਾ ਪ੍ਰਦਾਨ ਕੀਤਾ ਗਿਆ ਸੀ, ਪਰ ਇਸੇ ਦਰਮਿਆਨ ਭਾਰਤ ਅਜ਼ਾਦ ਹੋਇਆ ਅਤੇ ਨਾਗਾ ਇਲਾਕੇ ਨੂੰ ਨਵੇਂ ਗਣਰਾਜ ਦਾ ਹਿੱਸਾ ਬਣਾ ਲਿਆ ਗਿਆ। ਐੱਨ. ਐੱਨ. ਸੀ. 1975 ਤੱਕ ਨਗਾਲੈਂਡ ਦੀ ਅਜ਼ਾਦੀ ਲਈ ਲੜਦਾ ਰਿਹਾ। 1975 ਵਿੱਚ ਉਸਨੇ ਜਦੋਂ ਸ਼ਿਲਾਂਗ ਸਮਝੌਤੇ 'ਤੇ ਦਸਤਖ਼ਤ ਕੀਤੇ, ਤਾਂ ਉਸਨੂੰ ਗੱਦਾਰ ਮੰਨਦੇ ਹੋਏ ਹੋਰ ਨਾਗਾ ਲੀਡਰਾਂ ਨੇ 'ਨੈਸ਼ਨਲ ਸੋਸ਼ਲਿਸਟ ਕੌਂਸਲ ਆਫ਼ ਨਾਗਾਲੈਂਡ' (ਐਨ. ਐਸ. ਸੀ. ਐਨ) ਦੇ ਬੈਨਰ ਹੇਠ ਘੋਲ਼ ਜਾਰੀ ਰੱਖਿਆ। ਇਹਨੀਂ ਦਿਨੀਂ ਐਨ. ਐੱਸ. ਸੀ. ਐਨ. ਦੇ ਦੋ ਗੁੱਟ ਹਨ ਜਿਹਨਾਂ ਨਾਲ਼ ਫਿਲਹਾਲ ਭਾਰਤ ਸਰਕਾਰ ਨੇ ਯੁੱਧ-ਵਿਰਾਮ ਸੰਧੀ ਕਰ ਰੱਖੀ ਹੈ।

1960 ਦੇ ਦਹਾਕੇ ਵਿੱਚ ਅਸਮਾ ਦੀਆਂ ਲੁਸ਼ਾਈ ਪਹਾੜੀਆਂ ਵਿੱਚ ਭਿਅੰਕਰ ਅਕਾਲ ਪਿਆ ਸੀ। ਉੱਥੇ ਬਣੀ ਇੱਕ ਰਾਹਤ ਟੀਮ ਰਾਹੀਂ ਵਾਰੀ-ਵਾਰੀ ਅਪੀਲ ਕਰਨ 'ਤੇ ਵੀ ਕੇਂਦਰ ਤੋਂ ਰਾਹਤ ਦੇ ਨਾਂ 'ਤ ਬਸ ਕੁੱਝ ਭੀਖ ਦੇ ਟੁਕੜੇ ਹੀ ਮਿਲੇ। ਇਸ ਰਾਹਤ ਟੀਮ ਨੇ ਖ਼ੁਦ ਨੂੰ 'ਮਿਜ਼ੋ ਕੌਮੀ ਮੋਰਚਾ' (ਐੱਮ. ਐਨ. ਐਫ) ਐਲਾਨ ਕਰ ਦਿੱਤਾ ਅਤੇ ਮਿਜ਼ੋਰਮ ਦੀ ਮੁਕਤੀ ਲਈ ਹਥਿਆਰਬੰਦ ਘੋਲ ਦਾ ਐਲਾਨ ਕਰ ਦਿੱਤਾ। ਫਰਵਰੀ 1966 ਵਿੱਚ ਐੱਮ. ਐੱਨ. ਐੱਫ ਨੇ ਆਇਜੋਲ ਸ਼ਹਿਰ 'ਤੇ ਕਬਜ਼ਾ ਕਰ ਲਿਆ ਸੀ। ਉਦੋਂ ਪਹਿਲੀ ਵਾਰ ਭਾਰਤੀ ਫ਼ੌਜ ਨੇ ਆਪਣੇ ਹੀ ਨਾਗਰਿਕਾਂ 'ਤੇ ਬੰਬਾਰੀ ਕੀਤੀ ਸੀ ਅਤੇ ਪੂਰੇ ਹਫ਼ਤੇ ਦੀ ਲੜਾਈ ਮਗਰੋਂ ਆਇਜੋਲ ਨੂੰ ਮੁੜ ਤੋਂ ਕਬਜ਼ੇ 'ਚ ਲਿਆ ਜਾ ਸਕਿਆ ਸੀ। ਭਾਰਤੀ ਫੌਜ ਨੇ ਲੋਕ ਵਿਦਰੋਹ ਨੂੰ ਕਾਬੂ ਵਿੱਚ ਰੱਖਣ ਲਈ ਪੂਰੀ ਅਬਾਦੀ ਨੂੰ ਉਜਾੜ ਕੇ ਸੜਕਾਂ ਕਿਨਾਰੇ ਵੱਖਰੇ ਪਿੰਡ ਵਸਾਏ। ਇਸ ਨਾਲ਼ ਮਿਜ਼ੋ ਸਮਾਜ ਦਾ ਢਾਂਚਾ ਹਮੇਸ਼ਾ ਵਾਸਤੇ ਤਬਾਹ ਹੋ ਗਿਆ। 1986 ਵਿੱਚ ਐਮ. ਐਨ. ਐੱਫ ਨੇ ਭਾਰਤ ਸਰਕਾਰ ਨਾਲ਼ ਸਮਝੌਤਾ ਕਰਕੇ ਭਾਰਤੀ ਸੰਵਿਧਾਨ ਦੇ ਦਾਇਰੇ 'ਚ ਕੰਮ ਕਰਨਾ ਮੰਨ ਲਿਆ, ਪਰ ਮਿਜ਼ੋ ਲੋਕਾਂ ਦਰਮਿਆਨ ਅਲਗਾਓ, ਦਿੱਲੀ ਦੀ ਸੱਤਾ ਨਾਲ਼ ਨਫ਼ਰਤ ਅਤੇ ਟਾਕਰੇ ਦੀ ਭਾਵਨਾ ਅੱਜ ਵੀ ਮੌਜੂਦ ਹੈ।

ਅੱਜ ਵੀ ਉੱਤਰ-ਪੂਰਬ ਦੇ ਲੋਕ ਭਾਰਤੀ ਸਮਾਜ ਦੇ ਪੂੰਜੀਵਾਦੀ ਵਿਕਾਸ ਦੀ ਮੁੱਖ ਧਾਰਾ ਤੋਂ ਆਪਣੇ ਆਪ ਨੂੰ ਅਣਗੌਲ਼ੇ, ਲਾਂਭੇ ਅਤੇ ਦੱਬੇ ਹੋਏ ਮਹਿਸੂਸ ਕਰਦੇ ਹਨ। ਇਸਦਾ ਇੱਕ ਇਤਿਹਾਸਕ ਕਾਰਣ ਭਾਰਤੀ ਸੰਘ ਵਿੱਚ ਉਹਨਾਂ ਦਾ ਜਬਰਦਸਤੀ ਮਿਲਾਇਆ ਜਾਣਾ ਸੀ, ਜਿਸ ਦੀ ਅਸੀਂ ਉੱਤੇ ਚਰਚਾ ਕੀਤੀ ਹੈ। ਪਰ ਇਸਦਾ ਅਹਿਮ ਕਾਰਨ ਪੂੰਜੀਵਾਦੀ ਰਾਜ ਅਤੇ ਸਮਾਜ ਨਾਲ਼ ਜੁੜਿਆ ਢਾਂਚਾਗਤ ਕਾਰਨ ਹੈ। ਪੂੰਜੀਵਾਦੀ ਵਿਕਾਸ ਦਾ ਇਹ ਸੁਭਾਅ ਹੈ, ਇਹ ਖੇਤਰੀ ਅਸਮਾਨਤਾ ਪੈਦਾ ਕਰਦਾ ਹੈ। ਇਸਦਾ ਇੱਕ ਪ੍ਰਗਟਾਵਾ ਕੁੱਝ ਅਣਗੌਲ਼ੀਆਂ ਕੌਮੀਅਤਾਂ ਦੇ ਆਰਿਥਕ ਰੂਪ 'ਚ ਪਿਛਾਂਹ ਰਹਿ ਜਾਣ ਅਤੇ ਸਿਆਸੀ-ਸਮਾਜਿਕ ਰੂਪ 'ਚ ਦੋਮ ਦਰਜੇ 'ਤੇ ਬਣੇ ਰਹਿਣ ਦੇ ਰੂਪ ਵਿੱਚ ਸਾਮ੍ਹਣੇ ਆਇਆ ਹੈ। ਕੇਂਦਰੀ ਸੱਤਾ ਜਾਂ ਗਾਲਬ ਕੌਮ ਆਮ ਤੌਰ 'ਤੇ ਉਹਨਾਂ ਦੀਆਂ ਅਕਾਖਿਆਵਾਂ ਨੂੰ ਕੁਚਲਣ ਦਾ ਕੰਮ ਕਰਦੀ ਹੈ ਅਤੇ ਇਸ ਤਰ੍ਹਾਂ ਆਮ ਤੌਰ 'ਤੇ ਬਹੁ ਕੌਮੀ ਪੂੰਜੀਵਾਦੀ ਦੇਸ਼ ਕੁੱਝ ਕੌਮਾਂ ਲਈ ਜੇਲ੍ਹ ਬਣ ਕੇ ਰਹਿ ਜਾਂਦੇ ਹਨ।

ਉੱਤਰ-ਪੂਰਬੀ ਰਾਜਾਂ ਦੇ ਲੋਕਾਂ ਨਾਲ਼ ਅਜਿਹਾ ਹੀ ਹੋਇਆ। ਅਮੀਰ ਖਣਿਜ ਸੰਪਤੀ (ਅਸਾਮ ਕੁਲ ਦੇਸ਼ ਦੇ ਇੱਕ ਚੌਥਾਈ ਤੇਲ ਦੀ ਪੈਦਾਵਾਰ ਕਰਦਾ ਹੈ) ਅਤੇ ਉਪਜ ਦੇ ਬਾਵਜੂਦ ਉਸ ਇਲਾਕੇ ਦੇ ਵਿਕਾਸ 'ਤੇ ਬਹੁਤ ਘੱਟ ਧਿਆਨ ਦਿੱਤਾ ਗਿਆ। ਕਾਫ਼ੀ ਸੰਭਾਵਨਾ ਹੁੰਦੇ ਹੋਏ ਵੀ, ਨਾ ਸਨਅਤੀ ਵਿਕਾਸ ਹੋਇਆ, ਨਾ ਖੇਤੀ ਦਾ ਅਤੇ ਨਾ ਹੀ ਆਲ-ਜੰਜਾਲ ਦਾ ਵਿਕਾਸ ਹੋਇਆ।

ਸਿਰਫ਼ ਕੱਚੇ ਮਾਲ ਦੀ ਲੁੱਟ ਹੁੰਦੀ ਰਹੀ। ਸੱਭਿਆਚਾਰਕ ਅਲਗਾਓ ਅਤੇ ਦਾਬੇ ਦਾ ਵੀ ਪਹਿਲੂ ਮਹਤੱਵਪੂਰਨ ਹੈ। ਇਸੇ ਦੌਰਾਨ ਇਸ ਇਲਾਕੇ 'ਚ ਇੱਕ ਬੇਹੱਦ ਭ੍ਰਿਸ਼ਟ ਮੱਧਵਰਗ ਪੈਦਾ ਹੋਇਆ ਜਿਹੜਾ ਰਾਜ ਤੇ ਪ੍ਰਸ਼ਾਸਨ ਦੇ ਕੰਮਾਂ ਨਾਲ਼ ਜੁੜਿਆ ਸੀ। ਮਗਰੋਂ ਕੇਂਦਰ ਦੀ ਸੱਤਾ ਨੇ ਵਿਕਾਸ ਕਾਰਜਾਂ ਲਈ ਕੁੱਝ ਪੈਸੇ ਲਾ ਕੇ ਲੋਕਾਂ ਨੂੰ ਵਰਾਉਣ ਦੀਆਂ ਜੇਕਰ ਕੁੱਝ ਕੋਸ਼ਿਸ਼ਾਂ ਵੀ ਕੀਤੀਆਂ ਤਾਂ ਇਹ ਪੈਸਾ ਸੱਤਾ ਨਾਲ਼ ਘਿਓ-ਖਿਚੜੀ ਭ੍ਰਿਸ਼ਟ ਸਥਾਨਕ ਮੱਧਵਰਗ ਦੀਆਂ ਜੇਬਾਂ ਵਿੱਚ ਅਟਕ ਕੇ ਰਹਿ ਜਾਂਦਾ ਸੀ (ਅੱਜ ਵੀ ਇਹੀ ਹਾਲਤ ਹੈ)। ਪੂੰਜੀਵਾਦੀ ਵਿਕਾਸ ਨਾਲ਼ ਦੇਸ਼ ਵਿਆਪੀ ਪੱਧਰ 'ਤੇ ਹੋਣ ਵਾਲ਼ੀ ਅਬਾਦੀ ਦੀ ਮਾਈਗ੍ਰੇਸ਼ਨ (ਪ੍ਰਵਾਸ) ਨੇ ਸਮੱਸਿਆ ਵਧਾਈ। ਅਸਾਮ ਵਿੱਚ ਨੌਜਵਾਨਾਂ ਵਿੱਚ ਭਿਅੰਕਰ ਬੇਰੁਜ਼ਗਾਰੀ ਸੀ, ਪਰ ਉੱਥੇ ਬਿਹਾਰ-ਉੱਤਰ-ਪ੍ਰਦੇਸ਼ ਅਤੇ ਬੰਗਲਾਦੇਸ਼ ਤੋਂ ਆਏ ਗਰੀਬ ਲੋਕ ਸਸਤੀ ਮਜ਼ਦੂਰੀ ਕਰਦੇ ਹੋਏ ਉਹਨਾਂ ਦੇ ਸਾਮ੍ਹਣੇ ਮੌਜੂਦ ਸਮੱਸਿਆ ਨੂੰ ਹੋਰ ਗੰਭੀਰ ਬਣਾ ਰਹੇ ਸਨ। ਅਸਾਮ ਅੰਦੋਲਨ ਇਸੇ ਜ਼ਮੀਨ 'ਤੇ ਪੈਦਾ ਹੋਇਆ ਸੀ। ਮਗਰੋਂ ਅਸਾਮ ਗਣ ਪ੍ਰੀਸ਼ਦ ਜਦੋਂ ਭ੍ਰਿਸ਼ਟ ਵੋਟ ਰਾਜਨੀਤੀ ਦੇ ਰੰਗ ਵਿੱਚ ਰੰਗੀ ਗਈ, ਤਾਂ ਉਲਫ਼ਾ ਨੇ ਉੱਗਰ ਅਸਤੁੰਸ਼ਟੀ ਨੂੰ ਅਲਿਹਦਗੀ ਲਈ ਹਥਿਆਰਬੰਦ ਘੋਲ਼ ਦਾ ਰੂਪ ਦੇ ਦਿੱਤਾ। ਬੇਰੁਜ਼ਗਾਰੀ, ਪ੍ਰਵਾਸ ਅਤੇ ਖੇਤਰੀ ਅਸਮਾਨਤਾ ਦੀ ਬੁਨਿਆਦੀ ਵਜ੍ਹਾ ਪੂੰਜੀਵਾਦੀ ਸੱਤ੍ਹਾ ਅਤੇ ਉਸਦੀਆਂ ਨੀਤੀਆਂ ਹੁੰਦੀਆਂ ਹਨ, ਪਰ 'ਉਲਫ਼ਾ' ਨੇ ਇਸ ਦੇ ਬਜਾਏ ਹੋਰਨਾਂ ਇਲਾਕਿਆਂ ਤੋਂ ਆ ਕੇ ਮਿਹਨਤ-ਮਜ਼ਦੂਰੀ ਕਰਨ ਵਾਲ਼ੇ ਆਮ ਲੋਕਾਂ ਨੂੰ ਹੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਉਦੇਸ਼ ਤੋਂ ਭਟਕ ਕੇ ਇੱਕ ਦਹਿਸ਼ਤਗਰਦ ਜਥੇਬੰਦੀ ਬਣ ਗਈ। ਇਸ ਦੌਰਾਨ ਉੱਤਰ-ਪੂਰਬੀ ਨਾਗਾ, ਕੁਕੀ, ਮੈਤੀ ਆਦਿ ਵੱਖ ਵੱਖ ਕੌਮਾਂ-ਕੌਮੀਅਤਾਂ ਦੀਆਂ ਆਪਸੀ ਵਿਰੋਧਤਾਈਆਂ ਵੀ ਤਿੱਖੀਆਂ ਹੋ ਗਈਆਂ। ਜਦੋਂ ਬੁਨਿਆਦੀ ਸਮੱਸਿਆ ਦਾ ਹੱਲ ਨਹੀਂ ਹੁੰਦਾ, ਤਾਂ ਲਾਜ਼ਮੀ ਤੌਰ 'ਤੇ ਸਾਰੀਆਂ ਦੋਮ ਦਰਜੇ ਦੀਆਂ ਵਿਰੋਧਤਾਈਆਂ ਵੀ ਤਿੱਖੀਆਂ ਹੋ ਜਾਂਦੀਆਂ ਹਨ। ਕੇਂਦਰੀ ਸੱਤ੍ਹਾ ਨੇ ਵੀ ਇਨ੍ਹਾਂ ਵਿਰੋਧਤਾਈਆਂ ਨੂੰ ਤਿੱਖੇ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਪਰ ਇਸ ਸਭ ਦਰਮਿਆਨ, ਸਭ ਤੋਂ ਮੁੱਖ ਗੱਲ ਇਹ ਹੈ ਕਿ ਉੱਤਰ-ਪੂਰਬ ਦੇ ਲੋਕਾਂ ਦਾ ਅਲਗਾਓ ਅੱਜ ਵੀ ਕਾਇਮ ਹੈ। ਭਾਰਤੀ ਹੁਕਮਰਾਨ ਜਮਾਤ ਦੇ ਜਾਬਰ ਰਵੱਈਏ ਨੇ ਆਜ਼ਾਦੀ ਅਤੇ ਸਵੈ-ਨਿਰਣੇ ਦੀ ਉਹਨਾਂ ਦੀ ਅਕਾਖਿਆਂ ਨੂੰ ਲਗਾਤਾਰ ਜੀਵਤ ਰੱਖਿਆ ਹੈ। ਅੱਜ ਵੀ ਦੁਨੀਆਂ ਵਿੱਚ, ਇੱਕ ਤਾਕਤਵਾਰ ਪੂੰਜੀਵਾਦੀ ਕੇਂਦਰ ਤੋਂ ਜੇਕਰ ਉਹ ਮੁਕਤ ਨਾ ਹੋ ਸਕੇ ਤਾਂ ਵੀ ਉਹਨਾਂ ਦਾ ਘੋਲ਼ ਜਾਰੀ ਰਹੇਗਾ। ਉਹਨਾਂ ਨੂੰ ਕੁਚਲਣਾ ਸੰਭਵ ਨਹੀਂ।

ਜੰਮੂ-ਕਸ਼ਮੀਰ ਵਿੱਚ ਏ. ਐਫ. ਐਸ. ਪੀ. ਏ. 1990 ਵਿੱਚ ਲਾਗੂ ਹੋਇਆ। ਇੱਥੇ ਸੰਖੇਪ ਵਿੱਚ ਉੱਥੋਂ ਦੀ ਹਾਲਤ ਨੂੰ ਵੀ ਜਾਣਨਾ ਜ਼ਰੂਰੀ ਹੈ। ਬਸਤੀਵਾਦੀ ਦੌਰ 'ਚ ਕਸ਼ਮੀਰ ਡੋਗਰਾ ਵੰਸ਼ ਦੇ ਰਾਜ ਅਧੀਨ ਇੱਕ ਰਿਆਸਤ ਸੀ। ਸ਼ੇਖ ਅਬਦੁੱਲਾ ਦੀ ਅਗਵਾਈ ਵਿੱਚ ਨੈਸ਼ਨਲ ਕਾਨਫਰੰਸ ਨੇ ਇੱਥੇ ਬਸਤੀਵਾਦੀ ਸਰਪ੍ਰਸਤੀ ਵਾਲ਼ੇ ਡੋਗਰਾ ਰਾਜ ਖ਼ਿਲਾਫ਼ ਅਤੇ ਭੂਮੀ ਸੁਧਾਰਾਂ ਲਈ ਰੈਡੀਕਲ ਕਿਸਾਨ ਘੋਲ਼ ਅਤੇ ਲੋਕ ਲਹਿਰ ਜਥੇਬੰਦ ਕੀਤੀ ਸੀ। ਸੈਕੂਲਰ ਵਿਚਾਰਾਂ ਵਾਲ਼ੀ ਨੈਸ਼ਨਲ ਕਾਨਫਰੰਸ ਉੱਦੋਂ ਮੁਸਲਿਮ ਲੀਗ ਦੀ ਫਿਰਕਾਪ੍ਰਸਤ ਰਾਜਨੀਤੀ ਦੇ ਖ਼ਿਲਾਫ਼ ਸੀ ਅਤੇ ਇਸੇ ਨਾਤੇ ਉਹ ਪਾਕਿਸਤਾਨ ਵਿੱਚ ਕਸ਼ਮੀਰ ਦੇ ਸ਼ਾਮਲ ਹੋਣ ਦੇ ਵੀ ਖ਼ਿਲਾਫ਼ ਸੀ। ਡੋਗਰਾ ਰਾਜਾ ਹਰੀ ਸਿੰਘ ਉਦੋਂ ਦੋਹਰੀ ਚਾਲ ਚੱਲ ਰਿਹਾ ਸੀ ਅਤੇ ਇੱਕ ਅਜ਼ਾਦ ਰਿਆਸਤ ਦਾ ਰਾਜਾ ਬਣਨਾ ਚਾਹੁੰਦਾ ਸੀ। ਨੈਸ਼ਨਲ ਕਾਨਫਰੰਸ ਦਾ ਝੁਕਾਅ ਭਾਰਤੀ ਸੰਘ ਵਿੱਚ ਸ਼ਾਮਲ ਹੋਣ ਵੱਲ ਸੀ, ਪਰ ਉਹ ਕਸ਼ਮੀਰੀ ਲੋਕਾਂ ਦੇ ਸਵੈ-ਨਿਰਣੇ ਦੇ ਹੱਕ ਦੀ ਹਾਮੀ ਸੀ ਅਤੇ ਕਸ਼ਮੀਰ ਅੰਦਰ ਖ਼ੁਦਮੁਖਤਿਆਰੀ ਦਾ ਵਿਸ਼ੇਸ਼ ਹੱਕ ਚਾਹੁੰਦੀ ਸੀ। ਅਕਤੂਬਰ 1947 ਵਿੱਚ ਪਾਕਿਸਤਾਨੀ ਕਬਾਇਲੀ ਘੁਸਪੈਠ ਖ਼ਿਲਾਫ਼ ਰਾਜੇ ਹਰੀ ਸਿੰਘ ਨੇ ਭਾਰਤ ਦੇ ਉਸ ਸਮੇਂ ਦੇ ਗਵਰਨਰ ਜਨਰਲ ਲਾਰਡ ਮਾਊਂਟਬੇਟਨ ਦੀ ਸਹਾਇਤਾ ਦੀ ਅਪੀਲ ਕੀਤੀ। ਬਦਲੇ ਵਿੱਚ 26 ਅਕਤੂਬਰ 1947 ਨੂੰ ਉਸਨੇ ਭਾਰਤ ਵਿੱਚ ਸ਼ਾਮਲ ਹੋਣ ਦੇ ਸਮਝੌਤੇ 'ਤੇ ਦਸਤਖ਼ਤ ਕੀਤੇ। ਉਸਦਾ ਵੱਖਰਾ ਸੰਵਿਧਾਨ ਸੀ, ਜਿਸ ਦੇ ਤਹਿਤ 30 ਅਕਤੂਬਰ 1948 ਨੂੰ ਬਣੀ ਐਮਰਜੈਂਸੀ ਸਰਕਾਰ ਵਿੱਚ ਵਜ਼ੀਰ-ਏ-ਆਜ਼ਮ (ਪ੍ਰਧਾਨ-ਮੰਤਰੀ) ਸ਼ੇਖ ਅਬਦੁੱਲਾ ਨੂੰ ਬਣਾਇਆ ਗਿਆ ਅਤੇ ਰਾਜੇ ਨੂੰ ਸਦਰ-ਏ-ਰਿਆਸਤ ਦਾ ਅਹੁਦਾ ਦਿੱਤਾ ਗਿਆ। ਭਾਰਤ ਸਰਕਾਰ ਨੇ ਨਾ ਕੇਵਲ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਪ੍ਰਵਾਨ ਕੀਤਾ ਸੀ ਸਗੋਂ ਸਥਿਤੀ ਆਮ ਹੋਣ 'ਤੇ ਜਨਮਤ ਸੰਗ੍ਰਹਿ ਜ਼ਰੀਏ ਕਸ਼ਮੀਰੀ ਲੋਕਾਂ ਦੇ ਸਵੈ-ਨਿਰਣੇ ਦੇ ਹੱਕ ਨੂੰ ਲਾਗੂ ਕਰਨ ਦੀ ਗੱਲ ਵੀ ਕੀਤੀ ਸੀ। ਸ਼ੇਖ ਅਬਦੁੱਲਾ ਨੇ ਜੰਮੂ-ਕਸ਼ਮੀਰ ਵਿੱਚ ਸੱਭ ਤੋਂ ਵੱਧ ਰੈਡੀਕਲ ਢੰਗ ਨਾਲ਼ ਜ਼ਰਈ ਸੁਧਾਰ ਪ੍ਰੋਗਰਾਮ ਲਾਗੂ ਕਰਕੇ ਕਾਫ਼ੀ ਲੋਕਪ੍ਰਿਯਤਾ ਹਾਸਲ ਕੀਤੀ ਸੀ। ਪਰ ਖ਼ੁਦਮੁਖਤਿਆਰੀ ਦੇ ਸਵਾਲ 'ਤੇ ਸਪਸ਼ੱਟ ਸਟੈਂਡ ਨਾ ਹੋਣ ਕਾਰਨ 1953 ਵਿੱਚ ਉਹਨਾਂ ਦੀ ਸਰਕਾਰ ਨੂੰ ਬਰਖਾਸਤ ਕਰਕੇ ਗਿਆਰ੍ਹਾਂ ਸਾਲ ਲਈ ਉਹਨਾਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। 1957 ਵਿੱਚ ਇਕਦਮ ਇੱਕੱਤਰਫਾ ਢੰਗ ਨਾਲ਼ ਕਸ਼ਮੀਰ ਦੇ ਭਾਰਤ ਵਿੱਚ ਰਸਮੀ ਤੌਰ 'ਤੇ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਗਿਆ। ਅਪ੍ਰੈਲ 1964 ਵਿੱਚ ਨਹਿਰੂ ਨਾਲ਼ ਗੱਲਬਾਤ ਮਗਰੋਂ ਟਾਕਰਾ ਤੋੜਨ ਲਈ ਇੱਕ ਵਾਰੀ ਫਿਰ ਕੋਸ਼ਿਸ਼ ਹੋਈ ਅਤੇ ਸ਼ੇਖ ਅਬਦੁੱਲਾ ਦੀ ਰਿਹਾਈ ਹੋਈ। ਪਰ 1965 ਵਿੱਚ ਫਿਰ ਉਹਨਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ, ਜਿਹੜਾ 1968 ਤੱਕ ਜਾਰੀ ਰਿਹਾ। 1971 ਵਿੱਚ ਮੋਰਚੇ 'ਤੇ ਰੋਕ ਲਾ ਦਿੱਤੀ ਗਈ ਅਤੇ 18 ਮਹੀਨੇ ਲਈ ਸ਼ੇਖ ਅਬਦੁੱਲਾ ਨੂੰ ਕਸ਼ਮੀਰ ਤੋਂ ਬਾਹਰ ਕੱਢ ਦਿੱਤਾ ਗਿਆ। 1974 ਵਿੱਚ ਇੰਦਰਾ ਗਾਂਧੀ ਨਾਲ਼ ਸਮਝੌਤੇ ਮਗਰੋਂ ਸ਼ੇਖ ਅਬਦੁੱਲਾ ਆਪਣੀਆਂ ਸਾਰੀਆਂ ਮੰਗਾਂ ਤੋਂ ਪਿੱਛੇ ਹਟ ਗਿਆ। ਉਹ ਉਦੋਂ ਤੋਂ ਲੈ ਕੇ 1982 ਵਿੱਚ ਆਪਣੀ ਮੌਤ ਤੱਕ ਕਸ਼ਮੀਰ ਦਾ ਮੁੱਖ ਮੰਤਰੀ ਰਿਹਾ।

ਕਸ਼ਮੀਰ ਦੇ ਲੋਕਾਂ ਨੇ 1948 ਤੋਂ ਲੈ ਕੇ 1957 ਵਿੱਚ ਕਸ਼ਮੀਰ ਦੇ ਇੱਕਤਰਫ਼ਾ ਢੰਗ ਨਾਲ਼ ਭਾਰਤ ਵਿੱਚ ਸ਼ਾਮਲ ਹੋਣ ਦੇ ਐਲਾਨ ਅਤੇ 1953 ਤੋਂ ਲੈ ਕੇ 1971 ਤੱਕ ਸ਼ੇਖ ਅਬਦੁੱਲਾ ਨਾਲ਼ ਵਿਵਹਾਰ ਨੂੰ ਆਪਣੇ ਨਾਲ਼ ਵਿਸਾਹਘਾਤ ਦੇ ਰੂਪ ਵਿੱਚ

ਦੇਖਿਆ। 1982 ਮਗਰੋਂ ਕਸ਼ਮੀਰੀ ਲੋਕਾਂ ਦਾ ਪਹਿਲਾਂ ਤੋਂ ਹੀ ਕਾਇਮ ਅਲਗਾਓ ਹੋਰ ਤੇਜ਼ੀ ਨਾਲ਼ ਵਧਿਆ ਅਤੇ 1980 ਦੇ ਦਹਾਕੇ ਦੇ ਮਗਰਲੇ ਅੱਧ ਵਿੱਚ ਜੇ. ਕੇ. ਐਲ. ਐਫ. ਦੀ ਅਗਵਾਈ ਵਿੱਚ ਕਸ਼ਮੀਰ ਦੀ ਅਜ਼ਾਦੀ ਲਈ ਹਥਿਆਰਬੰਦ ਘੋਲ਼ ਫੁੱਟ ਪਿਆ। ਜੇ. ਕੇ. ਐਲ. ਐਫ. ਭਾਰਤੀ ਭਾਗ ਤੋਂ ਇਲਾਵਾ ਪਾਕਿਸਤਾਨ ਅਧਿਕਾਰ ਹੇਠਲੇ ਕਸ਼ਮੀਰ ਵਿੱਚ ਵੀ ਸਰਗਰਮ ਵੱਡੇ ਲੋਕ ਅਧਾਰ ਅਤੇ ਸੈਕੂਲਰ ਵਿਚਾਰਾਂ ਵਾਲ਼ੀ ਜਥੇਬੰਦੀ ਸੀ, ਜਿਸ ਨੂੰ ਦੋਨਾਂ ਹੀ ਦੇਸ਼ਾਂ ਵਿੱਚ ਜ਼ਬਰ ਦਾ ਸਾਹਮਣਾ ਕਰਨਾ ਪਿਆ। ਘਾਟੀ ਵਿੱਚ ਹਥਿਆਰਬੰਦ ਘੋਲ਼ ਨਾਲ਼ ਹੀ ਵੱਡੀ ਲੋਕ ਲਹਿਰ ਦੀ ਹਾਲਤ ਸੀ, ਜਿਸ ਨੂੰ ਭਾਰਤੀ ਹਾਕਮ ਜਮਾਤ ਨੇ ਬਲ ਦੇ ਵੱਡੀ ਪੱਧਰ 'ਤੇ ਅਤੇ ਬਰਬਰ ਇਸਤੇਮਾਲ ਰਾਹੀਂ ਕੁਚਲਣ ਦੀ ਕੋਸ਼ਿਸ਼ ਕੀਤੀ। 1990 ਵਿੱਚ ਉੱਥੇ ਏ. ਐਫ. ਐਸ. ਪੀ. ਏ. ਲਾਗੂ ਹੋਣ ਮਗਰੋਂ ਫੌਜ ਨੂੰ ਜ਼ਬਰ ਦੇ ਬੇਅੰਤ ਅਧਿਕਾਰ ਮਿਲ ਗਏ। ਅਜਿਹੀ ਹਾਲਤ ਵਿੱਚ ਕਸ਼ਮੀਰੀ ਲੋਕਾਂ 'ਚ ਅਲਗਾਓ ਦੀ ਭਾਵਨਾ ਵੱਧ ਤੋਂ ਵੱਧ ਮਜ਼ਬੂਤ ਹੁੰਦੀ ਚਲੀ ਗਈ। ਜੇ. ਕੇ. ਐਲ. ਐਫ. ਅਤੇ ਲੋਕ ਲਹਿਰ ਦੇ ਫੌਜੀ ਜ਼ਬਰ ਤੋਂ ਪੈਦਾ ਹੋਈ ਨਿਰਾਸ਼ਾ ਅਤੇ ਉਪਾਅਹੀਣਤਾ ਦੀ ਜ਼ਮੀਨ 'ਤੇ ਉਹਨਾਂ ਧਾਰਮਿਕ ਕੱਟੜਪੰਥੀ ਦਹਿਸ਼ਤਗਰਦ ਜੱਥੇਬੰਦੀਆਂ ਨੂੰ ਵੀ ਜੜ੍ਹਾਂ ਜਮਾਉਣ ਦਾ ਮੌਕਾ ਮਿਲਿਆ, ਜਿਹਨਾਂ ਨੂੰ ਪਾਕਿਸਤਾਨੀ ਹਾਕਮ ਜਮਾਤ ਆਪਣੇ ਹਿੱਤਾਂ, ਸਵਾਰਥਾਂ ਕਾਰਨ ਹਮਾਇਤ ਅਤੇ ਹੱਲਾਸ਼ੇਰੀ ਦੇ ਰਹੀ ਸੀ। ਇਹ ਗਰੁੱਪ ਧਾਰਿਮਕ ਅਧਾਰ 'ਤੇ ਕਸ਼ਮੀਰ ਦੇ ਪਾਕਿਸਤਾਨ ਵਿੱਚ ਸ਼ਾਮਿਲ ਹੋਣ ਦੀ ਗੱਲ ਕਰਦੇ ਹਨ। ਕਸ਼ਮੀਰ ਵਿੱਚ ਫ਼ਿਰਕਾਪ੍ਰਸਤ ਰਾਜਨੀਤੀ ਦਾ ਇਤਿਹਾਸਕ ਤੌਰ 'ਤੇ ਕੋਈ ਅਧਾਰ ਨਹੀਂ ਰਿਹਾ ਹੈ। ਭਾਰਤੀ ਫੌਜ ਦੇ ਜ਼ਬਰ ਤੋਂ ਪੈਦਾ ਹੋਏ ਨਿਰਾਸ਼ਾਪੂਰਣ ਅਲਗਾਓ ਨੇ ਉੱਥੇ ਧਾਰਮਿਕ ਕੱਟੜਪੰਥੀ ਲਈ ਜ਼ਮੀਨ ਤਿਆਰ ਕੀਤੀ ਹੈ।

ਭਾਰਤ 'ਚ ਇਨ੍ਹਾਂ ਕੌਮਾਂ ਦੇ ਸੰਘਰਸ਼ਾਂ ਦੀ ਸਮੱਸਿਆ ਇੱਕ ਗੁੰਝਲ਼ਦਾਰ ਸੱਮਸਿਆ ਹੈ। ਪੂੰਜੀਵਾਦੀ ਢਾਂਚੇ ਅੰਦਰ ਇਸਦਾ ਹੱਲ ਮੁਸ਼ਕਿਲ ਹੈ। ਕੌਮਾਂ ਦੇ ਸਵੈ-ਨਿਰਣੇ ਦੇ ਹੱਕ ਦੀ ਇਹ ਲੜਾਈ ਫੌਜੀ ਜ਼ਬਰ ਨਾਲ਼ ਖ਼ਤਮ ਨਹੀਂ ਹੋ ਸਕਦੀ। ਉੱਤਰ-ਪੂਰਬੀ ਭਾਰਤ ਵਿੱਚ 51 ਸਾਲਾਂ ਤੋਂ ਅਤੇ ਜੰਮੂ-ਕਸ਼ਮੀਰ ਵਿੱਚ 19 ਸਾਲਾਂ ਤੋਂ ਏ. ਐਫ. ਐਸ. ਪੀ. ਏ. ਦੇ ਤਹਿਤ ਅਸਲ ਵਿੱਚ ਫੌਜ ਦਾ ਰਾਜ ਜਾਰੀ ਹੈ, ਪਰ ਇਸ ਨਾਲ਼ ਸਮੱਸਿਆ ਹੱਲ ਹੋਣ ਦੀ ਬਜਾਏ ਹੋਰ ਵੱਧ ਗੰਭੀਰ ਹੀ ਹੋਈ ਹੈ। ਹੁਣ ਜੇਕਰ ਹਾਕਮ ਜਮਾਤ ਕਿਸੇ ਵੀ ਰੂਪ ਵਿੱਚ ਇਸ ਕਾਨੂੰਨ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨਾ ਚਾਹੁੰਦੀ ਹੈ ਤਾਂ ਜ਼ਾਹਿਰ ਹੈ ਕਿ ਢਾਂਚੇ ਦਾ ਸੰਕਟ ਕਾਫ਼ੀ ਗੰਭੀਰ ਸ਼ਕਲ ਅਖ਼ਤਿਆਰ ਕਰ ਚੁੱਕਿਆ ਹੈ।

ਏ. ਐੱਫ. ਸੀ. ਪੀ. ਏ. ਨੰਗੇ ਆਪਹੁਦਰੇ ਜ਼ਬਰ ਦਾ ਸਭ ਤੋਂ ਅਸਰਦਾਰ ਹਥਿਆਰ

ਹਥਿਆਰਬੰਦ ਬਲ (ਵਿਸ਼ੇਸ਼ ਅਧਿਕਾਰ) ਕਾਨੂੰਨ ਮੁਤਾਬਿਕ, ਜਦੋਂ ਕੋਈ ਇਲਾਕਾ ਅਸ਼ਾਂਤ (ਡਿਸਟਰਬਡ) ਐਲਾਨਿਆ ਜਾਂਦਾ ਹੈ, ਤਾਂ ਉੱਥੇ ਇੱਕ ਦਮ ਬੇ-ਰੋਕ-ਟੋਕ ਕਾਰਵਾਈ ਚਲਾਉਣ ਲਈ ਸਾਰੇ ਸੁਰੱਖਆ ਬਲਾਂ ਨੂੰ (ਜਿਸ 'ਚ ਫ਼ੌਜ ਦੀ ਭੂਮਿਕਾ ਸਭ ਤੋਂ ਮੁੱਖ ਹੈ), ਬੇਹਿਸਾਬ ਹੱਕ ਹਾਸਲ ਹੋ ਜਾਂਦੇ ਹਨ। ਇਸ ਅਨੁਸਾਰ, ਫੌਜ ਦੇ ਇੱਕ ਨਾਨ-ਕਮਿਸ਼ਨਡ ਅਫ਼ਸਰ ਨੂੰ ਇਹ ਹੱਕ ਵੀ ਹੁੰਦਾ ਹੈ ਕਿ ਉਹ "ਕਾਨੂੰਨ ਵਿਵਸਥਾ ਕਾਇਮ ਰੱਖਣ ਲਈ" ਮਹਿਜ ਸ਼ੱਕ ਦੇ ਅਧਾਰ 'ਤੇ ਕਿਸੇ ਨੂੰ ਵੀ ਗੋਲੀ ਮਾਰ ਦੇਣ ਦਾ ਨਿਰਦੇਸ਼ ਦੇ ਦੇਵੇ। ਏ. ਐਫ. ਸੀ. ਪੀ. ਏ. "ਨਾਗਰਿਕ ਸ਼ਾਸਨ ਦੀ ਮਦਦ" ਦੇ ਨਾਂ 'ਤੇ ਹਥਿਆਰਬੰਦ ਬਲਾਂ ਨੂੰ ਬਿਨਾਂ ਕਿਸੇ ਵਾਰੰਟ ਦੇ ਤਲਾਸ਼ੀ, ਪੁੱਛਗਿੱਛ, ਗ੍ਰਿਫ਼ਤਾਰੀ ਅਤੇ ਗੋਲ਼ੀ ਮਾਰ ਦੇਣ ਤੱਕ ਦੇ ਹੱਕ ਦਿੰਦਾ ਹੈ।

ਇਸ ਕਾਨੂੰਨ ਦੀ ਧਾਰਾ-5 ਅਨੁਸਾਰ, ਫੌਜ ਜੇਕਰ ਅਸ਼ਾਂਤ ਇਲਾਕੇ ਵਿੱਚ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਦੀ ਹੈ ਉਸਨੂੰ "ਜਿੰਨੀ ਜਲਦੀ ਹੋ ਸਕੇ" ਨੇੜਲੇ ਪੁਲਿਸ ਸਟੇਸ਼ਨ ਨੂੰ ਸੌਂਪ ਦੇਵੇਗੀ। ਪਰ ਇਸ "ਜਿੰਨੀ ਜਲਦੀ ਹੋ ਸਕੇ" ਨੂੰ ਅਸਪਸ਼ਟ ਅਤੇ ਅਪਰਿਭਾਸ਼ਿਤ ਰਹਿਣ ਦਿੱਤਾ ਗਿਆ ਹੈ।

ਕਾਨੂੰਨ ਦੀ ਧਾਰਾ-6 ਅਨੁਸਾਰ, ਏ. ਐਫ. ਸੀ. ਪੀ. ਏ. ਤਹਿਤ ਕੰਮ ਕਰ ਰਹੀ ਫੌਜ ਦੇ ਕਿਸੇ ਵੀ ਵਿਅਕਤੀ 'ਤੇ ਕੇਂਦਰ ਸਰਕਾਰ ਦੀ ਆਗਿਆ ਬਿਨਾਂ ਕੋਈ ਕਾਨੂੰਨੀ ਕਾਰਵਾਈ ਨਹੀਂ ਹੋ ਸਕਦੀ। ਮਤਲਬ ਉਹ ਕਾਨੂੰਨ ਕਿਸੇ ਵੀ ਪ੍ਰਭਾਵਿਤ ਵਿਅਕਤੀ ਨੂੰ ਕਾਨੂੰਨੀ ਰਾਹਤ ਦਾ ਕੋਈ ਬਦਲ ਨਹੀਂ ਦਿੰਦਾ।

1991 ਵਿੱਚ ਸੰਯੁਕਤ ਰਾਸ਼ਟਰ ਮਨੁੱਖੀ-ਅਧਿਕਾਰ ਕਮੇਟੀ ਦੇ ਮੈਂਬਰਾਂ ਨੇ ਜਦੋਂ ਏ. ਐੱਫ. ਸੀ. ਪੀ. ਏ. ਦੇ ਜਾਇਜ਼ ਹੋਣ 'ਤੇ ਸਵਾਲ ਉਠਾਏ ਤਾਂ ਭਾਰਤ ਦੇ ਬੁਲਾਰੇ ਦਾ ਇੱਕੋ-ਇੱਕ ਤਰਕ ਇਹ ਸੀ ਕਿ ਉੱਤਰ ਪੂਰਬੀ ਰਾਜਾਂ ਨੂੰ ਵੱਖ ਹੋਣ ਤੋਂ ਰੋਕਣ ਲਈ ਉਹ ਕਾਨੂੰਨ ਲਾਗੂ ਕਰਨਾ ਜ਼ਰੂਰੀ ਸੀ ਕਿਉਂਕਿ ਭਾਰਤੀ ਸੰਵਿਧਾਨ ਦੀ ਧਾਰਾ-355 ਰਾਜਾਂ ਨੂੰ ਅੰਦਰੂਨੀ ਅਸ਼ਾਂਤੀ ਤੋਂ ਬਚਾਉਣ ਦੀ ਜ਼ਿੰਮੇਦਾਰੀ ਕੇਂਦਰ ਸਰਕਾਰ ਨੂੰ ਸੌਂਪਦੀ ਹੈ। ਇਸ ਤਰਕ ਦੀ ਪਹਿਲੀ ਵਿਸੰਗਤੀ ਇਹ ਹੈ ਕਿ ਜੇਕਰ ਕਿਸੇ ਰਾਜ ਦੀ ਬਹੁਗਿਣਤੀ ਅਬਾਦੀ ਸਵੈ-ਨਿਰਣੇ ਦੇ ਅਧਿਕਾਰ ਲਈ ਸੰਘਰਸ਼ ਕਰਦੀ ਹੈ ਤਾਂ ਕੀ ਇਸਨੂੰ ਅੰਦਰੂਨੀ ਅਸ਼ਾਂਤੀ ਕਿਹਾ ਜਾ ਸਕਦਾ ਹੈ। ਦੂਜੀ ਗੱਲ ਇਹ ਕਿ ਰਾਜ ਦੇ ਨੀਤੀ-ਨਿਰਦੇਸ਼ਕ ਸਿਧਾਂਤਾਂ ਨੂੰ ਪੂੰਜੀਵਾਦੀ ਜਮਹੂਰੀਅਤ ਦੇ ਆਮ ਅਸੂਲ ਅਤੇ ਭਾਰਤੀ ਸੰਵਿਧਾਨ ਵੀ ਕਿਸੇ ਨਾਗਰਿਕ ਦੇ ਬੁਨਿਆਦੀ ਅਧਿਕਾਰਾਂ ਤੋਂ ਉੱਪਰ ਨਹੀਂ ਰੱਖਦੇ। ਰਾਜ ਦੇ ਹਿੱਤ ਵਿੱਚ ਕੇਂਦਰ ਸਰਕਾਰ ਨੂੰ ਕੋਈ ਅਜਿਹਾ ਕਾਨੂੰਨ ਬਣਾਉਣ ਦਾ ਕੋਈ ਵੀ ਹੱਕ ਨਹੀਂ ਹੈ, ਜਿਹੜਾ ਨਾਗਰਿਕ ਤੋਂ ਜਿਉਣ ਦਾ ਹੱਕ ਖੋਹ ਲਵੇ।

ਏ. ਐਫ. ਸੀ. ਪੀ. ਏ. ਭਾਰਤੀ ਸੰਵਿਧਾਨ ਦੀ ਧਾਰਾ-21 ਦੀ ਖੁੱਲੀ ਉਲੰਘਣਾ ਹੈ ਜਿਹੜੀ ਦੱਸਦੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਸਦੇ ਜਿਉਣ ਦੇ ਹੱਕ ਜਾਂ ਨਿੱਜੀ ਅਜ਼ਾਦੀ ਤੋਂ ਵਾਂਝਿਆਂ ਨਹੀਂ ਕੀਤਾ ਜਾ ਸਕਦਾ ਹੈ। ਨਾਲ਼ ਹੀ ਇਹ ਕਾਨੂੰਨ ਗ੍ਰਿਫ਼ਤਾਰੀ ਅਤੇ ਹਿਰਾਸਤ ਖ਼ਿਲਾਫ਼ ਨਾਗਰਿਕ ਨੂੰ ਕਾਨੂੰਨੀ ਸੁਰੱਖਿਆ ਦਾ ਹੱਕ ਦੇਣ ਵਾਲ਼ੀ ਸੰਵਿਧਾਨ ਦੀ ਧਾਰਾ-22 ਦੀ ਵੀ ਖੁੱਲੀ ਉਲੰਘਣਾ ਕਰਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਏ. ਐੱਫ. ਸੀ. ਪੀ. ਏ. ਨੂੰ ਗੈਰ-ਸੰਵਿਧਾਨਕ ਐਲਾਨਣ ਦਾ ਕੰਮ ਸਿਰਫ਼ ਸਰਵ-ਉੱਚ ਅਦਾਲਤ ਹੀ ਕਰ ਸਕਦੀ ਹੈ ਅਤੇ ਉਸਦੇ

ਸਾਹਮਣੇ ਇਸ ਨਾਲ਼ ਸਬੰਧਿਤ ਕਈ ਮਾਮਲੇ ਵਰ੍ਹਿਆਂ ਤੋਂ ਲਟਕੇ ਪਏ ਹਨ, ਪਰ ਉਨ੍ਹਾਂ 'ਤੇ ਕੋਈ ਫੈਸਲਾ ਨਹੀਂ ਹੋ ਰਿਹਾ ਹੈ।

ਹੁਣ ਜੇਕਰ ਸਰਕਾਰ ਇਸ ਕਾਲ਼ੇ ਕਾਨੂੰਨ ਨੂੰ ਪੂਰੇ ਦੇਸ਼ 'ਚ ਲਾਗੂ ਕਰਨ ਲਈ ਹਰ ਤਰ੍ਹਾਂ ਦੀ ਤਿਆਰੀ ਕਰ ਲੈਣਾ ਚਾਹੁੰਦੀ ਹੈ ਤਾਂ ਇਸਦਾ ਮਤਲਬ ਇਹ ਹੈ ਕਿ ਹਾਕਮ ਜਮਾਤ ਆਉਣ ਵਾਲ਼ੇ ਦਿਨਾਂ 'ਚ ਢਾਂਚੇ ਲਈ ਗੰਭੀਰ ਸੰਕਟ ਦੇਖ ਰਿਹਾ ਹੈ ਅਤੇ ਉਸ ਨਾਲ਼ ਨੱਜਿਠਣ ਲਈ ਉਹ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਹੈ। ਉਹ ਜਮਹੂਰੀਅਤ ਦਾ ਬੁਰਕਾ ਲਾਹੁਣ ਲਈ ਵੀ ਤਿਆਰ ਹੈ ਅਤੇ ਸਾਰੇ ਲੋਕਾਂ ਵਿਰੁੱਧ ਇੱਕ ਖ਼ੂਨੀ ਜੰਗ ਛੇੜ ਦੇਣ ਲਈ ਵੀ ਤਿਆਰ ਹੈ। ਉਂਝ ਅੱਜ ਦੀ ਹੀ ਹਾਲਤ ਇਹ ਹੈ ਕਿ ਦੇਸ਼ ਦੇ ਕੁੱਲ ਹਥਿਆਰਬੰਦ ਬਲਾਂ ਦਾ ਪੰਜਾਹ ਪ੍ਰਤੀਸ਼ਤ ਤੋਂ ਵੀ ਵੱਧ ਹਿੱਸਾ "ਅੰਦਰੂਨੀ ਸੁਰੱਖਿਆ" ਦੇ ਕੰਮਾਂ ਵਿੱਚ ਦੇਸ਼ ਅੰਦਰ ਹੀ ਲੱਗਿਆ ਹੋਇਆ ਹੈ। ਮਤਲਬ ਹਾਕਮ ਜਮਾਤ ਨੂੰ ਖ਼ਤਰਾ ਸਰਹੱਦ ਪਾਰ ਤੋਂ ਨਹੀਂ ਸਗੋਂ ਦੇਸ਼ ਦੇ ਅੰਦਰੋਂ ਹੈ, ਆਪਣੇ ਲੋਕਾਂ ਤੋਂ ਹੈ, ਉਹਨਾਂ ਲੋਕਾਂ ਤੋਂ, ਜਿਹੜੇ ਸਾਮਰਾਜਵਾਦੀ-ਪੂੰਜੀਵਾਦੀ ਲੁੱਟ ਕਾਰਨ ਤਬਾਹ ਹਨ, ਮਹਿੰਗਾਈ-ਬੇਰੁਜ਼ਗਾਰੀ ਨੇ ਜਿਨ੍ਹਾਂ ਦਾ ਜਿਉਣਾ ਮੁਹਾਲ ਕਰ ਰੱਖਿਆ ਹੈ, ਨੇਤਾਸ਼ਾਹੀ-ਨੌਕਰਸ਼ਾਹੀ ਦੇ ਭ੍ਰਿਸ਼ਟਾਚਾਰ ਨੇ ਜਿਹੜੇ ਸਤਾਏ ਹੋਏ ਹਨ, ਜਿਨ੍ਹਾਂ ਨੂੰ ਕਿਤੋਂ ਵੀ ਇਨਸਾਫ਼ ਨਹੀਂ ਮਿਲ ਰਿਹਾ ਹੈ ਅਤੇ ਇਨਸਾਫ਼ ਅਤੇ ਹੱਕਾਂ ਲਈ ਅਵਾਜ਼ ਉਠਾਉਣ 'ਤੇ ਜਿਨ੍ਹਾਂ ਨੂੰ ਬਸ ਲਾਠੀਆਂ-ਗੋਲੀਆਂ-ਜੇਲ੍ਹਾਂ ਹੀ ਮਿਲਦੀਆਂ ਹਨ।

ਉਂਝ ਦੇਖਿਆ ਜਾਵੇ ਤਾਂ ਇਹ ਹਾਕਮ ਜਮਾਤਾਂ ਦਾ ਭੈਅ ਹੀ ਹੈ ਕਿ ਉਹ ਲੋੜ ਪੈਣ 'ਤੇ ਪੂਰੇ ਦੇਸ਼ 'ਚ ਹਥਿਆਰਬੰਦ ਬਲ (ਵਿਸ਼ੇਸ਼ ਅਧਿਕਾਰ) ਕਾਨੂੰਨ ਲਾਗੂ ਕਰਨ ਦਾ ਬਦਲ ਪਹਿਲਾਂ ਤੋਂ ਹੀ ਰਾਖਵਾਂ ਕਰ ਲੈਣਾ ਚਾਹੁੰਦੀਆਂ ਹਨ, ਜਦੋਂ ਕਿ ਇਹ ਕਾਨੂੰਨ ਦੇਸ਼ ਦੇ ਜਿਨ੍ਹਾਂ ਇਲਾਕਿਆਂ ਵਿੱਚ ਲਾਗੂ ਹੈ ਉੱਥੋਂ ਦੇ ਉਲਟੇ ਨਤੀਜੇ ਉਹਨਾਂ ਦੇ ਸਾਮ੍ਹਣੇ ਹਨ। ਹਾਕਮ ਜਮਾਤਾਂ ਕੋਲ਼ ਅੰਦਰੂਨੀ ਐਮਰਜੈਂਸੀ ਲਾਗੂ ਕਰਨ ਦਾ ਸੰਵਿਧਾਨਕ ਪ੍ਰਬੰਧ ਵੀ ਮੌਜੂਦ ਹੈ। ਪਰ ਸੱਚ ਪੁੱਛਿਆ ਜਾਵੇ ਤਾਂ ਇਹਦੀ ਵੀ ਕੋਈ ਲੋੜ ਨਹੀਂ ਹੈ। ਸਰਕਾਰਾਂ ਪਹਿਲਾਂ ਵੀ ਸਮੇਂ-ਸਮੇਂ 'ਤੇ ਰਾਮੁਕਾ, ਟਾਡਾ, ਪੋਟਾ ਜਿਹੇ ਕਾਲ਼ੇ ਕਾਨੂੰਨ ਬਣਾਉਂਦੀ ਰਹੀਆਂ ਹਨ, ਜਿਨ੍ਹਾਂ ਦੇ ਅਮਲ ਵਿੱਚ ਆਉਣ ਦਾ ਮਤਲਬ ਹੀ ਹੁੰਦਾ ਹੈ ਨਾਗਰਿਕਾਂ ਦੇ ਸਾਰੇ ਜਮਹੂਰੀ ਹੱਕਾਂ 'ਤੇ ਡਾਕਾ। ਇਨ੍ਹਾਂ ਤੋਂ ਇਲਾਵਾ 'ਡਿਸਟਰਬਡ ਏਰਿਆਜ਼ (ਸਪੈਸ਼ਲ ਕੋਰਟ) ਐਕਟ, 1976 ਆਦਿ ਅਤੇ ਰਾਜਾਂ ਦੇ ਪੱਧਰ 'ਤੇ 'ਛੱਤੀਸਗੜ੍ਹ ਵਿਸ਼ੇਸ਼ ਲੋਕ ਸੁਰੱਖਿਆ ਕਨੂੰਨ' ਅਤੇ 'ਮਕੋਕਾ' ਆਦਿ ਜਿਹੇ ਬਹੁਤ ਸਾਰੇ ਕਾਲ਼ੇ ਕਾਨੂੰਨ ਪਹਿਲਾਂ ਤੋਂ ਹੀ ਮੌਜੂਦ ਹਨ।

ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਲੋਕ-ਲਹਿਰਾਂ 'ਤੇ ਜ਼ਬਰ ਲਈ ਹਥਿਆਰਿਬੰਦ ਬਲਾਂ ਨੂੰ ਉਂਝ ਵੀ ਕਿਸੇ ਕਾਨੂੰਨ ਦੀ ਲੋੜ ਨਹੀਂ ਪੈਂਦੀ ਰਹੀ ਹੈ। ਹਿਰਾਸਤ ਵਿੱਚ ਤਸੀਹੇ ਦੇਣਾ, ਕਤਲ ਅਤੇ ਝੂਠੇ ਮੁਕਾਬਲਿਆਂ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਛੋਟ ਵਜੋਂ ਹੀ ਕਾਨੂੰਨੀ ਕਾਰਵਾਈ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਲਾਠੀਚਾਰਜ ਤੋਂ ਲੈ ਕੇ ਗੋਲੀ ਕਾਂਡ ਤੱਕ ਦੇ ਦੋਸ਼ੀ ਅਧਿਕਾਰੀਆਂ ਨੂੰ ਕਦੇ ਕੋਈ ਸਜ਼ਾ ਨਹੀਂ ਹੁੰਦੀ। ਜ਼ਿਲ੍ਹੇ ਤੋਂ ਲੈ ਕੇ ਥਾਣੇ ਤੱਕ ਦੇ ਪੱਧਰ ਤੱਕ ਪੁਲਿਸ ਅਤੇ ਹੋਰਨਾਂ ਅਧਿਕਾਰੀਆਂ ਲਈ ਕਾਨੂੰਨ ਦਾ ਕੋਈ ਮਤਲਬ ਨਹੀਂ ਹੁੰਦਾ।

ਅਸਲ 'ਚ, ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਫੌਜ ਨੂੰ ਵਿਸੇਸ਼ ਅਧਿਕਾਰ ਸੌਂਪਣਾ ਹਾਕਮਾਂ ਦੇ ਭੈਅ ਅਤੇ ਬੌਂਦਲੇ ਹੋਣ ਦਾ ਸੰਕੇਤ ਹੈ, ਨਹੀਂ ਤਾਂ ਲੋਕ ਘੋਲ਼ਾਂ ਅਤੇ ਹਥਿਆਰਬੰਦ ਵਿਦਰੋਹਾਂ ਤੱਕ ਦਾ ਸਾਮ੍ਹਣਾ ਕਰਨ ਲਈ ਬੀ. ਐੱਸ. ਐੱਫ., ਸੀ. ਆਰ. ਪੀ. ਐੱਫ., ਆਈ. ਟੀ. ਬੀ. ਪੀ., ਐਸ. ਪੀ. ਜੀ., ਐੱਨ. ਐੱਸ. ਜੀ. ਅਤੇ ਰਾਜਾਂ ਦੇ ਹਥਿਆਰਬੰਦ ਪੁਲਿਸ ਬਲਾਂ ਦੀਆਂ ਵਿਸ਼ੇਸ਼ ਟਰੇਂਡ ਬਟਾਲੀਅਨਾਂ ਪੂਰੀ ਤਰ੍ਹਾਂ ਤਿਆਰ ਹਨ। ਕੋਬਰਾ ਬਟਾਲਿਅਨ ਵਾਂਗ ਕਈ ਰਾਜਾਂ ਨੇ ਅਤੇ ਆਈ. ਟੀ. ਬੀ. ਪੀ. ਆਦਿ ਨੇ ਛਾਪਾਮਾਰ ਜੰਗ ਵਿਰੋਧੀ ਅਤੇ ਹਥਿਆਰਬੰਦ ਵਿਦਰੋਹ ਵਿਰੋਧੀ ਟਰੇਨਿੰਗ ਦੇ ਕੇ ਜਿਹੜੇ ਵਿਸ਼ੇਸ਼ ਦਸਤੇ ਤਿਆਰ ਕੀਤੇ ਹਨ ਉਹਨਾਂ ਦੀ ਟਰੇਨਿੰਗ ਅਤੇ ਆਧੁਨਿਕ ਹਥਿਆਰਾਂ ਦਾ ਪੱਧਰ ਫੌਜ ਦੇ ਬਰਾਬਰ ਹੈ।

ਲੋਕਾਂ ਵਿਰੁੱਧ ਹਾਕਮ ਜਮਾਤ ਖ਼ੂਨੀ ਜੰਗ ਦੀ ਸ਼ੁਰੂਆਤ ਕਰ ਚੁੱਕੀ ਹੈ

ਮਹਾਂਰਾਸ਼ਟਰ, ਛੱਤੀਸਗੜ੍ਹ, ਉੜੀਸਾ, ਪੱਛਮੀ ਬੰਗਾਲ, ਝਾਰਖੰਡ ਅਤੇ ਬਿਹਾਰ ਦੀਆਂ ਬਿਲਕੁਲ ਨਾਲ਼ ਜੁੜਦੀਆਂ ਸਰਹੱਦਾਂ ਤੋਂ ਜੁੜੇ ਇੱਕ ਵਿਸਥਾਰਿਤ ਖੇਤਰ ਵਿੱਚ ਭਾ.ਕ.ਪਾ. (ਮਾਓਵਾਦੀ) ਦੀਆਂ ਹਥਿਆਰਬੰਦ ਕਾਰਵਾਈਆਂ ਨੂੰ ਕੁਚਲਣ ਲਈ ਵਿਸ਼ੇਸ਼ ਟਰੇਂਡ ਹਥਿਆਰਬੰਦ ਬਲਾਂ ਦੀ ਓਨੀ ਵੱਡੀ ਲਾਮਬੰਦੀ ਹੋ ਚੁੱਕੀ ਹੈ, ਜਿਹੋ ਜਿਹੀ ਉੱਤਰ-ਪੂਰਬੀ ਭਾਰਤ ਅਤੇ ਜੰਮੂ-ਕਸ਼ਮੀਰ ਛੱਡ ਕੇ, ਬਾਕੀ ਭਾਰਤ ਵਿੱਚ ਪਿਛਲੇ ਸੱਠਾਂ ਸਾਲਾਂ ਵਿੱਚ ਕਦੇ ਨਹੀਂ ਹੋਈ ਸੀ। ਇੱਕ ਖ਼ੂਨੀ ਮੁਹਿੰਮ ਸ਼ੁਰੂ ਕਰਨ ਤੋਂ ਪਹਿਲਾਂ ਸਰਕਾਰ ਹਰਿਆਣਾ, ਮਹਾਂਰਾਸ਼ਟਰ, ਅਰੁਣਾਚਲ ਪ੍ਰਦੇਸ਼ ਦੀਆਂ ਵਿਧਾਨਸਭਾ ਚੋਣਾਂ ਦੀ ਉਡੀਕ ਕਰ ਰਹੀ ਸੀ।

ਚੋਣਾਂ ਹੁਣ ਖ਼ਤਮ ਹੋ ਚੁੱਕੀਆਂ ਹਨ ਅਤੇ ਆਪਰੇਸ਼ਨ 'ਗਰੀਨ ਹੰਟ' ਨਾਂ ਤੋਂ ਮੁਹਿੰਮ ਦੀ ਸ਼ੁਰੂਆਤ ਹੋ ਚੁੱਕੀ ਹੈ। ਮੱਧ ਭਾਰਤ ਦੇ ਉਪਰੋਕਤ ਰਾਜਾਂ ਦੇ "ਨਕਸਲ-ਪ੍ਰਭਾਵਿਤ" ਇਲਾਕਿਆਂ ਵਿੱਚ, ਪਹਿਲਾਂ ਤੋਂ ਮੌਜੂਦ ਅਰਧ-ਸੈਨਿਕ ਬਲਾਂ ਅਤੇ ਹਥਿਆਰਬੰਦ ਪੁਲਿਸ ਤੋਂ ਇਲਾਵਾ ਭਾਰਤ-ਤਿੱਬਤ ਬਾਰਡਰ ਪੁਲਿਸ (ਆਈ. ਟੀ. ਬੀ. ਪੀ.), ਬਾਰਡਰ ਸੁਰੱਖਿਆ ਬਲ (ਬੀ. ਐੱਸ. ਐੱਫ), ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ. ਆਰ. ਪੀ. ਐੱਫ) ਆਦਿ ਦੇ ਪਝੱਤਰ ਹਜ਼ਾਰ ਵਿਸ਼ੇਸ਼ ਟਰੇਂਡ ਜਵਾਨਾਂ ਨੂੰ ਇਸ ਮੁਹਿੰਮ ਵਿੱਚ ਲਾਇਆ ਗਿਆ ਹੈ। ਜੰਮੂ-ਕਸ਼ਮੀਰ ਅਤੇ ਉੱਤਰ-ਪੂਰਬ ਤੋਂ ਅਰਧ-ਸੈਨਿਕ ਬਲਾਂ ਨੂੰ ਹਟਾ ਕੇ ਇਨ੍ਹਾਂ ਇਲਾਕਿਆਂ 'ਚ ਲਿਆਇਆ ਜਾ ਰਿਹਾ ਹੈ। ਜਲਦੀ ਹੀ 'ਕੌਮੀ ਰਾਈਫਲਜ਼' ਦੀਆਂ ਟੁਕੜੀਆਂ ਨੂੰ ਵੀ ਇਸ ਮੁਹਿੰਮ 'ਚ ਸ਼ਾਮਲ ਕੀਤਾ ਜਾਏਗਾ, ਜਿਨ੍ਹਾਂ ਨੂੰ ਫ਼ੌਜ ਵੱਲੋਂ 'ਕਾਊਂਟਰ ਇੰਸਰਜੈਂਸੀ' ਦੀ ਟਰੇਨਿੰਗ ਦਿੱਤੀ ਗਈ ਹੈ। ਇਸ ਮੁਹਿੰਮ ਲਈ ਅਤਿ ਉੱਨਤ ਹਥਿਆਰਾਂ ਬਖ਼ਤਰਬੰਦ ਗੱਡੀਆਂ ਆਦਿ ਵੀ ਵੱਡੇ ਪੱਧਰ 'ਤੇ ਖ਼ਰੀਦੀਆਂ ਗਈਆਂ ਹਨ।

'ਆਪਰੇਸ਼ਨ ਗਰੀਨ ਹੰਟ' ਨੂੰ ਕਈ ਰਾਉਂਡਾਂ 'ਚ

ਵੰਡਿਆ ਗਿਆ ਹੈ। ਪਹਿਲੇ ਰਾਊਂਡ ਦੀ ਸ਼ੁਰੂਆਤ ਮਹਾਂਰਾਸ਼ਟਰ ਦੇ ਗੜਚਿਰੋਲੀ ਇਲਾਕੇ 'ਚ ਹੋਈ ਹੈ। ਅਗਲੇ ਰਾਊਂਡ ਛੱਤੀਸਗੜ੍ਹ, ਉੜੀਸਾ, ਝਾਰਖੰਡ ਅਤੇ ਫਿਰ ਪੱਛਮੀ ਬੰਗਾਲ, ਆਂਧਰਾ-ਪ੍ਰਦੇਸ਼ 'ਤੇ ਕੇਂਦ੍ਰਿਤ ਹੋਣਗੇ। ਹਵਾਈ ਫੌਜ ਦੇ 17 ਏ. ਆਈ. ਹੈਲੀਕਾਪਟਰ ਪਹਿਲੇ ਰਾਊਂਡ ਵਿੱਚ ਜ਼ਮੀਨੀ ਮੁਹਿੰਮ ਦੀ ਮਦਦ ਕਰਨਗੇ। ਇਹ ਦੱਸਣ ਦੀ ਲੋੜ ਨਹੀਂ ਕਿ ਇਸ ਤੋਂ ਪਹਿਲਾਂ ਸੁਰੱਖਿਆ "ਮਾਹੌਲ ਵਿਗੜਨ" ਅਤੇ "ਅੰਦਰੂਨੀ ਸੁਰੱਖਿਆ ਲਈ ਮਾਓਵਾਦ ਸੱਭ ਤੋਂ ਵੱਡਾ ਖ਼ਤਰਾ" ਹੋਣ ਦਾ ਪਾਗਲਪਨ ਭਰਿਆ ਪ੍ਰਾਪੇਗੰਡਾ ਕੀਤਾ ਗਿਆ। ਮਨਮੋਹਨ ਸਿੰਘ ਅਤੇ ਚਿਦੰਬਰਮ ਨੇ ਦਰਜਨਾਂ ਅਜਿਹੇ ਬਿਆਨ ਦਿੱਤੇ। ਟੀ. ਵੀ. ਚੈਨਲਾਂ ਅਤੇ ਅਖ਼ਬਾਰਾਂ ਨੇ ਮਾਓਵਾਦੀਆਂ ਦੀਆਂ "ਖ਼ੂਨੀ ਦਹਿਸ਼ਤਗਰਦ" ਹਰਕਤਾਂ ਬਾਰੇ ਲਗਾਤਾਰ ਵਿਸ਼ੇਸ਼ ਰਿਪੋਰਟਾਂ ਪ੍ਰਸਾਰਿਤ ਕੀਤੀਆਂ ਅਤੇ ਛਾਪੀਆਂ। ਅਖੌਤੀ ਰੱਖਿਆ-ਮਾਹਿਰਾਂ ਨੇ ਇੰਟਰਵਿਊ ਦਿੱਤੇ ਅਤੇ ਬਹਿਸਾਂ 'ਚ ਹਿੱਸਾ ਲਿਆ। "ਉਚਿੱਤ ਫੈਸਲਾਕੁੰਨ ਕਾਰਵਾਈ" ਲਈ ਲੋਕ ਮਤ ਦੀ ਸਹਿਮਤੀ "ਉਸਾਰ" ਲਈ ਗਈ। ਪਰ ਫਿਰ ਵੀ ਇਹ ਸਵਾਲ ਹਰ ਵਿਵੇਕਸ਼ੀਲ ਨਾਗਰਿਕ ਦੇ ਦਿਲੋ-ਦਿਮਾਗ ਨੂੰ ਮਿੱਧਦਾ ਹੈ ਕਿ **ਆਖਰ ਇਹ ਹਾਲਤ ਕਿਉਂ ਪੈਦਾ ਹੋਈ ਕਿ ਰਾਜ ਸੱਤਾ ਨੂੰ ਆਪਣੇ ਹੀ ਦੇਸ਼ ਦੀ ਸੱਭ ਤੋਂ ਗਰੀਬ, ਪਿਛੜੀ ਅਤੇ ਦੱਬੀ ਕੁਚਲੀ ਅਬਾਦੀ ਵਿਰੁੱਧ, ਇੱਕ ਜੰਗ ਛੇੜਨੀ ਪੈ ਰਹੀ ਹੈ ?**

ਭਾ. ਕ. ਪਾ. (ਮਾਓਵਾਦੀ) ਦੇ ਸੰਘਣੇ ਅਸਰ ਦਾ ਇਲਾਕਾ ਦੇਸ਼ ਦਾ ਸੱਭ ਤੋਂ ਪਛੜਿਆ ਅਤੇ ਗਰੀਬ ਇਲਾਕਾ ਹੈ, ਜਿੱਥੇ ਮੁੱਖ ਤੌਰ 'ਤੇ ਆਦਿਵਾਸੀ ਅਬਾਦੀ ਰਹਿੰਦੀ ਹੈ। ਅਬਾਦੀ ਦੇ ਇਸ ਸਭ ਤੋਂ ਪੱਛੜੇ ਅਤੇ ਦੱਬੇ, ਅਣਗੌਲ਼ੇ ਹਿੱਸੇ 'ਚ ਨਾਗਰਿਕ ਪ੍ਰਸ਼ਾਸਨ ਅਤੇ ਸਰਵਜਨਿਕ ਸੁਵਿਧਾਵਾਂ ਇੱਥੇ ਬਸ ਨਾਂ ਦੀਆਂ ਹੀ ਹਨ। ਠੇਕਾਦਾਰਾਂ, ਭੂਮੀਪਤੀਆਂ ਅਤੇ ਅਫ਼ਸਰਾਂ ਦਾ ਦਾਬਾ ਇੱਥੇ ਉਹੋ ਜਿਹਾ ਹੀ ਹੀ ਰਿਹਾ ਹੈ ਜਿਹੋ-ਜਿਹਾ ਅੰਗਰੇਜਾਂ ਦੇ ਜ਼ਮਾਨੇ 'ਚ ਸੀ। ਮੱਧ ਅਤੇ ਪੂਰਬੀ ਭਾਰਤ ਦਾ ਇਹ ਇਲਾਕਾ ਖਣਿਜ ਸੰਪਤੀ ਦੀ ਦ੍ਰਿਸ਼ਟੀ ਤੋਂ ਸੱਭ ਤੋਂ ਵੱਧ ਅਮੀਰ ਹੈ। ਪਿਛਲੀ ਸਦੀ ਦੇ ਸੱਠ ਅਤੇ ਸੱਤਰ ਦੇ ਦਹਾਕੇ ਇਹ ਸੰਪਤੀ ਹਾਸਲ਼ ਕਰਨ ਲਈ ਇਨ੍ਹਾਂ ਇਲਾਕਿਆਂ ਵਿੱਚ ਪਬਲਿਕ ਸੈਕਟਰ ਦੇ ਕੁੱਝ ਕਾਰਖ਼ਾਨੇ ਲੱਗੇ। ਇਸ ਨਾਲ਼ ਇਥੋਂ ਦੇ ਮੂਲ ਨਿਵਾਸੀਆਂ ਦਾ ਇੱਕ ਹਿੱਸਾ ਵਿਸਥਾਪਿਤ ਹੋਇਆ। ਨਾਲ਼ ਹੀ, ਨਵੇਂ ਵਸੇ, ਸਨਅਤੀ ਨਗਰਾਂ ਦੇ ਜੀਵਨ ਅਤੇ ਆਧੁਨਿਕ ਸਰਵਜਨਿਕ ਸੁਵਿਧਾਂਵਾਂ ਤੋਂ ਵਾਂਝੇ ਰਹਿਣ ਦੀ ਅਸੰਤੁਸ਼ਟੀ ਅਤੇ ਅਲਗਾਓ ਦੀ ਭਾਵਨਾ ਉਹਨਾਂ ਦਰਮਿਆਨ ਹੋਰ ਡੂੰਘੀ ਹੁੰਦੀ ਗਈ। ਬੀਤੇ ਲਗਭਗ ਦੋ ਦਹਾਕਿਆਂ ਦੌਰਾਨ ਹਾਲਤ ਵਿੱਚ ਕੁੱਝ ਹੋਰ ਵੱਡੇ ਅਤੇ ਬੁਨਿਆਦੀ ਬਦਲਾਅ ਆਏ ਹਨ। ਇਸ ਇਲਾਕੇ ਦੀ ਬਿਲਕੁਲ, ਕਦੇ ਨਾ ਛੁਹੀ ਗਈ ਖਣਿਜ ਸੰਪਤੀ ਵੱਲ ਦੇਸੀ ਅਤੇ ਵਿਦੇਸ਼ੀ ਪੂੰਜੀ ਦਾ ਧਿਆਨ ਤੇਜ਼ੀ ਨਾਲ਼ ਖਿੱਚਿਆ ਜਾਂਦਾ ਹੈ। ਪਾਸਕੋ, ਟਾਟਾ, ਜਿੰਦਲ, ਮਿੱਤਲ ਸਾਰੇ ਟੁੱਟ ਪਏ ਹਨ। ਸਮਾਂ ਉਦਾਰੀਕਰਨ-ਨਿੱਜੀਕਰਨ ਦਾ ਹੈ। ਸਰਕਾਰ ਵੀ ਇਹ ਸਾਰੀ ਖਣਿਜ ਸੰਪਤੀ ਲੁੱਟਣ ਲਈ ਖਾਣਾਂ ਅਤੇ ਕਾਰਖਾਨੇ ਲਗਾਉਣ ਲਈ ਜ਼ਮੀਨ ਉਹਨਾਂ ਨੂੰ ਦੇਣ ਲਈ ਤਿਆਰ ਬੈਠੀ ਹੈ। ਸਮੱਸਿਆ ਸਿਰਫ ਇੱਕ ਹੈ ਅਤੇ ਉਹ ਇਹ ਹੈ ਕਿ ਇਸ ਲਈ ਕਰੋੜਾਂ ਆਦਿਵਾਸੀਆਂ ਨੂੰ ਉਹਨਾਂ ਦੀ ਜਗ੍ਹਾ-ਜ਼ਮੀਨ ਤੋਂ ਉਜਾੜਨਾ ਹੋਵੇਗਾ।

ਪੂੰਜੀਵਾਦੀ ਵਿਕਾਸ ਵਾਲ਼ੀ ਖੇਤੀ ਦੇ ਇਲਾਕਿਆਂ ਨਾਲ਼, ਪੂੰਜੀ ਦੀ ਮਾਰ ਨਾਲ਼ ਉੱਜੜਨ ਵਾਲ਼ੇ ਕਿਸਾਨ ਜਿੰਨੀ ਅਸਾਨੀ ਨਾਲ਼ ਸ਼ਹਿਰਾਂ ਵਿੱਚ ਆ ਕੇ ਸਨਅਤੀ ਮਜ਼ਦੂਰ ਬਣ ਜਾਂਦੇ ਹਨ, ਆਦਿਵਾਸੀ ਅਬਾਦੀ ਲਈ ਇਹ ਇੰਨਾ ਅਸਾਨ ਨਹੀਂ ਹੁੰਦਾ। ਉਹ ਆਪਣੀ ਜਗ੍ਹਾ ਤੋਂ ਵਿਸਥਾਪਿਤ ਵੀ ਹੁੰਦੇ ਹਨ ਤਾਂ ਭਵਨ-ਨਿਰਮਾਣ, ਇੱਟ-ਭੱਠੇ ਜਿਹੇ ਕੰਮਾਂ ਵਿੱਚੋਂ ਸੱਭ ਤੋਂ ਨੀਵੇਂ ਪੱਧਰ ਦੇ ਉਜਰਤੀ ਗੁਲਾਮ ਹੀ ਬਣਦੇ ਹਨ। ਸੱਭਿਆਚਾਰਕ-ਸਮਾਜਿਕ ਢਾਂਚੇ ਦੇ ਨਜ਼ਰੀਏ ਤੋਂ ਵੀ ਅਚਾਨਕ ਆਪਣੀਆਂ ਜੜ੍ਹਾਂ ਤੋਂ ਵਿਸਥਾਪਿਤ ਹੋ ਕੇ ਨਵੇਂ ਮਾਹੌਲ 'ਚ ਸੈਟ ਹੋਣ ਲਈ ਉਹਨਾਂ ਦੀ ਚੇਤਨਾ ਤਿਆਰ ਨਹੀਂ ਹੁੰਦੀ। ਇਸ ਲਈ, ਇਹ ਅਬਾਦੀ ਸਾਂਝੀ ਸਮਾਜਿਕ ਸੰਪਤੀ, ਜੰਗਲ, ਚਾਰਗਾਹ, ਜਲ ਸਰੋਤਾਂ ਅਤੇ ਖੇਤੀ-ਬਾੜੀ ਤੋਂ ਜ਼ਬਰਦਸਤੀ ਅੱਡ ਕੀਤੇ ਜਾਣ ਦੇ ਯਤਨਾਂ ਦਾ ਜੀਅ-ਜਾਨ ਨਾਲ਼ ਵਿਰੋਧ ਕਰ ਰਹੀ ਹੈ। ਹੁਣ ਇੱਕ ਮਹੀਨੇ ਪਹਿਲਾਂ ਵੀ ਅਰਧ-ਸੈਨਿਕ ਬਲਾਂ, ਪੁਲਿਸ ਬਲਾਂ ਅਤੇ ਗੁਪਤ ਏਜੰਸੀਆਂ ਦੇ ਚੋਟੀ ਦੇ ਅਧਿਕਾਰੀਆਂ ਨੂੰ ਸੰਬੋਧਿਤ ਕਰਦੇ ਹੋਏ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਆਦਿਵਾਸੀ ਅਬਾਦੀ ਦੇ ਇਲਾਕਿਆਂ ਵਿੱਚ ਵਿਆਪਕ ਪ੍ਰਤੀਰੋਧ ਕਾਰਣ ਖਣਿਜ ਸੰਪਤੀ ਹਾਸਲ ਨਹੀਂ ਹੋ ਸਕੀ ਹੈ ਅਤੇ ਵਿਦੇਸ਼ੀ ਨਿਵੇਸ਼ 'ਤੇ ਗੰਭੀਰ ਅਸਰ ਪੈ ਰਿਹਾ ਹੈ।

ਸੰਵਿਧਾਨ ਦੀ ਪੰਜਵੀਂ ਅਨੁਸੂਚੀ ਆਦਿਵਾਸੀਆਂ ਨੂੰ ਉਹਨਾਂ ਦੀ ਰਿਵਾਇਤੀ ਜ਼ਮੀਨ ਅਤੇ ਜੰਗਲਾਂ 'ਤੇ ਪੂਰੇ ਹੱਕ ਦੀ ਗਰੰਟੀ ਦਿੰਦੀ ਹੈ ਅਤੇ ਨਿੱਜੀ ਕੰਪਨੀਆਂ ਨੂੰ ਉਹਨਾਂ ਦੀ ਜ਼ਮੀਨ 'ਤੇ ਖਾਣਾਂ ਪੁੱਟਣ ਤੋਂ ਰੋਕਦੀ ਹੈ। ਹੁਣ ਮਨਮੋਹਨ ਸਰਕਾਰ ਨੇ ਇਸਦਾ ਅਸਾਨ ਰਾਹ ਕੱਢ ਲਿਆ ਹੈ। ਮਾਓਵਾਦੀਆਂ ਨਾਲ਼ ਲੜਨ ਦੇ ਨਾਂ 'ਤੇ, ਉਹ ਪੂਰੇ ਇਲਾਕੇ ਦੀ ਆਦਿਵਾਸੀ ਅਬਾਦੀ ਨੂੰ ਹੀ ਉਜਾੜ ਕੇ ਰਾਹਤ ਕੈਂਪਾਂ ਵਿੱਚ ਵਸਾ ਦੇਣਾ ਚਾਹੁੰਦੀ ਹੈ। ਤਾਂ ਕਿ ਉਹਨਾਂ ਦੇ ਜੰਗਲ ਅਤੇ ਜ਼ਮੀਨ ਨੂੰ ਦੇਸੀ ਵੱਡੇ ਪੂੰਜੀਪਤੀ ਘਰਾਣਿਆਂ ਅਤੇ ਬਹੁਕੌਮੀ ਕੰਪਨੀਆਂ ਦੇ ਸਪੁਰਦ ਕੀਤਾ ਜਾ ਸਕੇ। ਨਿਯਮਗਿਰੀ ਵਿੱਚ ਬਹੁਕੌਮੀ ਕੰਪਨੀ ਵੇਦਾਂਤ ਨੂੰ, ਜੰਗਸਿੰਘਪੁਰਾ 'ਚ ਪਾਸਕੋ ਨੂੰ ਅਤੇ ਕਲਿੰਗਨਗਰ ਵਿੱਚ ਟਾਟਾ ਨੂੰ ਖਾਣ ਅਤੇ ਕਾਰਖ਼ਾਨੇ ਲਈ ਜ਼ਮੀਨ ਦੇਣ ਲਈ ਇਹੀ ਕੀਤਾ ਗਿਆ। ਲੱਖਾਂ ਆਦਿਵਾਸੀ ਪਰਿਵਾਰਾਂ ਨੂੰ ਉਜਾੜ ਦਿੱਤਾ ਗਿਆ ਅਤੇ ਉਹਨਾਂ ਨੂੰ ਜਿਉਣ ਦਾ ਕੋਈ ਬਦਲ ਨਹੀਂ ਦਿੱਤਾ ਗਿਆ। ਸਵਾਲ ਇੱਥੇ ਮਹਿਜ਼ ਮਾਓਵਾਦੀਆਂ ਜਾਂ ਆਦੀਵਾਸੀਆਂ ਦੇ ਹਥਿਆਰਬੰਦ ਟਾਕਰੇ ਨੂੰ ਕੁਚਲਣ ਦਾ ਨਹੀਂ ਹੈ। ਦੇਸ਼ 'ਚ ਜਿੱਥੇ ਵੀ ਕਿਸੇ ਸੇਜ਼ ਜਾਂ ਸਨਅਤੀ ਪਾਰਕ ਦੀ ਸਥਾਪਨਾ ਲਈ ਜਾਂ ਕਿਸੇ ਐਕਸਪ੍ਰੈਸ-ਹਾਈਵੇ ਦੀ ਉਸਾਰੀ ਲਈ ਲੋਕਾਂ ਨੂੰ ਉਹਨਾਂ ਦੀ ਜਗ੍ਹਾ-ਜ਼ਮੀਨ ਤੋਂ ਉਜਾੜਿਆ ਗਿਆ, ਉੱਥੇ ਸ਼ਰਨਾਰਥੀਆਂ ਦੇ ਸ਼ਾਂਤੀਪੂਰਣ ਅੰਦੋਲਨਾਂ-ਸੰਘਰਸ਼ਾਂ ਨੂੰ ਵੀ ਸੱਤਾ ਨੇ ਉਨੀ ਹੀ ਬੇਰਹਮੀ ਨਾਲ ਕੁਚਲਿਆ ਹੈ।

ਸਵਾਲ ਇੱਥੇ ਨਿਰਪੇਖ ਰੂਪ ਨਾਲ਼ ਸਨਅਤੀ ਵਿਕਾਸ ਦਾ ਵਿਰੋਧ ਕਰਨ ਦਾ ਨਹੀਂ ਹੈ। ਪਰ ਕਾਰਖ਼ਾਨੇ ਲੱਗਣ ਨਾਲ਼ ਉਜਾੜੇ ਲੋਕਾਂ ਨੂੰ ਜਿਉਣ ਲਈ ਬਦਲਵੇਂ ਸਾਧਨ ਅਤੇ ਆਤਮਿਕ ਵਿਕਾਸ ਦਾ ਸਮਾਜਿਕ ਮਾਹੌਲ ਮੁਹੱਈਆ ਕਰਾਉਣਾ ਸੱਤਾ ਦੀ ਜ਼ਿੰਮੇਵਾਰੀ ਹੈ। ਦੂਜੀ ਗੱਲ, ਵਾਤਾਵਰਣ-ਸੰਤੁਲਨ ਨੂੰ ਦਰਕਿਨਾਰ ਕਰਕੇ ਸਨਅਤੀ ਵਿਕਾਸ ਦੀ ਗੱਲ ਸੋਚਣਾ ਅਸਲ 'ਚ ਵਿਨਾਸ਼ਕਾਰੀ ਹੋਵੇਗਾ। ਪਰ ਉਤਪਾਦਨ ਜਦੋਂ ਤੱਕ ਮੁਨਾਫ਼ੇ ਲਈ ਹੋਵੇਗਾ ਤਦ ਤੱਕ ਅਜਿਹਾ ਹੀ ਹੋਵੇਗਾ। ਇਸ ਲਈ ਮੌਜੂਦਾ ਲੋਕ-ਟਾਕਰਾ ਵੀ ਵਡੇਰੇ ਅਰਥਾਂ 'ਚ ਪੂੰਜੀਵਾਦੀ ਢਾਂਚਾ-ਵਿਰੋਧੀ ਘੋਲ਼ ਹੀ ਹੈ, ਵਿਕਾਸ ਦੇ ਬਦਲਵੇਂ ਰਾਹ ਸਮਾਜਵਾਦੀ ਰਾਹ ਲਈ ਹੀ ਘੋਲ਼ ਹੈ, ਭਾਵੇਂ ਇਸਦੀ ਦਿਸ਼ਾ ਸਪੱਸ਼ਟ ਨਾ ਹੋਵੇ।

ਸਿਰ ਚੜ੍ਹ ਕੇ ਬੋਲ ਪਿਆ ਸੱਚਾਈ ਦਾ ਭੂਤ

ਇਹ ਸੱਚ ਹੈ ਕਿ ਸੱਚਾਈ ਦਾ ਭੂਤ ਕਦੇ-ਕਦੇ ਹੁਕਮਰਾਨ ਜਮਾਤਾਂ ਦੇ ਸਿਰ 'ਤੇ ਵੀ ਚੜ੍ਹ ਕੇ ਬੋਲਣ ਲੱਗਦਾ ਹੈ। 31 ਅਕਤੂਬਰ '09 ਦੇ **ਹਿੰਦੁਸਤਾਨ ਟਾਈਮਸ** (ਦਿੱਲੀ ਐਡੀਸ਼ਨ, ਪੰ.10) ਵਿੱਚ ਕੋਨੇ ਵਿੱਚ ਛਪੀ ਇੱਕ ਛੋਟੀ ਜਿਹੀ ਖ਼ਬਰ ਅਨੁਸਾਰ, ਭੂਮੀ ਸੁਧਾਰ ਬਾਰੇ ਇੱਕ ਪੰਦਰਾਂ ਮੈਂਬਰੀ ਸਰਕਾਰੀ ਕਮੇਟੀ (ਕਮੇਟੀ ਆਨ ਸਟੇਟ ਐਗਰੇਰੀਅਨ ਰਿਲੇਸ਼ਨ ਐਂਡ ਅਨਫਿਨਿਸ਼ਡ ਟਾਸਕ ਆਫ ਲੈਂਡ ਰਿਫਾਰਸਮ) ਨੇ ਛੱਤੀਸਗੜ੍ਹ ਦੇ ਕੱਚੇ ਲੋਹੇ ਦੀ ਅਮੀਰ ਜ਼ਿਲ੍ਹਿਆਂ —ਬਸਤਰ, ਦਾਂਤੇਵਾੜਾ ਅਤੇ ਬੀਜਾਪੁਰ ਵਿੱਚ ਸਨਅਤੀਕਰਨ ਮੁਹਿੰਮ ਨੂੰ ਕੋਲੰਬਸ ਮਗਰੋਂ ਮੂਲ ਨਿਵਾਸੀਆਂ ਦੀ ਜ਼ਮੀਨ ਹੜ੍ਹਪਣ ਦੀ ਸਭ ਤੋਂ ਵੱਡੀ ਘਟਨਾ ਦੀ ਸੰਗਿਆ ਦਿੱਤੀ ਹੈ।

ਕਮੇਟੀ ਅਨੁਸਾਰ, "20,000 ਕਰੋੜ ਰੁਪਏ ਦੀ ਕੁੱਲ ਨਿਵੇਸ਼ ਦੇ ਇਸਪਾਤ ਅਤੇ ਬਿਜਲੀ ਦੇ ਕਾਰਖ਼ਾਨੇ ਲਗਾਉਣ ਲਈ ਹੁਣ ਤੱਕ 3,50,000 ਆਦਿਵਾਸੀਆਂ ਨੂੰ ਉਜਾੜਿਆ ਜਾ ਚੁੱਕਿਆ ਹੈ। ਜ਼ਮੀਨ ਹੜ੍ਹਪਣ ਦੀ ਇਹ ਮਹਾਂ-ਮੁਹਿੰਮ ਇੱਕ ਖੁੱਲੀ ਐਲਾਨੀ ਜੰਗ ਵਾਂਗ ਸੀ। ਇਸ ਨਾਟਕ ਦੀ ਸਕਰਿਪਟ ਟਾਟਾ ਅਤੇ ਏਸਾਰ ਗਰੁੱਪ ਨੇ ਲਿਖੀ ਸੀ, ਜਿਹੜੇ ਉਨਾਂ ਸੱਤ ਪਿੰਡਾਂ ਅਤੇ ਲਾਗਲੇ ਇਲਾਕਿਆਂ ਨੂੰ ਖਾਲੀ ਕਰਾਉਣਾ ਚਾਹੁੰਦੇ ਸਨ, ਜਿਹੜੇ ਭਾਰਤ 'ਚ ਉਪਲੱਬਧ ਕੱਚੇ ਲੋਹੇ ਦੀ ਖੁਦਾਈ ਪੱਖੋਂ ਸ਼ਾਇਦ ਸੱਭ ਤੋਂ ਵੱਧ ਅਮੀਰ ਹੈ।"

ਇਸ ਕਮੇਟੀ ਦਾ ਗਠਨ ਜਨਵਰੀ 2008 ਵਿੱਚ ਹੋਇਆ ਅਤੇ ਇਸ ਨੇ ਆਪਣੀ ਰਿਪੋਰਟ ਹੁਣੇ ਹੀ ਪੇਂਡੂ ਵਿਕਾਸ ਮੰਤਰੀ ਸੀ. ਪੀ. ਜੋਸ਼ੀ ਨੂੰ ਸੌਂਪੀ ਹੈ, ਜਿਨ੍ਹਾਂ ਨੇ ਇਸ ਨੂੰ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਾਲ਼ੀ ਕੌਮੀ ਭੂਮੀ ਸੁਧਾਰ ਪਰਿਸ਼ਦ ਨੂੰ ਭੇਜ ਦਿੱਤਾ ਗਿਆ ਹੈ। ਸਲਵਾ ਜੁਡਮ ਬਾਰੇ ਹੁਣ ਤੱਕ ਕਈ ਜਮਹੂਰੀ ਅਧਿਕਾਰ ਜੱਥੇਬੰਦੀਆਂ ਦੀਆਂ ਰਿਪੋਰਟਾਂ ਛਪੀਆਂ ਹਨ। ਸਾਰੀਆਂ ਰਿਪੋਰਟਾਂ ਵਿੱਚ ਇਹ ਕਿਹਾ ਗਿਆ ਹੈ ਕਿ ਸਲਵਾ ਜੁਡਮ ਆਦੀਵਾਸੀਆਂ ਦੀ ਮਾਓਵਾਦ-ਵਿਰੋਧੀ ਆਪ-ਮੁਹਾਰੀ ਲੋਕ-ਲਹਿਰ ਨਹੀਂ ਹੈ। ਸਗੋਂ ਰਾਜ ਦੁਆਰਾ ਪਲੈਨਡ ਇੱਕ ਦਹਿਸ਼ਤਗਰਦ ਮੁਹਿੰਮ ਹੈ ਜਿਸਦੇ ਨਿਸ਼ਾਨੇ 'ਤੇ ਮਾਓਵਾਦੀਆਂ ਤੋਂ ਵੱਧ ਉਹ ਆਮ ਆਦੀਵਾਸੀ ਹਨ, ਜਿਨ੍ਹਾਂ ਨੂੰ ਜ਼ਬਰਦਸਤੀ ਰਾਹਤ ਕੈਂਪਾਂ ਵਿੱਚ ਵਾੜੇਬੰਦੀ ਕਰਕੇ ਰੱਖਿਆ ਗਿਆ ਹੈ। ਹੁਣ ਇਸ ਸਰਕਾਰੀ ਕਮੇਟੀ ਨੇ ਸੱਚਾਈ ਦੇ ਇੱਕ ਹੋਰ ਪੱਖ ਨੂੰ ਖੋਲ੍ਹ ਦਿੱਤਾ ਹੈ। ਇਸ ਕਮੇਟੀ ਦੀ ਰਿਪੋਰਟ ਮੁਤਾਬਿਕ, ਸਲਵਾ ਜੁਡਮ ਤੋਂ ਸਭ ਤੋਂ ਵੱਧ ਲਾਭ ਟਾਟਾ ਅਤੇ ਐਸਾਰ ਜਿਹੇ ਘਰਾਣਿਆਂ ਨੂੰ ਹੈ ਅਤੇ ਉਹੀ ਉਸਨੂੰ ਸਭ ਤੋਂ ਵੱਧ ਹਵਾ-ਪਾਣੀ ਦਿੰਦੇ ਰਹੇ ਹਨ। ਇਨ੍ਹਾ ਘਰਾਣਿਆਂ ਨੇ ਸਲਵਾ ਜੁਡਮ ਦੀ ਰੱਜ ਕੇ ਆਰਥਿਕ ਮਦਦ ਵੀ ਕੀਤੀ ਹੈ। ਦੂਜੇ ਨੰਬਰ 'ਤੇ, ਸਲਵਾ ਜੁਡਮ ਨਾਲ਼ ਉਨ੍ਹਾਂ ਠੇਕੇਦਾਰਾਂ, ਵਪਾਰੀਆਂ, ਛੋਟੇ ਸਨਅਤਕਾਰਾਂ ਦੇ ਹਿਤ ਜੁੜੇ ਹਨ, ਜਿਨ੍ਹਾਂ ਦਾ ਧੰਦਾ ਸਨਅਤ ਲਗਾਉਣ ਮਗਰੋਂ ਚਮਕੇਗਾ। ਉਹਨਾਂ ਦੇ ਵੀ ਇਸ 'ਤੇ ਦਾਅ ਲੱਗੇ ਹੋਏ ਹਨ ਅਤੇ ਸਫ਼ਲਤਾ ਦਾ ਇੰਤਜ਼ਾਰ ਕਰ ਰਹੇ ਹਨ। ਕਮੇਟੀ ਨੇ ਮੰਨਿਆ ਹੈ ਕਿ ਇਹਨਾਂ ਜ਼ਿਲ੍ਹਿਆਂ ਵਿੱਚ ਅੱਜ ਘਰੇਲੂ-ਜੰਗ ਵਰਗੀ ਹਾਲਤ ਬਣੀ ਹੋਈ ਹੈ।

ਕੋਈ ਹੈਰਾਨੀ ਨਹੀਂ ਕਿ ਆਪਣੀ ਅਮਰੀਕਾ-ਯਾਤਰਾ ਤੋਂ ਮੁੜਨ ਮਗਰੋਂ ਗ੍ਰਹਿ ਮੰਤਰੀ ਚਿਦੰਬਰਮ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਆਦਿਵਾਸੀ ਇਲਾਕਿਆਂ ਵਿੱਚ ਫੌਜੀ ਕਾਰਵਾਈ ਦਾ ਉਦੇਸ਼ ਹੈ, "ਜਿੱਤਣਾ, ਕਬਜ਼ਾ ਕਾਇਮ ਰੱਖਣਾ ਅਤੇ ਵਿਕਾਸ ਕਰਨਾ।" ਇਹ ਫਿਕਰਾ ਉਹਨਾਂ ਨੇ ਅਫ਼ਗਾਨਿਸਤਾਨ 'ਚ ਤਾਇਨਾਤ ਅਮਰੀਕੀ ਜਨਰਲ ਦੇ ਬਿਆਨ ਤੋਂ ਸਿੱਧਾ ਉਧਾਰ ਲੈ ਲਿਆ ਸੀ। ਅਮਰੀਕੀ ਜਨਰਲ ਨੇ ਇਹ ਗੱਲ ਅਫ਼ਗਾਨਿਸਤਾਨ ਬਾਰੇ ਕਹੀ ਸੀ। ਚਿਦੰਬਰਮ ਇਹ ਗੱਲ ਆਪਣੇ ਹੀ ਦੇਸ਼ ਦੇ ਨਾਗਰਿਕਾਂ ਬਾਰੇ ਕਹਿ ਰਿਹਾ ਹੈ ਅਤੇ ਬਿਲਕੁਲ ਸੱਚ-ਸੱਚ ਬੋਲ ਰਿਹਾ ਹੈ। ਤੇਲ ਲਈ ਅਮਰੀਕਾ ਨੇ ਇਰਾਕ ਵਿੱਚ ਮਹਾਵਿਨਾਸ਼ ਰਚਿਆ। ਤੇਲ ਦੀ ਕੌਮਾਂਤਰੀ ਰਾਜਨੀਤੀ ਦੇ ਕਾਰਨ ਹੀ ਉਹ ਅਫ਼ਗਾਸਿਤਾਨ ਨੂੰ ਆਪਣੀ ਫੌਜੀ ਚੈੱਕਪੋਸਟ ਵੱਜੋਂ ਰੱਖਣਾ ਚਾਹੁੰਦਾ ਹੈ। ਭਾਰਤ ਦੀ ਪੂੰਜੀਪਤੀ ਜਮਾਤ ਆਪਣੇ ਅਤੇ ਸਾਮਰਾਜਵਾਦੀਆਂ ਦੇ ਹਿੱਤਾਂ ਦੀ ਪੂਰਤੀ ਲਈ, ਅੱਜ ਦੇਸ਼ ਅੰਦਰ ਇਰਾਕ ਅਤੇ ਅਫ਼ਗਾਨਿਸਤਾਨ ਜਿਹਾ ਮਹਾਂਵਿਨਾਸ਼ ਰਚਣ ਲਈ ਕਮਰ ਕੱਸ ਚੁੱਕੀ ਹੈ। ਖਣਿਜ ਸੰਪਤੀ ਦੀ ਲੁੱਟ ਲਈ ਉਸਨੇ ਅਸਲ 'ਚ ਦੇਸ਼ ਦੇ ਲੋਕਾਂ ਖਿਲਾਫ਼ ਜੰਗ ਛੇੜ ਦਿੱਤੀ ਹੈ। ਪਰ ਉਸਨੂੰ ਇੱਕ ਗੱਲ ਭੁੱਲਣੀ ਨਹੀਂ ਚਾਹਿਦੀ। ਅਮਰੀਕਾ ਇਰਾਕ ਵਿੱਚ ਉਂਞ ਫਸ ਚੁੱਕਾ ਹੈ ਜਿਵੇਂ ਦਲਦਲ 'ਚ ਬੁੱਢਾ ਹਾਥੀ। ਅਫ਼ਗਾਨਿਸਤਾਨ ਬਾਰੇ ਅਮਰੀਕਾ ਅਤੇ ਨਾਟੋ ਦੇ ਚੋਟੀ ਦੇ ਫੌਜੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਜੰਗ ਜਿੱਤਣੀ ਨਾ ਮੁਮਕਿਨ ਹੈ। ਆਪਣੇ ਦੇਸ਼ ਦੇ ਲੋਕਾਂ ਵਿਰੁੱਧ ਛੇੜੀ ਗਈ ਜੰਗ ਵਿੱਚ ਭਾਰਤੀ ਹਾਕਮ ਜਮਾਤ ਦੀ ਵੀ ਇਹੀ ਹਾਲਤ ਹੋ ਸਕਦੀ ਹੈ। ਚਿਦੰਬਰਮ ਨੇ ਅਫ਼ਗਾਨਿਸਤਾਨ ਤੋਂ ਜਿਹੜਾ ਰੂਪਕ ਲਿਆ ਹੈ, ਉਹ ਆਪਣੇ ਸਿੱਟੇ ਤੱਕ ਵੀ ਲਾਗੂ ਹੋ ਸਕਦਾ ਹੈ।

* * *

ਲਲਕਾਰ ਲਈ ਸਹਾਇਤਾ ਰਾਸ਼ੀ

ਮਾ. ਭਜਨ, ਲੁਧਿਆਣਾ 1000 ਰੁਪਏ

(ਆਪਣੀ ਨੌਕਰੀ ਤੋਂ ਸੇਵਾ-ਮੁਕਤੀ ਮੌਕੇ)

ਨਾਨਾ ਪਾਟੇਕਰ, ਸੰਨੀ ਦਿਓਲ ਅਤੇ ਚਿਦੰਬਰਮ

—ਅਲੋਕ ਰੰਜਨ

ਦਹਿਸ਼ਤਗਰਦੀ ਬੰਬੇ ਮਾਰਕਾ ਫਿਲਮਾਂ ਦੇ ਸਭ ਤੋਂ ਵੱਧ ਹਰਮਨ ਪਿਆਰੇ ਫਾਰਮੂਲਿਆਂ ਵਿੱਚੋਂ ਇੱਕ ਹੈ। ਇਹਨਾਂ ਵਿੱਚੋਂ ਵਧੇਰੇ ਫਿਲਮਾਂ ਇਸ ਗੱਲ ਦੀ ਪੁਰਜ਼ੋਰ ਵਕਾਲਤ ਕਰਦੀਆਂ ਹਨ ਕਿ ਕੋਰਟ-ਕਚਿਹਰੀ ਦੇ ਲੰਮੇ ਚੱਕਰਾਂ ਦੇ ਬਜਾਏ, ਪੁਲਿਸ ਨੂੰ ਪੂਰਾ-ਪੂਰਾ ਹੱਕ ਹੋਣਾ ਚਾਹੀਦਾ ਹੈ ਕਿ ਉਹ ਦਹਿਸ਼ਤਗਰਦ ਨੂੰ ਖੁਦ ਹੀ ਸਜ਼ਾ ਸੁਣਾ ਕੇ ਫਟਾ-ਫਟ ਉਸਦੀ ਤਾਮੀਲ ਵੀ ਕਰ ਦੇਵੇ। ਮਤਲਬ ਦਹਿਸ਼ਤਗਰਦਾਂ ਦੇ ਸੰਦਰਭ ਵਿੱਚ ਸੰਵਿਧਾਨ ਅਤੇ ਕਾਨੂੰਨ ਦੀ ਕੋਈ ਹੋਂਦ ਨਹੀਂ (ਤਰਕ ਇਹ ਕਿ ਉਹ ਖ਼ੁਦ ਵੀ ਤਾਂ ਉਹਨਾਂ ਨੂੰ ਨਹੀਂ ਮੰਨਦੇ!) ਉਹਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਜਾਂ ਟਾਰਚਰ ਚੈਂਬਰ ਵਿੱਚ ਢੇਰ ਕਰ ਦੇਣਾ ਸਦਾ ਹੀ ਨਿਆਂਸੰਗਤ ਹੈ। ਵੇਖਿਆ ਜਾਵੇ ਤਾਂ ਇਹ ਤਰਕ ਕਦੇ ਵੀ ਸੰਵਿਧਾਨਿਕ ਅਤੇ ਕਾਨੂੰਨੀ ਨਹੀਂ ਹੋ ਸਕਦਾ। ਪਰ ਇਸ ਦੇਸ਼ ਦਾ ਸੈਂਸਰ ਬੋਰਡ ਇਨ੍ਹਾਂ ਫਿਲਮਾਂ ਨੂੰ ਧੜੱਲੇ ਨਾਲ਼ ਪਾਸ ਕਰਦਾ ਹੈ। ਇੱਕ ਚੋਰ, ਡਕੈਤ ਅਤੇ ਕਾਤਲ ਨੂੰ ਵੀ ਨਿਆਂ ਦਾ ਹੱਕ ਹਾਸਲ ਹੈ ਅਤੇ ਇੱਕ ਦਹਿਸ਼ਤਗਰਦ ਨੂੰ ਵੀ। ਜਿਹੜੇ ਲੋਕ ਸੱਤਾ ਦੁਆਰਾ ਇਸ ਹੱਕ ਦੇ ਖੋਹੇ ਜਾਣ ਨੂੰ ਜਾਇਜ਼ ਠਹਿਰਾਉਂਦੇ ਹਨ, ਉਹ ਇੱਕ ਤਰਾਂ ਨਾਲ਼ ਮੰਨਦੇ ਹਨ ਕਿ ਖ਼ੁਦ ਇਹ ਰਾਜ ਸੱਤਾ ਹੀ ਦਹਿਸ਼ਤਗਰਦ ਹੈ।

ਖੈਰ, ਦਹਿਸ਼ਤਗਰਦੀ ਨੂੰ ਮੁੱਦਾ ਬਣਾਉਣ ਵਾਲੀਆਂ ਫਿਲਮਾਂ ਵਿੱਚ ਆਮ ਤੌਰ 'ਤੇ ਨਾਇਕ ਮਨੁੱਖੀ ਅਧਿਕਾਰ ਜੱਥੇਬੰਦੀਆਂ ਨੂੰ ਕਾਫ਼ੀ ਝਾੜਾਂ ਪਾਉਂਦਾ ਹੈ ਕਿ ਉਹ ਦਹਿਸ਼ਤਗਰਦਾਂ ਦੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੇ ਹਨ, ਝੂਠੇ ਮੁਕਾਬਲਿਆਂ ਆਦਿ ਦੀ ਨਿੰਦਾ ਕਰਦੇ ਹਨ ਅਤੇ ਦਹਿਸ਼ਤਗਰਦਾਂ ਦੇ ਕਾਨੂੰਨੀ ਬਚਾਅ ਵਿੱਚ ਮਦਦ ਕਰਦੇ ਹਨ। ਉਂਝ ਤਾਂ ਅਜਿਹੀਆਂ ਕਈ ਫ਼ਿਲਮਾਂ ਬਣੀਆਂ ਹਨ, ਪਰ ਇਸ ਰਿਪੋਰਟਰ ਨੂੰ ਅਜਿਹੀਆਂ ਦੋ ਫ਼ਿਲਮਾਂ ਬਖ਼ੂਬੀ ਯਾਦ ਹਨ ਜਿਨ੍ਹਾਂ ਵਿੱਚ ਮਨੁੱਖੀ ਅਧਿਕਾਰ ਜੱਥੇਬੰਦੀਆਂ ਨੂੰ ਫਿੱਟ-ਲਾਹਣਤ ਦਾ ਕੰਮ ਸੰਨੀ ਦਿਓਲ ਅਤੇ ਨਾਨਾ ਪਾਟੇਕਰ ਕਰਦੇ ਹਨ।

ਅਤੇ ਹੁਣੇ ਹੀ ਦੇਸ਼ ਦੇ ਗ੍ਰਹਿ ਮੰਤਰੀ ਚਿਦੰਮਬਰਮ ਨੇ ਵੀ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਦਹਿਸ਼ਤਗਰਦਾਂ ਵਿਰੁੱਧ ਕਾਰਵਾਈ ਵਿੱਚ ਮਨੁੱਖੀ ਅਧਿਕਾਰ ਜੱਥੇਬੰਦੀਆਂ ਆਮ ਤੌਰ 'ਤੇ ਰਾਹ ਦਾ ਰੋੜਾ ਬਣਦੀਆਂ ਹਨ। ਮਤਲਬ ਦਹਿਸ਼ਤਗਰਦਾਂ ਨਾਲ਼ ਨਜਿੱਠਣ ਦੀ ਨੀਤੀ 'ਤੇ ਚਿਦੰਬਰਮ ਅਤੇ ਸੰਨੀ ਦਿਉਲ-ਨਾਨਾ ਪਾਟੇਕਰ ਦੀ ਭਾਸ਼ਾ ਇੱਕੋ ਹੈ—ਇੱਕਦਮ 'ਮਿਲੇ ਸੁਰ ਮੇਰਾ-ਤੁਮ੍ਹਾਰਾ'। ਆਓ, ਹੁਣ ਜ਼ਰਾ ਇਸ ਸਾਂਝੇ ਦੁੱਖ ਦੇ ਅਰਥਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ। ਮਨੁੱਖੀ ਅਧਿਕਾਰ ਜੱਥੇਬੰਦੀਆਂ ਇਸ ਮਾਮਲੇ ਵਿੱਚ ਕੀ ਕਹਿੰਦੀਆਂ ਹਨ? ਉਹਨਾਂ ਦਾ ਮਹਿਜ ਇਹ ਕਹਿਣਾ ਹੈ ਕਿ ਸਜ਼ਾ ਦੇਣ ਤੋਂ ਪਹਿਲਾਂ ਦਹਿਸ਼ਤਗਰਦੀ ਦਾ ਦੋਸ਼ ਅਦਾਲਤ 'ਚ ਸਾਬਤ ਤਾਂ ਹੋਣਾ ਚਾਹੀਦਾ ਹੈ! ਜੇਕਰ ਇਲਜ਼ਾਮ ਤੈਅ ਕਰਨ ਅਤੇ ਸਜ਼ਾ ਦੇਣ ਦਾ ਅਧਿਕਾਰ ਪੁਲਿਸ ਨੂੰ ਹੀ ਹੈ ਤਾਂ ਫਿਰ ਕਾਨੂੰਨ-ਕੋਰਟ-ਕਚਿਹਰੀ ਦਾ ਮਤਲਬ ਹੀ ਕੀ ਹੈ? ਫਿਰ ਤਾਂ ਇਹੀ ਤਰਕ ਦਹਿਸ਼ਤਗਰਦੀ ਹੀ ਨਹੀਂ, ਸਗੋਂ ਹਰ ਤਰ੍ਹਾਂ ਦੇ ਜ਼ੁਰਮ 'ਤੇ ਲਾਗੂ ਹੋਣਾ ਚਾਹੀਦਾ ਹੈ। ਪੁਲਿਸ ਦੁਆਰਾ ਕਿਸੇ ਨੂੰ ਵੀ ਦਹਿਸ਼ਤਗਰਦ ਦੱਸਕੇ ਇਨਕਾਊਂਟਰ ਕਰ ਦੇਣ, ਤਸੀਹੇ ਦੇ ਕੇ ਗੁਨਾਹ ਕਬੂਲ ਕਰਾਉਣ ਅਤੇ ਹਿਰਾਸਤ 'ਚ ਮੌਤਾਂ ਸਾਡੇ ਦੇਸ਼ 'ਚ ਇੱਕਦਮ ਆਮ ਗੱਲ ਹੈ। "ਖੱਬੇ-ਪੱਖੀ" ਅੱਤਵਾਦ ਜਾਂ ਕਿਸੇ ਕਿਸਮ ਦੇ ਅੱਤਵਾਦ ਨੂੰ ਦਬਾਉਣ ਦੇ ਨਾਂ 'ਤੇ 'ਕਾਬਿੰਗ ਆਪਰੇਸ਼ਨ' ਰਾਹੀਂ ਆਮ ਅਬਾਦੀ ਨੂੰ ਬਰਬਰ ਜ਼ਬਰ ਦਾ ਸ਼ਿਕਾਰ ਬਣਾਉਣ ਦੀਆਂ ਘਟਨਾਵਾਂ ਸਿੱਧ ਹੋ ਚੁੱਕੀਆਂ ਹਨ। 'ਸਲਵਾ ਜੁਡਮ' ਦੀ ਨੰਗੀ ਸੱਚਾਈ ਅੱਜ ਪੂਰੇ ਦੇਸ਼ ਸਾਮ੍ਹਣੇ ਹੈ। ਮਨੁੱਖੀ ਅਧਿਕਾਰ ਜੱਥੇਬੰਦੀਆਂ ਇਹਨਾਂ ਚੀਜ਼ਾਂ ਦਾ ਵਿਰੋਧ ਕਰਦੀਆਂ ਹਨ। ਉਹਨਾਂ ਦਾ ਕਹਿਣਾ ਹੈ ਕਿ ਅਪਰਾਧੀ ਦੇ ਵੀ ਜਮਹੂਰੀ ਹੱਕ ਹੁੰਦੇ ਹਨ। ਨਿਆਂ ਹਾਸਲ ਕਰਨਾ ਉਹਨਾਂ ਦਾ ਹੱਕ ਹੈ ਅਤੇ ਇਲਜ਼ਾਮ ਸਾਬਤ ਹੋਣ ਮਗਰੋਂ ਹੀ ਉਸਨੂੰ ਸਜ਼ਾ ਦਿੱਤੀ ਜਾ ਸਕਦੀ ਹੈ। ਜਿੱਥੋਂ ਤੱਕ ਦਹਿਸ਼ਤਗਰਦੀ ਦੀ ਗੱਲ ਹੈ, ਆਪਣੇ ਹਰ ਰੂਪ 'ਚ ਇਹ ਇੱਕ ਰਾਜਨੀਤਕ ਵਿਚਾਰਧਾਰਾ ਹੈ। ਦਹਿਸ਼ਤਗਰਦ ਰਾਜ ਖਿਲਾਫ਼ ਜੰਗ ਛੇੜਦਾ ਹੈ। ਇਸ ਜੰਗ ਵਿੱਚ ਜੇਕਰ ਉਹ ਮਾਰਿਆ ਜਾਂਦਾ ਹੈ ਤਾਂ ਉਹ ਵੱਖਰੀ ਗੱਲ ਹੈ। ਜੇਕਰ ਉਹ ਫੜਿਆ ਜਾਂਦਾ ਹੈ ਤਾਂ ਉਸ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ। ਪਰ ਮੁਕਦਮੇ ਦੌਰਾਨ ਉਸਨੂੰ ਰਾਜਨੀਤਕ ਕੈਦੀ ਦੇ ਹੱਕਾਂ ਤੋਂ ਵਾਂਝਿਆ ਨਹੀਂ ਕੀਤਾ ਜਾ ਸਕਦਾ ਜਾਂ ਝੂਠੇ ਮੁਕਾਬਲੇ 'ਚ ਉਸਦਾ ਕਤਲ ਨਹੀਂ ਕੀਤਾ ਜਾ ਸਕਦਾ। ਪੂਰੇ ਸੰਸਾਰ ਦੀਆਂ ਸਾਰੀਆਂ ਪੂੰਜੀਵਾਦੀ ਜਮਹੂਰੀਅਤਾਂ ਇਨ੍ਹਾਂ ਗੱਲਾਂ ਨੂੰ ਅਸੂਲੀ ਤੌਰ 'ਤੇ ਮੰਨਦੀਆਂ ਹਨ, ਪਰ ਅਮਲੀ ਤੌਰ 'ਤੇ ਨਹੀਂ। ਮਨੁੱਖੀ ਅਧਿਕਾਰ ਜੱਥੇਬੰਦੀਆਂ, ਜਮ੍ਹੂਰੀ ਅਧਿਕਾਰ ਜੱਥੇਬੰਦੀਆਂ ਅਤੇ ਨਾਗਰਿਕ ਅਜ਼ਾਦੀ ਜੱਥੇਬੰਦੀਆਂ ਇਨ੍ਹਾਂ ਅਸੂਲਾਂ ਨੂੰ ਅਮਲ ਵਿੱਚ ਲਿਆਉਣ ਲਈ ਦਬਾਅ ਬਣਾਉਂਦੀਆਂ ਹਨ। ਇਹ ਸੰਵਿਧਾਨ ਅਤੇ ਕਾਨੂੰਨ-ਵਿਵਸਥਾ ਵਿੱਚ ਦੱਸੀਆਂ ਗੱਲਾਂ ਨੂੰ ਹੀ ਲਾਗੂ ਕਰਾਉਣ ਦਾ ਸਵਾਲ ਹੈ, ਜਿਹੜਾ ਜਮਹੂਰੀ ਅਧਿਕਾਰ ਜੱਥੇਬੰਦੀਆਂ ਚੁੱਕਦੀਆਂ ਹਨ। ਇਸ ਤੋਂ ਵੱਧ ਕੁੱਝ ਨਹੀਂ ਹੈ। ਫਿਰ ਵੀ ਚਿਦੰਬਰਮ ਸਾਹਿਬ ਨੂੰ ਲੱਗਦਾ ਹੈ ਕਿ ਮਨੁੱਖੀ ਅਧਿਕਾਰ ਜੱਥੇਬੰਦੀਆਂ ਕੁੱਝ ਗਲਤ ਕਰ ਰਹੀਆਂ ਹਨ ਤਾਂ ਉਹਨਾਂ ਨੂੰ ਸਭ ਤੋਂ ਪਹਿਲਾਂ ਸੰਵਿਧਾਨ ਅਤੇ ਕਾਨੂੰਨ-ਪ੍ਰਣਾਲੀ ਦੀਆਂ ਕਈ ਧਾਰਾਵਾਂ ਨੂੰ ਖਤਮ ਕਰਨ ਦੀ ਮੰਗ ਕਰਨੀ ਚਾਹੀਦੀ ਹੈ। ਵੇਖਿਆ ਜਾਵੇ ਤਾਂ ਇੱਕ ਤਰ੍ਹਾਂ ਨਾਲ਼ ਚਿਦੰਬਰਮ ਇੱਕ 'ਪੁਲਿਸ ਰਾਜ' ਵਰਗਾ ਅਰਧ ਫਾਸਿਸਟ ਢਾਂਚਾ ਕਾਇਮ ਕਰਨ ਦੀ ਗੱਲ ਕਰ ਰਹੇ ਹਨ ਜਿੱਥੇ ਅਮੂਰਤ "ਦੇਸ਼ ਹਿਤ" ਦੇ ਬਹਾਨੇ ਕਿਸੇ ਨੂੰ ਵੀ ਸਜ਼ਾ ਦੇਣ ਦੇ ਸਭ ਹੱਕ ਸ਼ਾਸਨ-ਪ੍ਰਸ਼ਾਸਨ ਨੂੰ ਹਾਸਲ ਹੋਣ। ਇੱਕ ਸਰਵਸੱਤਾਵਾਦੀ ਰਾਜ ਅਜਿਹਾ ਹੀ ਹੁੰਦਾ ਹੈ, ਜਿਹੋ ਜਿਹਾ ਚਿਦੰਬਰਮ ਚਾਹੁੰਦੇ ਹਨ। ਇਸ ਲਈ ਉਹ ਨਾਨਾ ਪਾਟੇਕਰ ਅਤੇ ਸੰਨੀ ਦਿਓਲ ਦੇ ਸੁਰ 'ਚ ਸੁਰ ਮਿਲਾ ਕੇ ਡਾਇਲਾਗ ਬੋਲ ਰਹੇ ਹਨ।

ਲੁਧਿਆਣਾ ਦੀਆਂ ਸੜਕਾਂ ’ਤੇ ਹਜ਼ਾਰਾਂ ਮਜ਼ਦੂਰਾਂ ਦੇ ਗੁੱਸੇ ਦਾ ਲਾਵਾ ਫੁੱਟਿਆ

(ਰੋਜ਼-ਰੋਜ਼ ਦੀ ਲੁੱਟ, ਬੇਇੱਜ਼ਤੀ ਅਤੇ ਜਬਰ ਵਿਰੁੱਧ ਲੱਖਾਂ ਮਜ਼ਦੂਰਾਂ ਵਿੱਚ ਵਰ੍ਹਿਆਂ ਤੋਂ ਬੇਚੈਨੀ ਸੁਲਘ ਰਹੀ ਹੈ)

—ਲਖਵਿੰਦਰ

ਪਿਛਲੇ 4 ਦਸੰਬਰ ਨੂੰ ਲੁਧਿਆਣਾ ਦੀਆਂ ਸੜਕਾਂ ਉੱਤੇ ਹਜ਼ਾਰਾਂ ਮਜ਼ਦੂਰਾਂ ਦਾ ਮੁਜਾਹਰਾ ਅਤੇ ਪੁਲਿਸ ਦੁਆਰਾ ਉਹਨਾਂ ਦੇ ਜਬਰ ਦੀ ਘਟਨਾ ਸਾਰੇ ਦੇਸ਼ ਦੇ ਅਖਬਾਰਾਂ ਅਤੇ ਖਬਰੀਆ ਟੀ. ਵੀ. ਚੈਨਲਾਂ ਦੀਆਂ ਸੁਰਖੀਆਂ ਵਿੱਚ ਰਹੀ। ਪਰ ਮਜ਼ਦੂਰਾਂ ਦੇ ਇਸ ਸੰਘਰਸ਼ ਅਤੇ ਉਹਨਾਂ ਦੇ ਜਬਰ ਦੀ ਸਹੀ–ਸਹੀ ਤਸਵੀਰ ਕਿਸੇ ਨੇ ਪੇਸ਼ ਨਹੀਂ ਕੀਤੀ। ਇੱਕ ਮਸ਼ਹੂਰ ਪੰਜਾਬੀ ਅਖਬਾਰ ਨੇ ਮਜ਼ਦੂਰਾਂ ਨੂੰ ਦੰਗਾਕਾਰੀਆਂ ਦਾ ਨਾਮ ਦਿੱਤਾ। ਇੱਕ ਅਖਬਾਰ ਨੇ ਮਜ਼ਦੂਰਾਂ ਦੇ ਮੁਜ਼ਾਹਰੇ ਨੂੰ ਪਾਗਲਾਂ ਦੁਆਰਾ ਕੀਤੀ ਗਈ ਹਿੰਸਾ ਅਤੇ ਤੋੜ–ਫੋੜ ਕਿਹਾ। ਇੱਕ ਅੰਗਰੇਜ਼ੀ ਅਖਬਾਰ ਨੇ ਲੁਧਿਆਣਾ ਦੀਆਂ ਇਹਨਾਂ ਘਟਨਾਵਾਂ ਨੂੰ ਪ੍ਰਵਾਸੀ ਮਜ਼ਦੂਰਾਂ ਅਤੇ ਸਥਾਨਕ ਲੋਕਾਂ ਵਿਚਕਾਰ ਹਿੰਸਾ ਕਹਿ ਕੇ ਗਲਤ ਪ੍ਰਚਾਰ ਕੀਤਾ। ਉਹਨਾਂ ਪੂੰਜੀਵਾਦੀ ਅਖਬਾਰਾਂ ਨੇ, ਜੋ ਮਜ਼ਦੂਰਾਂ ਦੇ ਪੱਖ ਵਿੱਚ ਲਿਖਣ ਵਾਲ਼ੇ ਮਹਿਸੂਸ ਵੀ ਹੋਏ, ਯੂ.ਪੀ.–ਬਿਹਾਰ ਦੇ ਖੇਤਰੀ ਨਜ਼ਰੀਏ ਤੋਂ ਹੀ ਲਿਖਿਆ ਅਤੇ ਘਟਨਾਕ੍ਰਮ ਨੂੰ ਇਸ ਤਰਾਂ ਪੇਸ਼ ਕੀਤਾ ਜਿਵੇਂ ਇਹ ਯੂ. ਪੀ. –ਬਿਹਾਰ ਦੇ ਨਾਗਰਿਕਾਂ ਅਤੇ ਪੰਜਾਬ ਦੇ ਨਾਗਰਿਕਾਂ ਵਿਚਕਾਰ ਲੜਾਈ ਹੋਵੇ। ਇਸ ਘਟਨਾਕ੍ਰਮ ਦਾ ਸਹੀ–ਸਹੀ ਵੇਰਵਾ ਅਤੇ ਉਸਦੇ ਪਿਛੋਕੜ ਵਿੱਚ ਅਸਲ ਕਾਰਨ ਇਹਨਾਂ ਪੂੰਜੀਵਾਦੀ ਅਖਬਾਰਾਂ ਅਤੇ ਟੀ.ਵੀ. ਚੈਨਲਾਂ ਤੋਂ ਲਗਭਗ ਗਾਇਬ ਰਹੇ ਅਤੇ ਉਹਨਾਂ ਨੇ ਕੁੱਲ ਮਿਲਾ ਕੇ ਲੋਕਾਂ ਨੂੰ ਗਲਤ ਜਾਣਕਾਰੀ ਮੁਹੱਈਆ ਕਰਵਾਕੇ ਮਜ਼ਦੂਰਾਂ ਦੇ ਇਸ ਵਿਰੋਧ ਵਿਖਾਵੇ ਨੂੰ ਬਦਨਾਮ ਕੀਤਾ, ਇਸ ਬਾਰੇ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕੀਤਾ।

ਦਿੱਲੀ ਤੋਂ ਅੰਮ੍ਰਿਤਸਰ ਜਾਣ ਵਾਲ਼ੇ ਨੈਸ਼ਨਲ ਹਾਈਵੇ ’ਤੇ ਸਥਿਤ ਲੁਧਿਆਣਾ ਦੇ ਫੋਕਲ ਪੁਆਇੰਟ ਖੇਤਰ ਵਿੱਚ ਅਕਤੂਬਰ ਤੋਂ ਹੀ ਬਾਈਕਰਜ਼ ਗੈਂਗ ਦੀ ਦਹਿਸ਼ਤ ਸੀ। ਰਾਤ ਨੂੰ ਜਦੋਂ ਮਜ਼ਦੂਰ ਕਾਰਖਾਨਿਆਂ ਤੋਂ ਛੁੱਟੀ ਮਿਲਣ ’ਤੇ ਘਰ ਪਰਤ ਰਹੇ ਹੁੰਦੇ ਤਾਂ ਮੋਟਰ ਸਾਈਕਲਾਂ ’ਤੇ ਸਵਾਰ ਗੁੰਡੇ ਬੇਸਬਾਲ, ਲੋਹੇ ਦੀਆਂ ਰਾਡਾਂ, ਚਾਕੂ ਆਦਿ ਹਥਿਆਰਾਂ ਨਾਲ਼ ਉਹਨਾਂ ’ਤੇ ਹਮਲਾ ਕਰਦੇ ਅਤੇ ਲੁੱਟ ਲੈਂਦੇ। ਪਿਛਲੇ ਦੋ ਮਹੀਨਿਆਂ ਵਿੱਚ ਹੀ ਅਜਿਹੇ ਡੇਢ ਤੋਂ ਵੀ ਜ਼ਿਆਦਾ ਹਮਲੇ ਹੋਏ। ਇਹਨਾਂ ਵਾਰਦਾਤਾਂ ਵਿੱਚ ਕਾਫੀ ਮਜ਼ਦੂਰਾਂ ਦੀਆਂ ਜਾਨਾਂ ਗਈਆਂ। ਮਜ਼ਦੂਰ ਲਗਾਤਾਰ ਗੁੰਡਿਆਂ–ਲੁਟੇਰਿਆਂ ਦਾ ਸ਼ਿਕਾਰ ਹੋ ਰਹੇ ਸਨ ਅਤੇ ਦਹਿਸ਼ਤ ਵਿੱਚ ਜੀਅ ਰਹੇ ਸਨ ਪਰ ਇਸਦੇ ਬਾਵਜੂਦ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਦੇ ਕੰਨਾਂ ’ਤੇ ਜੂੰ ਨਹੀਂ ਸਰਕੀ।

3 ਦਸੰਬਰ ਨੂੰ ਤਿੰਨ ਮਜ਼ਦੂਰ ਬਾਈਕਰਜ਼ ਗੈਂਗ ਦੇ ਹਮਲੇ ਦਾ ਸ਼ਿਕਾਰ ਹੋਏ। ਕੁੱਝ ਮਜ਼ਦੂਰ ਇਕੱਠਾ ਹੋ ਕੇ ਆਪਣੇ ਇੱਕ ਸਾਥੀ ’ਤੇ ਹੋਏ ਹਮਲੇ ਦੀ ਰਿਪੋਰਟ ਦਰਜ ਕਰਵਾਉਣ ਲਈ ਲੁਧਿਆਣਾ ਦੀ ਢੰਡਾਰੀ ਕਲਾਂ ਚੌਂਕੀ ਪਹੁੰਚੇ। ਪਰ ਪੁਲਿਸ ਨੇ ਉਹਨਾਂ ਦੀ ਗੱਲ ਸੁਣਨ, ਸ਼ਿਕਾਇਤ ਦਰਜ ਕਰਨ ਅਤੇ ਉੱਚਿਤ ਕਦਮ ਚੁੱਕਣ ਦੀ ਬਜਾਏ ਮਜ਼ਦੂਰਾਂ ਨੂੰ ਹੀ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਰਿਪੋਰਟ ਦਰਜ ਕਰਨ ਦੀ ਬਜਾਏ ਉਹਨਾਂ ਨੂੰ ਚੌਂਕੀ ਵਿੱਚੋਂ ਭਜਾ ਦਿੱਤਾ। ਪੁਲਿਸ ਦੇ ਇਸ ਵਿਉਹਾਰ ਤੋਂ ਗੁੱਸੇ ਵਿੱਚ ਆਏ ਸੈਂਕੜੇ ਮਜ਼ਦੂਰ ਢੰਡਾਰੀ ਪੁਲਿਸ ਚੌਂਕੀ ਪਹੁੰਚੇ। ਇਸ ’ਤੇ ਵੀ ਪੁਲਿਸ ਨੇ ਉਹਨਾਂ ਦੀ ਇੱਕ ਨਾ ਸੁਣੀ। ਪੁਲਿਸ ਦੁਆਰਾ ਉਹਨਾਂ ਦੀ ਸਮੱਸਿਆ ਦੀ ਅਣਦੇਖੀ ਅਤੇ ਬੇਇੱਜ਼ਤ ਕਰਨ ਵਾਲ਼ੇ ਰਵੱਈਏ ਤੋਂ ਭੜਕੇ ਮਜ਼ਦੂਰਾਂ ਨੇ ਜੀ.ਟੀ. ਰੋਡ ਜਾਮ ਕਰ ਦਿੱਤਾ। ਮਜ਼ਦੂਰਾਂ ਦੀ ਸ਼ਿਕਾਇਤ ਦੀ ਸੁਣਵਾਈ ਕਰਨ ਦੀ ਬਜਾਏ ਪੁਲਿਸ ਹੁਣ ਵੀ ਮਜ਼ਦਰਾਂ ਨੂੰ ਭਜਾਉਣ ਦਾ ਰਵੱਈਆ ਅਪਣਾਈ ਬੈਠੀ ਸੀ। ਜਦੋਂ ਵੱਡੀ ਪੁਲਿਸ ਫੋਰਸ ਬੁਲਾ ਕੇ ਮਜ਼ਦੂਰਾਂ ’ਤੇ ਭਾਰੀ ਜਬਰ ਦੀ ਤਿਆਰੀ ਹੋਣ ਲੱਗੀ ਤਾਂ ਮਜ਼ਦੂਰ ਸਮਝ ਗਏ ਕਿ ਹੁਣ ਪੁਲਿਸ ਸ਼ਾਂਤੀਪੂਰਵਕ ਉਹਨਾਂ ਦੀ ਗੱਲ ਸੁਣਨ ਵਾਲ਼ੀ ਨਹੀਂ ਹੈ। ਪੁਲਿਸ ਦੇ ਰਵੱਈਏ ਨੇ ਮਜ਼ਦੂਰਾਂ ਨੂੰ ਏਨੀ ਬੁਰੀ ਤਰਾਂ ਭੜਕਾ ਦਿੱਤਾ ਕਿ ਭੜਕੇ ਹੋਏ ਮਜ਼ਦੂਰਾਂ ਨੇ ਉੱਥੇ ਖੜੇ ਕੁੱਝ ਵਾਹਨਾਂ ਦੀ ਤੋੜ–ਭੰਨ ਕਰਨੀ ਸ਼ੁਰੂ ਕਰ ਦਿੱਤੀ ਅਤੇ ਕੁੱਝ ਨੂੰ ਅੱਗ ਲਗਾ ਦਿੱਤੀ। ਪੁਲਿਸ ਇਸੇ ਬਹਾਨੇ ਦੀ ਤਲਾਸ਼ ਵਿੱਚ ਸੀ। ਫਿਰ ਪੁਲਿਸ ਨੇ ਮਜ਼ਦੂਰਾਂ ’ਤੇ ਜਮ ਕੇ ਲਾਠੀਆਂ ਵਰ੍ਹਾਈਆਂ। ਪੁਲਿਸ ਨੇ ਬੇਰਹਿਮੀ ਨਾਲ਼ ਮਜ਼ਦੂਰਾਂ ਤੋਂ ਸੜਕ ਖਾਲੀ ਕਰਵਾਈ।

ਮਜ਼ਦੂਰਾਂ ’ਤੇ ਜਮਕੇ ਡਾਂਗਾਂ ਵਰ੍ਹਾਉਣ ਨਾਲ਼ ਵੀ ਪੁਲਿਸ ਦਾ ਮਨ ਨਾ ਭਰਿਆ। ਪੁਲਿਸ ਨੇ ਮਜ਼ਦੂਰਾਂ ਦੀ ਬਸਤੀ ’ਚ ਜਾ ਕੇ ਘਰਾਂ ’ਚੋਂ ਕੱਢ–ਕੱਢ ਕੇ ਮਜ਼ਦੂਰਾਂ ਦੀ ਕੁੱਟਮਾਰ ਕੀਤੀ। ਪੁਲਿਸ ਨੇ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਤੱਕ ਨੂੰ ਵੀ ਨਾ ਬਖਸ਼ਿਆ। ਸਾਰੀ ਰਾਤ ਪੁਲਿਸ ਦੇ ਅੱਤਿਆਚਾਰ ਦਾ ਤਾਂਡਵ ਹੁੰਦਾ ਰਿਹਾ। ਪੁਲਿਸ ਨੂੰ ਗਲਤਫਹਿਮੀ ਸੀ ਕਿ ਇਸ ਨਾਲ਼ ਮਜ਼ਦੂਰਾਂ ਵਿੱਚ ਦਹਿਸ਼ਤ ਫੈਲ ਜਾਵੇਗੀ ਅਤੇ ਉਹ ਫਿਰ ਕਦੇ ਵੀ ਪੁਲਿਸ ਦਾ ਮੁਕਾਬਲਾ ਕਰਨ ਦੀ ਹਿੰਮਤ ਨਹੀਂ ਕਰਨਗੇ। ਪਰ ਅਗਲੇ ਦਿਨ ਸੜਕਾਂ ’ਤੇ ਉੱਤਰੇ ਮਜ਼ਦੂਰਾਂ ਦੇ ਹੜ੍ਹ ਨੇ ਪੁਲਿਸ ਦੀ ਗਲਤਫਹਿਮੀ ਦੂਰ ਕਰ ਦਿੱਤੀ।

ਰਾਤ ਨੂੰ ਪਲਿਸ ਦੁਆਰਾ ਬੇਰਹਿਮ ਅੱਤਿਆਚਾਰ ਦਾ ਸ਼ਿਕਾਰ ਹੋਏ, ਗੁੱਸੇ ਨਾਲ਼ ਭੜਕੇ 10 ਹਜ਼ਾਰ ਦੇ ਲਗਭਗ ਮਜ਼ਦੂਰਾਂ ਨੇ 4 ਦਸੰਬਰ ਦੀ ਸਵੇਰ ਨੂੰ ਵਿਰੋਧ ਵਿਖਾਵਾ ਕੀਤਾ। ਮਜ਼ਦੂਰਾਂ ਨੇ ਫੋਕਲ ਪੁਆਇੰਟ ਏਰੀਆ ਵਿੱਚ ਮਾਰਚ ਕਰਕੇ ਕਾਰਖਾਨਿਆਂ ਦਾ ਕੰਮ ਬੰਦ ਕਰਵਾਇਆ ਅਤੇ ਜੀ.ਟੀ. ਰੋਡ ਜਾਮ ਕਰ ਦਿੱਤਾ। ਫਿਰ ਮਜ਼ਦੂਰ ਰੇਲਵੇ ਟ੍ਰੈਕ ਵੀ ਜਾਮ ਕਰਕੇ ਧਰਨੇ ’ਤੇ ਬੈਠ ਗਏ। ਸਾਰੇ ਜ਼ਿਲ੍ਹੇ ਤੋਂ ਪੁਲਿਸ ਫੋਰਸ ਮੰਗਵਾਈ ਗਈ। ਪਰ ਵਿਖਾਵਾਕਾਰੀ ਮਜ਼ਦੂਰਾਂ ਦੇ ਵਿਸ਼ਾਲ ਜਨਸਮੂਹਾਂ ਦੇ ਸਾਹਮਣੇ ਪੁਲਿਸ ਦੀ ਕੋਈ

ਕਾਰਵਾਈ ਕਰਨ ਦੀ ਹਿੰਮਤ ਨਾ ਹੋਈ। ਇਲਾਕੇ ਵਿੱਚ ਕਰਫਿਊ ਲਗਾ ਦਿੱਤਾ ਗਿਆ। ਪਰ ਮਜ਼ਦੂਰ ਡਟੇ ਹੋਏ ਸਨ। ਪੁਲਿਸ ਨੂੰ ਪਿਛਲੇ ਤਜ਼ਰਬਿਆਂ ਤੋਂ ਪਤਾ ਸੀ ਕਿ ਕਰਫਿਊ ਅਤੇ ਡੰਡੇ-ਗੋਲੀ ਨਾਲ਼ ਮਜ਼ਦੂਰਾਂ ਨੂੰ ਦਬਾਇਆ ਨਹੀਂ ਜਾ ਸਕਦਾ। ਪੁਲਿਸ ਨੇ ਨਵੀਂ ਰਣਨੀਤੀ ਅਖਤਿਆਰ ਕੀਤੀ। ਪੁਲਿਸ ਦੁਆਰਾ ਮਜ਼ਦੂਰਾਂ ਨੂੰ ਕੁੱਟਣ-ਮਾਰਨ ਲਈ ਭਾਰੀ ਸੰਖਿਆ ਵਿੱਚ ਗੁੰਡਿਆਂ ਨੂੰ ਬੁਲਾਇਆ ਗਿਆ। ਰਾਜਨੀਤਕ ਪਾਰਟੀਆਂ ਦੇ ਗੁੰਡਾ-ਗਿਰੋਹ ਖਾਸ ਕਰਕੇ ਯੂਥ ਕਾਂਗਰਸ ਦੇ ਗੁੰਡੇ ਅਤੇ ਕਾਰਖਾਨਾ ਮਾਲਿਕਾਂ ਵੱਲੋਂ ਰੱਖੇ ਗਏ ਭਾੜੇ ਦੇ ਗੁੰਡਿਆਂ ਨੇ ਆਸ ਪਾਸ ਦੇ ਇਲਾਕਿਆਂ ਵਿੱਚ ਰਹਿਣ ਵਾਲ਼ੀ ਪੰਜਾਬੀ ਅਬਾਦੀ ਨੂੰ ਇਹ ਝੂਠ ਬੋਲਕੇ ਗੁੰਮਰਾਹ ਕੀਤਾ ਅਤੇ ਭੜਕਾਇਆ ਕਿ ਯੂ. ਪੀ.-ਬਿਹਾਰ ਦੇ 'ਭਈਆਂ' ਦੀ ਭੀੜ ਪੰਜਾਬੀਆਂ 'ਤੇ ਹਮਲਾ ਕਰਨ ਵਾਲ਼ੀ ਹੈ। ਹੁਣ ਪੁਲਿਸ ਅਤੇ ਗੁੰਡਿਆਂ ਨੇ ਝੂਠ ਬੋਲਕੇ ਭੜਕਾਈ ਗਈ ਬੜੀ ਸੰਖਿਆ ਵਿੱਚ ਆਮ ਪੰਜਾਬੀ ਅਬਾਦੀ ਨੂੰ ਨਾਲ਼ ਲੈ ਕੇ ਮਜ਼ਦੂਰਾਂ 'ਤੇ ਹਮਲਾ ਬੋਲ ਦਿੱਤਾ। ਪੁਲਿਸ ਦੀ ਇਹ ਚਾਲ ਕਾਮਯਾਬ ਰਹੀ।

ਮਜ਼ਦੂਰਾਂ ਨੂੰ ਖਦੇੜਨ ਤੋਂ ਬਾਅਦ ਮਜ਼ਦੂਰ ਅਬਾਦੀ ਵਾਲ਼ੇ ਲਗਭਗ ਪੰਜ ਥਾਣਾਂ ਖੇਤਰਾਂ ਵਿੱਚ ਕਰਫਿਊ ਲਗਾ ਦਿੱਤਾ ਗਿਆ ਪਰ ਗੁੰਡਿਆਂ ਲਈ ਕੋਈ ਕਰਫਿਊ ਨਹੀਂ ਸੀ। ਮਜ਼ਦੂਰਾਂ ਨੂੰ ਘਰਾਂ 'ਚੋਂ ਕੱਢ-ਕੱਢ ਕੁੱਟਿਆ ਜਾਣਾ ਜਾਰੀ ਸੀ। ਅਨੇਕਾਂ ਔਰਤਾਂ ਦੇ ਕੱਪੜੇ ਤੱਕ ਪਾੜੇ ਗਏ। ਕਈ ਮਜ਼ਦੂਰ ਔਰਤਾਂ ਬਲਾਤਕਾਰ ਦਾ ਸ਼ਿਕਾਰ ਹੋਈਆਂ। 4 ਦਸੰਬਰ ਦੀ ਰਾਤ ਨੂੰ ਢੰਡਾਰੀ ਪੁਲਿਸ ਚੌਂਕੀ ਦੇ ਬਿਲਕੁਲ ਪਿੱਛੇ ਬਣੇ ਮਜ਼ਦੂਰਾਂ ਦੇ ਇੱਕ ਵਿਹੜੇ 'ਤੇ, ਜਿਸ ਵਿੱਚ ਲਗਭਗ 150 ਕਮਰੇ ਹਨ, ਤਲਵਾਰਾਂ ਨਾਲ਼ ਲੈਸ ਕੋਈ 40 ਗੁੰਡਿਆਂ ਨੇ ਹਮਲਾ ਕਰ ਦਿੱਤਾ। ਕਈਆਂ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ ਗਿਆ। ਅਨੇਕ ਕਮਰਿਆਂ ਦੇ ਦਰਵਾਜ਼ੇ-ਖਿੜਕੀਆਂ ਤੋੜ ਦਿੱਤੇ ਗਏ। ਇਹ ਗੁੰਡੇ ਜਾਂਦੇ ਹੋਏ ਇਹ ਧਮਕੀ ਦੇ ਕੇ ਗਏ ਕਿ ਸਵੇਰ ਤੱਕ ਸਾਰੇ ਲੋਕ ਪੰਜਾਬ ਛੱਡ ਕੇ ਭੱਜ ਜਾਣ, ਨਹੀਂ ਤਾਂ ਸਾਰਿਆਂ ਨੂੰ ਜਿਉਂਦੇ ਜਲ਼ਾ ਦਿੱਤਾ ਜਾਵੇਗਾ। ਗੁੰਡਿਆਂ ਦੇ ਚਲੇ ਜਾਣ ਤੋਂ ਬਾਅਦ ਪਹਿਲਾਂ ਹੀ ਸੋਚੀ-ਸਮਝੀ ਚਾਲ ਦੇ ਅਨੁਸਾਰ ਪੁਲਿਸ ਸ਼ਿਕਇਤ ਦਰਜ ਕਰਨ ਲਈ ਪਹੁੰਚ ਗਈ। ਜਦੋਂਕਿ ਇਹ ਸਭ ਕੁੱਝ ਪੁਲਿਸ ਚੌਂਕੀ ਦੇ ਬਿਲਕੁੱਲ ਨਜ਼ਦੀਕ ਹੀ ਹੋ ਰਿਹਾ ਸੀ। ਹੋਰ ਵੀ ਕਈ ਥਾਵਾਂ 'ਤੇ ਪੁਲਿਸ ਅਤੇ ਗੁੰਡਿਆਂ ਨੇ ਮਿਲਕੇ ਮਜ਼ਦੂਰਾਂ ਦੀ ਮਾਰ-ਕੁੱਟ ਕੀਤੀ, ਉਹਨਾਂ ਦੇ ਘਰਾਂ ਨੂੰ ਅੱਗ ਲਗਾਈ, ਤੋੜ-ਭੰਨ ਕੀਤੀ। ਗੁੰਡਿਆਂ ਨੇ ਇੱਕ ਮੂੰਗਫਲੀ ਵੇਚਣ ਵਾਲ਼ੇ ਦੇ ਸਿਰ 'ਤੇ ਲੋਹੇ ਦੀ ਰਾਡ ਮਾਰ ਕੇ ਕਤਲ ਕਰ ਦਿੱਤਾ। 4 ਦਸੰਬਰ ਦੇ ਦਿਨ ਅਤੇ ਰਾਤ ਨੂੰ ਲਗਾਤਾਰ ਅਜਿਹੀਆਂ ਘਟਨਾਵਾਂ ਹੁੰਦੀਆਂ ਰਹੀਆਂ, ਉੱਥੇ ਹੀ ਅਗਲੇ ਦਿਨਾਂ ਵਿੱਚ ਵੀ ਪੁਲਿਸ ਅਤੇ ਗੁੰਡੇ ਮਜ਼ਦੂਰ ਬਸਤੀਆਂ ਵਿੱਚ ਖੌਫ ਦਾ ਮਹੌਲ ਪੈਦਾ ਕਰਦੇ ਰਹੇ। ਨਾਲ਼ ਹੀ 40 ਤੋਂ ਵੱਧ ਮਜ਼ਦੂਰਾਂ ਨੂੰ ਜੇਲ ਵਿੱਚ ਸੁੱਟ ਦਿੱਤਾ ਗਿਆ ਅਤੇ ਸੈਂਕੜੇ ਅਣਜਾਣ ਲੋਕਾਂ 'ਤੇ ਕੇਸ ਬਣਾ ਦਿੱਤਾ। ਪੁਲਿਸ ਲੁਧਿਆਣੇ 'ਚ ਸਰਗਰਮ ਮਜ਼ਦੂਰ ਯੂਨੀਅਨਾਂ ਦੇ ਕਾਰਕੁਨਾਂ ਦੀ ਤਲਾਸ਼ ਵਿੱਚ ਘੁੰਮ ਰਹੀ ਹੈ ਅਤੇ ਕਿਸੇ ਨੂੰ ਵੀ ਉਠਾ ਕੇ ਇਹਨਾਂ ਕੇਸਾਂ ਵਿੱਚ ਉਲਝਾ ਸਕਦੀ ਹੈ।

ਪਰ ਅਕਤੂਬਰ ਤੋਂ ਇੱਕ ਪਾਸੇ ਬਾਈਕਰਜ਼ ਗੈਂਗ ਦੀ ਦਹਿਸ਼ਤ ਅਤੇ ਦੂਜੇ ਪਾਸੇ ਪੁਲਿਸ ਦੀ ਅਣਦੇਖੀ —ਹਜ਼ਾਰਾਂ ਮਜ਼ਦੂਰਾਂ ਦੇ ਸੜਕ 'ਤੇ ਉੱਤਰ ਆਉਣ ਦਾ ਫੌਰੀ ਕਾਰਨ ਸੀ। ਅਸਲ ਵਿੱਚ ਇਸਦੇ ਪਿਛੇ ਲੰਮੇ ਸਮੇਂ ਤੋਂ ਮਜ਼ਦੂਰਾਂ ਦੇ ਦਿਲਾਂ ਵਿੱਚ ਜਮਾ ਹੁੰਦਾ ਰਿਹਾ ਗੁੱਸੇ ਦਾ ਬਾਰੂਦ ਸੀ ਜਿਸਨੂੰ ਬਾਈਕਰਜ਼ ਗੈਂਗ ਦੀ ਦਹਿਸ਼ਤ ਅਤੇ ਇਸਤੇ ਮਜ਼ਦੂਰਾਂ ਪ੍ਰਤੀ ਪੁਲਿਸ ਦੀ ਬੇਰੁਖੀ ਨੇ ਅੱਗ ਦਿਖਾਈ।

ਲੁਧਿਆਣਾ ਦੇ ਮਜ਼ਦੂਰ ਪੂਰੇ ਦੇਸ਼ ਦੇ ਮਜ਼ਦੂਰਾਂ ਦੀ ਤਰਾਂ ਪੂੰਜੀਪਤੀਆਂ ਦੇ ਭਿਅੰਕਰ ਲੁੱਟ ਦਾ ਸ਼ਿਕਾਰ ਹਨ। ਕਾਰਖਾਨਿਆਂ ਵਿੱਚ ਮਜ਼ਦੂਰਾਂ ਦੇ ਹੱਕਾਂ ਲਈ ਕੋਈ ਨਿਯਮ-ਕਾਨੂੰਨ ਲਾਗੂ ਨਹੀਂ ਹੈ। ਜ਼ਿਆਦਾਤਰ ਮਜ਼ਦੂਰ 12-14 ਘੰਟੇ ਖਪਣ ਤੋਂ ਬਾਅਦ ਵੀ ਸਰਕਾਰ ਦੁਆਰਾ ਹੈਲਪਰ ਲਈ ਤੈਅ 8 ਘੰਟੇ ਦੀ ਦਿਹਾੜੀ ਦੀ ਘੱਟੋ-ਘੱਟ ਤਨਖਾਹ (ਲਗਭਗ 3400 ਰੁ.) ਵੀ ਨਹੀਂ ਕਮਾ ਸਕਦੇ। ਉਹ ਭਿਅੰਕਰ ਗਰੀਬੀ ਦਾ ਸ਼ਿਕਾਰ ਹਨ। ਮਾਲਿਕਾਂ ਨੂੰ ਬੇਹਿਸਾਬ ਮੁਨਾਫ਼ਾ ਕਮਾ ਕੇ ਦੇਣ ਵਾਲ਼ੇ ਮਜ਼ਦੂਰ ਮਨੁੱਖੀ ਜੀਵਨ ਦੀਆਂ ਘੱਟੋ-ਘੱਟ ਜ਼ਰੂਰਤਾਂ ਵੀ ਪੂਰੀਆਂ ਨਹੀਂ ਕਰ ਪਾਉਂਦੇ।

ਬਾਈਕਰਜ਼ ਗੈਂਗ ਦੁਆਰਾ ਮਜ਼ਦੂਰਾਂ 'ਤੇ ਕੀਤੇ ਜਾ ਰਹੇ ਹਮਲਿਆਂ ਵਿੱਚ ਮਜ਼ਦੂਰਾਂ ਨੂੰ ਹੋਰ ਰਹੇ ਜਾਨ-ਮਾਲ ਦੇ ਨੁਕਸਾਨ ਲਈ ਕਾਰਖਾਨਾ ਮਾਲਿਕ ਵੀ ਜ਼ਿੰਮੇਵਾਰ ਹਨ। ਮਜ਼ਦੂਰਾਂ ਦਾ ਇਹ ਹੱਕ ਬਣਦਾ ਹੈ ਕਿ ਉਹਨਾਂ ਦੇ ਘਰ ਆਉਣ-ਜਾਣ ਦਾ ਪ੍ਰਬੰਧ ਮਾਲਿਕ ਵੱਲੋਂ ਕੀਤਾ ਜਾਵੇ। ਪਰ ਕਾਰਖਾਨਾ ਮਾਲਿਕ ਤਾਂ ਕਾਰਖਾਨੇ ਦੇ ਅੰਦਰ ਵੀ ਮਜ਼ਦੂਰਾਂ ਦੀ ਸੁਰੱਖਿਆ ਦੇ ਇੰਤਜ਼ਾਮ ਕਰਨ ਨੂੰ ਤਿਆਰ ਨਹੀਂ, ਬਾਹਰ ਦੀ ਤਾਂ ਗੱਲ ਹੀ ਕੀ ਕਰੀਏ। ਕਹਿਣ ਦੀ ਲੋੜ ਨਹੀਂ ਕਿ ਮਾਲਕਾਂ ਦੀ ਲੁੱਟ ਦੀ ਚੱਕੀ ਵਿੱਚ ਪਿਸਣ ਵਾਲ਼ੇ ਮਜ਼ਦੂਰ ਸਿਰਫ ਯੂ.ਪੀ. ਅਤੇ ਬਿਹਾਰ ਤੋਂ ਆ ਕੇ ਇੱਥੇ ਨਹੀਂ ਵਸੇ ਅਤੇ ਕੰਮ ਕਰ ਰਹੇ ਹਨ ਸਗੋਂ ਪੰਜਾਬ ਵਿੱਚ ਪਹਿਲਾਂ ਤੋਂ ਹੀ ਰਹਿ ਰਹੀ ਬਹੁਤ ਵੱਡੀ ਅਬਾਦੀ ਵੀ ਇਹਨਾਂ ਦਮਘੋਟੂ ਕਾਰਖਾਨਿਆਂ ਵਿੱਚ ਆਪਣਾ ਖੂਨ-ਪਸੀਨਾ ਵਹਾਉਂਦੀ ਹੈ ਅਤੇ ਮਾਲਿਕਾਂ ਦੇ ਲੁੱਟ ਜਬਰ ਦਾ ਸ਼ਿਕਾਰ ਹੁੰਦੀ ਹੈ। ਇਸ ਭਿਅੰਕਰ ਲੁੱਟ-ਜਬਰ ਅਤੇ ਗਰੀਬੀ ਦਾ ਸ਼ਿਕਾਰ ਇਹ ਸਾਰੀ ਮਜ਼ਦੂਰ ਆਬਾਦੀ ਪੂੰਜੀਪਤੀਆਂ ਨੂੰ ਬੇਹੱਦ ਨਫ਼ਰਤ ਕਰਦੀ ਹੈ।

ਯੂ.ਪੀ.-ਬਿਹਾਰ ਤੋਂ ਪੰਜਾਬ ਆ ਕੇ ਵਸੇ ਅਤੇ ਕੰਮ ਕਰ ਰਹੇ ਮਜ਼ਦੂਰਾਂ ਨਾਲ਼ ਆਪਣੇ ਹੀ ਦੇਸ਼ ਵਿੱਚ ਪੈਰ-ਪੈਰ 'ਚੇ ਪਰਦੇਸੀਆਂ ਵਰਗਾ ਵਰਤਾਅ ਕੀਤਾ ਜਾਂਦਾ ਹੈ। ਉਹਨਾਂ ਨੂੰ ਹਰ ਜਗ੍ਹਾ ਜ਼ਲੀਲ ਹੋਣਾ ਪੈਂਦਾ ਹੈ, ਬੇਇੱਜਤ ਹੋਣਾ ਪੈਂਦਾ ਹੈ। ਪੁਲਿਸ ਪ੍ਰਸ਼ਾਸਨ ਤੋਂ ਤਾਂ ਉਹ ਕਿਸੇ ਵੀ ਤਰ੍ਹਾਂ ਦੇ ਇਨਸਾਫ਼ ਦੀ ਉਮੀਦ ਕਰ ਹੀ ਨਹੀਂ ਸਕਦੇ। ਉੱਥੇ ਉਹਨਾਂ ਦੀਆਂ ਸਮੱਸਿਆਵਾਂ ਦੀ ਕੋਈ ਸੁਣਵਾਈ ਨਹੀਂ ਹੈ। ਹਰ ਪੁਲਿਸ ਥਾਣੇ, ਹਰ ਚੌਂਕੀ, ਹਰ ਸਰਕਾਰੀ ਦਫ਼ਤਰ ਵਿੱਚ ਉਹਨਾਂ ਨੂੰ ਜ਼ਲੀਲ ਕੀਤਾ ਜਾਂਦਾ ਹੈ।

ਪੁਲਿਸ ਦੁਆਰਾ ਇੱਕ ਅਖ਼ਬਾਰ ਵਿੱਚ ਇਹ ਪ੍ਰਚਾਰ ਕੀਤਾ ਗਿਆ ਕਿ ਪੰਜਾਬ 'ਚ ਹੋਣ ਵਾਲ਼ੇ ਜ਼ਿਆਦਾਤਰ ਅਪਰਾਧਾਂ ਪਿਛੇ ਇਹਨਾਂ ਯੂ.ਪੀ.-ਬਿਹਾਰ ਦੇ ਮਜ਼ਦੂਰਾਂ ਦਾ ਹੱਥ ਹੁੰਦਾ ਹੈ।

ਪਰ ਜਦੋਂ ਅੰਕੜੇ ਸਾਹਮਣੇ ਲਿਆਂਦੇ ਗਏ ਤਾਂ ਇਹ ਹਕੀਕਤ ਸਾਹਮਣੇ ਆਈ ਕਿ ਸਿਰਫ਼ 5 ਪ੍ਰਤੀਸ਼ਤ ਅਪਰਾਧਾਂ ਵਿੱਚ ਹੀ ਯੂ.ਪੀ.-ਬਿਹਾਰ ਤੋਂ ਆਏ ਲੋਕ ਸ਼ਾਮਿਲ ਸਨ। ਇਸ ਤਰਾਂ ਪੁਲਿਸ ਦੇ ਪ੍ਰਚਾਰ ਮੁਹਿੰਮ ਦੀ ਹਵਾ ਨਿਕਲ ਗਈ। ਪਰ ਪੁਲਿਸ-ਪ੍ਰਸ਼ਾਸਨ ਸਮੇਂ-ਸਮੇਂ 'ਤੇ ਅਜਿਹੇ ਬਿਆਨ ਫਿਰ ਵੀ ਦਿੰਦਾ ਰਹਿੰਦਾ ਹੈ।

ਮੱਧਵਰਗ ਇਹ ਸਮਝਦਾ ਹੈ ਕਿ ਇਹਨਾਂ ਨੇ ਹੀ ਆ ਕੇ ਪੰਜਾਬ ਨੂੰ ਗੰਦਾ ਕੀਤਾ ਹੈ। ਆਪਣੀ ਗਰੀਬੀ ਦੀ ਅਸਲ ਜੜ ਨੂੰ ਨਾ ਸਮਝਣ ਕਾਰਨ ਅਤੇ ਮਜ਼ਦੂਰ ਜਮਾਤੀ ਚੇਤਨਾ ਨਾ ਹੋਣ ਕਾਰਨ ਪੰਜਾਬੀ ਗਰੀਬ ਜਨਤਾ ਦਾ ਵੱਡਾ ਹਿੱਸਾ ਵੀ ਯੂ.ਪੀ.-ਬਿਹਾਰ ਤੋਂ ਆਏ ਮਜ਼ਦੂਰਾਂ ਨੂੰ ਨਫ਼ਰਤ ਦੀ ਨਿਗ੍ਹਾ ਨਾਲ਼ ਦੇਖਦਾ ਹੈ। ਉਹਨਾਂ ਨੂੰ ਲੱਗਦਾ ਹੈ ਕਿ ਉਹਨਾਂ ਨੇ ਉਹਨਾਂ ਦੇ ਹਿੱਸੇ ਦਾ ਰੋਜ਼ਗਾਰ ਖੋਹ ਲਿਆ ਹੈ ਕਿ ਇਹ ਘੱਟ ਮਜ਼ਦੂਰੀ 'ਤੇ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ, ਇਸ ਲਈ ਉਹਨਾਂ ਨੂੰ ਵੀ ਘੱਟ ਮਜ਼ਦੂਰੀ ਮਿਲਦੀ ਹੈ। ਸਿਮਰਨਜੀਤ ਸਿੰਘ ਮਾਨ ਵਾਲ਼ੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਰਗੀਆਂ ਕੱਟੜ ਸਿੱਖ ਜੱਥੇਬੰਦੀਆਂ ਉਹਨਾਂ ਦੇ ਖਿਲਾਫ਼ ਲੋਕਾਂ 'ਚ ਹਮੇਸ਼ਾ ਜ਼ਹਿਰ ਭਰਦੇ ਰਹਿੰਦੇ ਹਨ। ਇਹਨਾਂ ਦਾ ਇੱਕ ਜ਼ਹਿਰੀਲਾ ਨਾਅਰਾ ਹੈ— 'ਭਈਏ ਭਜਾਓ-ਪੰਜਾਬ ਬਚਾਓ'।

ਇਸ ਸਭ ਦੀ ਵਜ੍ਹਾ ਨਾਲ਼ ਇਸ ਮਜ਼ਦੂਰ ਅਬਾਦੀ ਦੇ ਜ਼ਿਹਨ ਵਿੱਚ ਗੁੱਸੇ ਦਾ ਬਾਰੂਦ ਭਰਿਆ ਹੋਇਆ ਹੈ ਜੋ ਸਮੇਂ-ਸਮੇਂ 'ਤੇ ਵਿਸਫੋਟਕ ਰੂਪ ਧਾਰਦਾ ਰਹਿੰਦਾ ਹੈ। ਪਰ ਕੁੱਲ ਮਿਲਾ ਕੇ ਹੁਣ ਤੱਕ ਮਜ਼ਦੂਰਾਂ ਦਾ ਇਹ ਗੁੱਸਾ ਆਪ-ਮੁਹਾਰੇ ਢੰਗ ਨਾਲ਼ ਬਿਨਾ ਕਿਸੇ ਲੰਮੀ ਤਿਆਰੀ ਦੇ ਪੂੰਜੀਪਤੀਆਂ, ਪੁਲਿਸ-ਪ੍ਰਸ਼ਾਸਨ ਦੇ ਖਿਲਾਫ਼ ਨਿਕਲ਼ਦਾ ਰਹਿੰਦਾ ਹੈ। 3 ਅਤੇ 4 ਦਸੰਬਰ ਨੂੰ ਸੜਕਾਂ 'ਤੇ ਮਜ਼ਦੂਰਾਂ ਦਾ ਫੁੱਟਿਆ ਗੁੱਸਾ ਵੀ ਸਿਰਫ ਬਾਈਕਰਜ਼ ਗੈਂਗ ਦੀ ਦਹਿਸ਼ਤ ਅਤੇ ਇਸ ਸਬੰਧ ਵਿੱਚ ਪੁਲਿਸ ਦੀ ਬੇਰੁਖੀ ਤੋਂ ਹੀ ਪੈਦਾ ਨਹੀਂ ਸੀ ਹੋਇਆ ਸਗੋਂ ਲੰਮੇ ਅਰਸੇ ਤੋਂ ਉਹਨਾਂ ਨੂੰ ਪਲ-ਪਲ ਸਹਿਣੇ ਪੈ ਰਹੇ ਲੁੱਟ, ਜਬਰ ਬੇਇਨਸਾਫ਼ੀ ਅਤੇ ਬੇਇਜ਼ਤੀ ਦਾ ਨਤੀਜਾ ਸੀ।

ਮਜ਼ਦੂਰਾਂ ਦੇ ਇਸ ਗੁੱਸੇ ਦਾ ਫਾਇਦਾ ਲੈਣ ਲਈ ਖੇਤਰੀ ਰਾਜਨੀਤੀ ਕਰਨ ਵਾਲ਼ੇ ਮਦਾਰੀ ਕਾਫੀ ਚੇਤੰਨ ਸਨ। ਉਹ ਵੀ ਮਜ਼ਦੂਰਾਂ ਦੇ ਇਸ ਗੁੱਸੇ ਨੂੰ ਸਧਾਰਨ ਪੰਜਾਬੀ ਅਬਾਦੀ ਖਿਲਾਫ਼ ਮੋੜਨ ਲਈ ਜ਼ੋਰ ਲਗਾਉਂਦੇ ਰਹੇ ਅਤੇ ਇਸ ਰਾਜਨੀਤੀ ਵਿੱਚ ਉਹ ਕੁੱਝ ਹੱਦ ਤੱਕ ਸਫ਼ਲ ਵੀ ਹੋਏ। ਮੁਜ਼ਾਹਰੇ ਦੌਰਾਨ ਜਬਰੀ ਦੁਕਾਨਾਂ ਬੰਦ ਕਰਵਾਉਣ, ਕਾਰਾਂ, ਸਕੂਟਰ ਇੱਥੋਂ ਤੱਕ ਕਿ ਸਾਇਕਲਾਂ ਦੀ ਤੋੜ-ਫੋੜ ਵੀ ਕਰਵਾਈ ਗਈ। ਫਲਸਰੂਪ ਕੁੱਝ ਹੱਦ ਤੱਕ ਪੁਲਿਸ-ਪ੍ਰਸ਼ਾਸਨ 4 ਦਸੰਬਰ ਨੂੰ ਲੁਧਿਆਣਾ ਵਿਖੇ ਹੋਣ ਵਾਲੀਆਂ ਇਹਨਾਂ ਘਟਨਾਵਾਂ ਨੂੰ ਯੂ.ਪੀ.-ਬਿਹਾਰ ਦੇ ਪ੍ਰਵਾਸੀਆਂ ਅਤੇ ਪੰਜਾਬੀਆਂ ਵਿਚਕਾਰ ਝੜਪਾਂ ਦਾ ਰੂਪ ਦੇਣ ਵਿੱਚ ਕਾਮਯਾਬ ਹੋ ਗਿਆ। ਮਜ਼ਦੂਰਾਂ ਵਿੱਚ ਘੁਸੇ ਬੈਠੇ ਖੇਤਰੀ ਰਾਜਨੀਤੀ ਕਰਨ ਵਾਲ਼ੇ ਅਤੇ ਲੰਪਨ ਤੱਤਾਂ ਦੀ ਤੋੜ-ਭੰਨ ਅਤੇ ਅੱਗਜ਼ਨੀ ਦੀਆਂ ਕਾਰਵਾਈਆਂ ਨੇ ਪੁਲਿਸ, ਸਰਕਾਰ, ਮਾਲਿਕਾਂ ਅਤੇ ਉਹਨਾਂ ਦੇ ਭਾੜੇ ਦੇ ਗੁੰਡਿਆਂ ਨੂੰ ਇਹ ਮੌਕਾ ਦੇ ਦਿੱਤਾ ਕਿ ਉਹ ਮਜ਼ਦੂਰਾਂ ਨੂੰ ਬਦਨਾਮ ਕਰ ਸਕਣ ਅਤੇ ਸਾਧਾਰਨ ਪੰਜਾਬੀ ਅਬਾਦੀ ਨੂੰ ਮਜ਼ਦੂਰਾਂ ਖਿਲਾਫ ਇਸਤੇਮਾਲ ਕਰ ਸਕਣ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਘਟਨਾ ਨੇ ਇੱਕ ਵਾਰ ਫਿਰ ਸ਼ਹਿਰੀ ਮਜ਼ਦੂਰ ਅਬਾਦੀ ਵਿੱਚ ਬੇਚੈਨੀ ਨੂੰ ਜਗ-ਜ਼ਾਹਿਰ ਕਰ ਦਿੱਤਾ ਅਤੇ ਉਹਨਾਂ ਵਿੱਚ ਛੁਪੀ ਹੋਈ ਤਾਕਤ ਦਾ ਨਜ਼ਾਰਾ ਪੇਸ਼ ਕੀਤਾ ਹੈ, ਭਾਵੇਂ ਇਸ ਸੰਘਰਸ਼ ਦੀਆਂ ਖਾਮੀਆਂ ਦੀ ਵਜ੍ਹਾ ਨਾਲ਼ ਫਿਲਹਾਲ ਇਸਨੂੰ ਦਬਾ ਦਿੱਤਾ ਗਿਆ ਹੈ। ਮਜ਼ਦੂਰਾਂ ਦਾ ਆਪਣੇ ਨਾਲ਼ ਹੋਈ ਬੇਇਨਸਾਫ਼ੀ ਖਿਲਾਫ਼ ਗੁੱਸਾ ਪੂਰੀ ਤਰਾਂ ਜਾਇਜ਼ ਸੀ, ਪਰ ਮਜ਼ਦੂਰਾਂ ਦਾ ਵਿਰੋਧ ਪੂਰੀ ਤਰਾਂ ਆਪ-ਮੁਹਾਰਾ ਸੀ, ਜਿਸ ਵਿੱਚ ਜਮਹੂਰੀ ਅਤੇ ਇਨਕਲਾਬੀ ਅਗਵਾਈ ਦੀ ਘਾਟ ਸੀ ਅਤੇ ਖੇਤਰੀ ਰਾਜਨੀਤੀ ਕਰਨ ਵਾਲ਼ੇ ਅਤੇ ਲੰਪਨ ਤੱਤਾਂ ਦੀ ਭਰਮਾਰ ਸੀ। ਇਸ ਲਈ ਮਜ਼ਦੂਰਾਂ ਦਾ ਇਹ ਵਿਰੋਧ ਕੁਚਲਿਆ ਜਾਣਾ ਤੈਅ ਸੀ। ਪਰ ਮਜ਼ਦੂਰਾਂ ਦੇ ਇਸ ਵਿਰੋਧ ਨੇ ਦਿਖਾ ਦਿੱਤਾ ਕਿ ਜਦੋਂ ਮਜ਼ਦੂਰ ਇੱਕ ਜੁੱਟ ਹੋ ਕੇ ਲੋਟੂਆਂ ਦਾ ਸਾਹਮਣਾ ਕਰਦੇ ਹਨ ਤਾਂ ਕਿਵੇਂ ਹਾਕਮਾਂ ਦੇ ਹਥਿਆਰਬੰਦ ਦਸਤਿਆਂ ਨੂੰ ਵੀ ਦੰਦਾਂ ਵਿੱਚ ਉਂਗਲੀਆਂ ਚਬਾਉਣੀਆਂ ਪੈਂਦੀਆਂ ਹਨ। ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਹੋਵੇਗਾ ਕਿ ਜੇਕਰ ਮਜ਼ਦੂਰਾਂ ਕੋਲ਼ ਜਮਹੂਰੀ ਅਤੇ ਇਨਕਲਾਬੀ ਅਗਵਾਈ ਹੋਵੇ ਅਤੇ ਧਰਮ-ਜਾਤੀ-ਖੇਤਰਵਾਦ ਦੇ ਨਾਮ 'ਤੇ ਰਾਜਨੀਤੀ ਕਰਨ ਵਾਲ਼ੇ ਮਜ਼ਦੂਰ ਵਿਰੋਧੀ ਸਿਆਸੀ ਤੱਤਾਂ ਤੋਂ ਪਿੱਛਾ ਛੁਡਾ ਕੇ ਸਾਰੇ ਮਜ਼ਦੂਰ ਪੂਰੀ ਤਿਆਰੀ ਨਾਲ਼ ਲੜਨ ਤਾਂ ਉਹ ਕਿਸੇ ਵੀ ਤਾਕਤ ਦਾ ਸਾਹਮਣਾ ਕਰ ਸਕਦੇ ਹਨ। ਜੇਕਰ ਮਜ਼ਦੂਰ ਜਮਾਤੀ ਆਧਾਰ 'ਤੇ ਇੱਕਜੁੱਟ ਹੋ ਕੇ ਪੂੰਜੀਪਤੀਆਂ, ਸਰਕਾਰ, ਪੁਲਿਸ, ਪ੍ਰਸ਼ਾਸਨ ਅਤੇ ਗੁੰਡਾ-ਗਿਰੋਹਾਂ ਦੇ ਗੱਠਜੋੜ ਦਾ ਸਾਹਮਣਾ ਕਰੇ, ਤਾਂ ਮਜ਼ਦੂਰ ਸੰਘਰਸ਼ ਦੇ ਕੁਚਲੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਪੰਜਾਬ ਦੇ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਲੱਗੀਆਂ ਇਮਾਨਦਾਰ ਅਤੇ ਪ੍ਰਤੀਬੱਧ ਜੱਥੇਬੰਦੀਆਂ ਦੇ ਸਾਹਮਣੇ ਮਜ਼ਦੂਰ ਅਬਾਦੀ ਨੂੰ ਜੱਥੇਬੰਦ ਕਰਨਾ ਏਨਾ ਆਸਾਨ ਨਹੀਂ ਹੈ। ਮਜ਼ਦੂਰ ਸੰਘਰਸ਼ ਨੂੰ ਫੇਲ ਕਰਨ ਲਈ ਹੁਕਮਰਾਨਾਂ ਕੋਲ਼ ਕਿਰਤੀ ਅਬਾਦੀ ਵਿੱਚ ਵੱਡੀ ਪੱਧਰ 'ਤੇ ਫੈਲੀਆਂ ਖੇਤਰੀ ਭਾਵਨਾਵਾਂ ਇੱਕ ਬੇਹੱਦ ਘਾਤਕ ਹਥਿਆਰ ਹਨ। ਜਦੋਂ ਵੀ ਪੰਜਾਬ ਵਿੱਚ ਕੋਈ ਮਜ਼ਦੂਰ ਲਹਿਰ ਉੱਠੇਗੀ, ਹੁਕਮਰਾਨ ਖੇਤਰੀ ਰਾਜਨੀਤੀ ਦੇ ਪੱਤੇ ਦਾ ਇਸਤੇਮਾਲ ਕਰਨਗੇ ਅਤੇ ਮਜ਼ਦੂਰ ਲਹਿਰ ਨੂੰ ਆਪਣੇ ਸਹੀ ਰਾਹ ਤੋਂ ਭਟਕਾਉਣ ਦੀ ਕੋਸ਼ਿਸ਼ ਕਰਨਗੇ। ਇਹ ਇੱਕ ਬਹੁਤ ਵੱਡੀ ਵੰਗਾਰ ਹੈ। ਪੰਜਾਬੀ ਅਬਾਦੀ ਨੂੰ ਇਹ ਸਮਝਣਾ ਹੋਵੇਗਾ ਕਿ ਉਹਨਾਂ ਦੀਆਂ ਸਮੱਸਿਆਵਾਂ ਦਾ ਕਾਰਨ ਪੂੰਜੀਪਤੀਆਂ ਦੁਆਰਾ ਕਿਰਤੀ ਲੋਕਾਂ ਦੀ ਹੋ ਰਹੀ ਬੇਰਹਿਮ ਲੁੱਟ ਹੈ ਅਤੇ ਇਸ ਲੁੱਟ ਦੀ ਚੱਕੀ ਵਿੱਚ ਪੰਜਾਬ ਵਿੱਚ ਮੁੱਢ ਤੋਂ ਰਹਿ ਰਹੇ ਅਤੇ ਹੋਰ ਰਾਜਾਂ ਤੋਂ ਆ ਕੇ ਇੱਥੇ ਵਸੇ ਮਜ਼ਦੂਰ ਬਰਾਬਰ ਰੂਪ ਵਿੱਚ ਪਿਸ ਰਹੇ ਹਨ। ਇਹ ਵੀ ਸੱਚ ਹੈ ਕਿ ਹੋਰ ਰਾਜਾਂ ਤੋਂ ਇੱਥੇ ਆ ਕੇ ਵਸੀ ਅਬਾਦੀ ਦਾ ਇੱਕ ਹਿੱਸਾ ਪੂਰੇ ਪੰਜਾਬੀਆਂ ਨੂੰ ਹੀ ਆਪਣਾ ਵਿਰੋਧੀ ਸਮਝ ਲੈਂਦਾ ਹੈ। ਉਹਨਾਂ ਦੀ ਇਹ ਸੋਚ ਉਹਨਾਂ ਨੂੰ ਪੰਜਾਬੀ ਮਜ਼ਦੂਰ

(**ਬਾਕੀ ਹਿੱਸਾ, ਪੰਨਾ 27 'ਤੇ**)

ਲਿਬਰਹਾਨ ਰਿਪੋਰਟ — ਜਿਸਦੇ ਤਵੇ 'ਤੇ ਸਭ ਦੀਆਂ ਰੋਟੀਆਂ ਸਿਕ ਰਹੀਆਂ ਹਨ

—ਜਤਿਨ

ਸੰਘ ਪਰਿਵਾਰ ਦੁਆਰਾ ਇਕੱਠੀ ਕੀਤੀ ਗਈ ਮਸਤੀ ਹੋਈ ਭੀੜ ਅਤੇ ਹਿੰਦੂ ਫਾਸੀਵਾਦੀ ਜਥੇਬੰਦੀਆਂ ਦੇ ਸਿੱਖਿਅਤ ਕਾਰਕੁਨਾਂ ਦੁਆਰਾ 6 ਦਸੰਬਰ 1992 ਨੂੰ ਅਯੋਧਿਆ ਵਿਖੇ ਬਾਬਰੀ ਮਸਜਿਦ ਢਾਹੇ ਜਾਣ ਦੀ ਜਾਂਚ ਕਰਨ ਲਈ ਬਿਠਾਏ ਜਸਟਿਸ ਲਿਬਰਹਾਨ ਆਯੋਗ ਦੀ ਰਿਪੋਰਟ 17 ਸਾਲਾਂ ਬਾਅਦ ਜਿਸ ਤਰ੍ਹਾਂ ਨਾਲ਼ ਪੇਸ਼ ਕੀਤੀ ਗਈ, ਉਸਤੋਂ ਸਾਰੀਆਂ ਪਾਰਟੀਆਂ ਦੇ ਹਿੱਤ ਪੂਰੇ ਹੋ ਰਹੇ ਹਨ। ਇੱਕ ਇਤਿਹਾਸਕ ਮਸਜਿਦ ਢਾਹੁਣ ਅਤੇ ਪੂਰੇ ਦੇਸ਼ ਨੂੰ ਵੰਡ ਤੋਂ ਬਾਅਦ ਦੇ ਸਭ ਤੋਂ ਭਿਆਨਕ ਦੰਗਿਆਂ ਦੀ ਅੱਗ ਵਿੱਚ ਧੱਕਣ ਵਾਲ਼ੇ ਸੰਘ ਪਰਿਵਾਰ ਅਤੇ ਉਸਦੇ ਆਗੂਆਂ ਦੇ ਰਾਜਨੀਤਕ ਕੈਰੀਅਰ 'ਤੇ ਇਸ ਰਿਪੋਰਟ ਨਾਲ਼ ਕੋਈ ਫ਼ਰਕ ਨਹੀਂ ਪੈਣਾ। ਇਸ ਸਾਜਿਸ਼ ਵਿੱਚ ਸ਼ਾਮਿਲ ਅਤੇ ਇਸਨੂੰ ਸ਼ਹਿ ਦੇਣ ਵਾਲ਼ੇ ਕਾਂਗਰਸੀ ਪ੍ਰਧਾਨ ਮੰਤਰੀ ਨਰਸਿਮਾ ਰਾਓ ਅਤੇ ਪੂਜਾ ਕਰਨ ਲਈ ਮਸਜਿਦ ਦਾ ਜ਼ਿੰਦਾ ਖੁਲਵਾਉਣ ਤੋਂ ਲੈ ਕੇ ਪੈਰ-ਪੈਰ 'ਤੇ ਭਾਜਪਾ ਦਾ ਰਾਸਤਾ ਆਸਾਨ ਬਣਾਉਣ ਵਾਲ਼ੀ ਕਾਂਗਰਸ ਨੂੰ ਵੀ ਇਸ ਤੋਂ ਕੋਈ ਨੁਕਸਾਨ ਨਹੀਂ ਹੋਣਾ। ਸੱਚ ਤਾਂ ਇਹ ਹੈ ਕਿ ਕਾਂਗਰਸ ਅਤੇ ਭਾਜਪਾ ਤੋਂ ਲੈ ਕੇ ਮੁਲਾਇਮ ਸਿੰਘ ਯਾਦਵ ਤੱਕ ਸਾਰੇ ਇਸ ਤੋਂ ਆਪਣੇ-ਆਪਣੇ ਹਿੱਤ ਪੂਰਨ ਵਿੱਚ ਲੱਗੇ ਹੋਏ ਹਨ।

ਵਧਦੀ ਮਹਿੰਗਾਈ, ਗੰਨਾ ਕਿਸਾਨਾਂ ਦੇ ਅੰਦੋਲਨ ਆਦਿ ਮੁੱਦਿਆਂ 'ਤੇ ਵਿਰੋਧੀ ਧਿਰ ਦੇ ਹਮਲਿਆਂ ਤੋਂ ਪ੍ਰੇਸ਼ਾਨ ਕਾਂਗਰਸ ਨੇ ਰਿਪੋਰਟ ਦੀ ਖ਼ਬਰ ਲੀਕ ਕਰਵਾਕੇ ਬੜੀ ਖੂਬੀ ਨਾਲ਼ ਵਿਰੋਧੀ ਧਿਰ ਅਤੇ ਮੀਡੀਆ ਦਾ ਧਿਆਨ ਦੂਸਰੀ ਦਿਸ਼ਾ ਵਿੱਚ ਮੋੜ ਦਿੱਤਾ। ਭਾਜਪਾ ਨੂੰ ਵੀ ਮਰੇ ਹੋਏ ਮੰਦਰ ਮੁੱਦੇ ਵਿੱਚ ਜਾਨ ਫੂਕਣ ਲਈ ਇਸ ਰਿਪੋਰਟ ਦਾ ਇਸਤੇਮਾਲ ਕਰਨ ਦੀ ਸੰਭਾਵਨਾ ਨਜ਼ਰ ਆਈ ਅਤੇ ਉਸਨੇ ਸੰਸਦ ਵਿੱਚ ਹੰਗਾਮਾ ਮਚਾਉਣਾ ਸ਼ੁਰੂ ਕਰ ਦਿੱਤਾ। ਅਪ੍ਰਸੰਗਿਕ ਹੁੰਦੇ ਜਾ ਰਹੇ ਅਡਵਾਨੀ ਨੂੰ ਇੱਕ ਵਾਰ ਫਿਰ ਇਸ ਰਿਪੋਰਟ ਦੇ ਬਹਾਨੇ ਹਿੰਦੂਤਵ ਦਾ ਝੰਡਾਬਰਦਾਰ ਬਣਨ ਅਤੇ ਸੰਘ ਪਰਿਵਾਰ ਤੋਂ ਆਪਣੀ ਲੀਡਰਸ਼ਿਪ 'ਤੇ ਮੋਹਰ ਲਗਵਾਉਣ ਦਾ ਮੌਕਾ ਮਿਲ਼ ਗਿਆ।

ਉੱਧਰ, ਬਾਬਰੀ ਮਸਜਿਦ ਢਾਹੁਣ ਸਮੇਂ ਉੱਤਰ ਪ੍ਰਦੇਸ਼ ਦੇ ਮੁੱਖ-ਮੰਤਰੀ ਰਹੇ ਕਲਿਆਣ ਸਿੰਘ ਨੇ ਦੋਸਤੀ ਗੰਢ ਕੇ ਨਵਾਂ ਵੋਟ ਸਮੀਕਰਣ ਬਣਾਉਣ ਦੀ ਕੋਸ਼ਿਸ਼ ਵਿੱਚ ਬੁਰੀ ਤਰ੍ਹਾਂ ਮੂੰਹ ਦੀ ਖਾਣ ਤੋਂ ਬਾਅਦ ਫਿਰ ਤੋਂ ਆਪਣੇ ਮੁਸਲਿਮ ਵੋਟ ਬੈਂਕ ਨੂੰ ਬਟੋਰਨ ਲਈ ਕੋਈ ਮੌਕਾ ਤਲਾਸ਼ ਰਹੇ ਮੁਲਾਇਮ ਸਿੰਘ ਨੂੰ ਤਾਂ ਜਿਵੇਂ ਮੂੰਹ-ਮੰਗੀ ਮੁਰਾਦ ਮਿਲ਼ ਗਈ। ਮੁਸਲਮਾਨਾਂ ਦੇ ਹਿੱਤਾਂ ਦੀ ਦੁਕਾਨਦਾਰੀ ਕਰਨ ਵਾਲ਼ੇ ਤਰ੍ਹਾਂ-ਤਰ੍ਹਾਂ ਦੀਆਂ ਮੁਸਲਿਮ ਜਥੇਬੰਦੀਆਂ ਨੂੰ ਵੀ ਕੁੱਝ ਦਿਨਾਂ ਤੱਕ ਬਿਆਨਬਾਜ਼ੀ ਕਰਨ ਦਾ ਇੱਕ ਮੁੱਦਾ ਮਿਲ਼ ਗਿਆ।

ਰਿਪੋਰਟ ਲੀਕ ਹੋਣ ਨੂੰ ਲੈ ਕੇ ਸ਼ੋਰ ਮਚਾ ਰਹੇ ਭਾਜਪਾ ਆਗੂਆਂ ਨੇ ਉਸ ਸੱਚਾਈ ਨੂੰ ਦਰਕਿਨਾਰ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਿਸਨੂੰ ਰਿਪੋਰਟ ਵਿੱਚ ਸਾਹਮਣੇ ਲਿਆਇਆ ਗਿਆ ਹੈ ਅਤੇ ਜਿਸਨੂੰ ਹਰ ਕੋਈ ਪਹਿਲਾਂ ਤੋਂ ਹੀ ਜਾਣਦਾ ਸੀ —ਚਾਹੇ ਉਹ ਕੱਟੜ ਹਿੰਦੂ ਹੋਵੇ, ਮੁਸਲਮਾਨ ਹੋਵੇ ਜਾਂ ਇੱਕ ਆਮ ਧਰਮ-ਨਿਰਪੱਖ ਨਾਗਰਿਕ ਹੋਵੇ। ਸੱਚਾਈ ਇਹ ਹੈ ਕਿ ਸੰਘ ਪਰਿਵਾਰ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਸੋਚੀ-ਸਮਝੀ ਯੁੱਧਨੀਤੀ ਤਹਿਤ ਯੋਜਨਾਬੱਧ ਤਰੀਕੇ ਨਾਲ਼ ਬਾਬਰੀ ਮਸਜਿਦ ਦੇ ਸਵਾਲ 'ਤੇ ਦੇਸ਼ ਭਰ ਵਿੱਚ ਫਿਰਕੂ ਪਾਗਲਪਣ ਦਾ ਮਾਹੌਲ ਪੈਦਾ ਕੀਤਾ ਅਤੇ 6 ਦਸੰਬਰ 1992 ਨੂੰ ਉਸਦੇ ਕਾਰਕੁਨਾਂ ਨੇ ਮਸਜਿਦ ਤਬਾਹ ਕੀਤੀ। ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਵਿੱਚ ਨਿਕਲੀ ਰਥ-ਯਾਤਰਾ ਨੇ ਪੂਰੇ ਦੇਸ਼ ਵਿੱਚ ਫਿਰਕੂ ਜਨੂੰਨ ਫੈਲਾਇਆ ਅਤੇ ਜਿੱਧਰੋਂ ਇਹ ਯਾਤਰਾ ਗੁਜ਼ਰੀ, ਆਪਣੇ ਪਿੱਛੇ ਦੰਗਿਆਂ ਵਿੱਚ ਜਲੇ ਘਰ, ਲਾਸ਼ਾਂ ਅਤੇ ਖ਼ੂਨ ਦਾ ਸਿਲਸਿਲਾ ਛੱਡਦੀ ਗਈ। ਬਾਬਰੀ ਮਸਜਿਦ ਢਾਹੇ ਜਾਣ ਨੂੰ 'ਕਲੰਕ' ਦੱਸਣ ਵਾਲ਼ੇ ਅਟੱਲ ਬਿਹਾਰੀ ਵਾਜਪਾਈ ਦਾ 5 ਦਸੰਬਰ ਦਾ ਭਾਸ਼ਣ ਸੁਣ ਕੇ ਕੋਈ ਮੂਰਖ ਵੀ ਸਮਝ ਸਕਦਾ ਹੈ ਕਿ ਕਿਸ ਚਲਾਕੀ ਨਾਲ਼ ਉਹ ਕਾਰਕੁਨਾਂ ਨੂੰ ਮਸਜਿਦ ਢਾਹੁਣ ਲਈ ਉਕਸਾ ਰਿਹਾ ਸੀ। ਮਸਜਿਦ ਢਾਹੇ ਜਾਣ ਵੇਲ਼ੇ ਅਡਵਾਨੀ ਅਤੇ ਜੋਸ਼ੀ ਸਮੇਤ ਭਾਜਪਾ ਦੇ ਬੜੇ ਆਗੂ ਕੁੱਝ ਹੀ ਦੂਰੀ 'ਤੇ ਇੱਕ ਮੰਚ ਤੋਂ ਖੜੇ ਹੋ ਤਮਾਸ਼ਾ ਦੇਖ ਰਹੇ ਸਨ ਅਤੇ ਉਮਾ ਭਾਰਤੀ ਲਾਊਡ-ਸਪੀਕਰ 'ਤੇ "ਇੱਕ ਧੱਕਾ ਹੋਰ ਦਿਓ" ਦੇ ਨਾਅਰੇ ਲਗਾ ਰਹੀ ਸੀ। ਮਸਜਿਦ ਦੇ ਤਿੰਨ ਗੁੰਬਦ ਡਿੱਗਣਸਾਰ ਹੀ ਉਮਾ ਭਾਰਤੀ ਨੇ ਮੁਰਲੀ ਮਨੋਹਰ ਜੋਸ਼ੀ ਨੂੰ ਗਲ਼ੇ ਲਗਾ ਕੇ ਵਧਾਈ ਵੀ ਦਿੱਤੀ। ਇਹ ਸਭ ਕੁੱਝ ਦੇਸ਼ ਦੇ ਲੋਕਾਂ ਨੇ ਦੇਖਿਆ ਹੈ ਅਤੇ ਇਹ ਵੀ ਦੇਖਿਆ ਹੈ ਕਿ ਕਿੰਨੀ ਮੱਕਾਰੀ ਨਾਲ਼ ਭਾਜਪਾ ਆਗੂ ਕਦੇ ਇਸ ਘਟਨਾ ਨੂੰ ਆਪਣੇ 'ਜੀਵਨ ਦਾ ਸਭ ਤੋਂ ਦੁਖਦਾਈ ਦਿਨ' ਕਹਿੰਦੇ ਰਹੇ ਤੇ ਕਦੇ ਇਸ ਨੂੰ 'ਲੋਕ-ਭਾਵਨਾਵਾਂ ਦਾ ਪ੍ਰਗਟੀਕਰਣ' ਦੱਸਦੇ ਰਹੇ।

ਪਰ ਦੇਸ਼ ਦੀ ਜਨਤਾ ਇਹ ਵੀ ਜਾਣਦੀ ਹੈ ਕਿ ਧਰਮ ਦੀ ਰਾਜਨੀਤੀ ਦਾ ਇਹ ਗੰਦਾ ਖੇਲ ਕਾਂਗਰਸ ਵੀ ਸ਼ੁਰੂ ਤੋਂ ਹੀ ਖੇਲਦੀ ਰਹੀ ਹੈ। ਉਸ ਸਮੇਂ ਕੇਂਦਰ ਦੀ ਕਾਂਗਰਸ ਸਰਕਾਰ ਦੀ ਮਿਲੀਭੁਗਤ ਤੋਂ ਬਿਨਾਂ 6 ਦਸੰਬਰ ਦੀ ਘਟਨਾ ਨਹੀਂ ਹੋ ਸਕਦੀ ਸੀ। 17 ਸਾਲਾਂ ਦੌਰਾਨ 48 ਵਾਰ ਸਮਾਂ ਵਧਾਉਣ ਤੋਂ ਬਾਅਦ ਜਿਸ ਤਰ੍ਹਾਂ ਨਾਲ਼ ਲਿਬਰਹਾਨ ਕਮਿਸ਼ਨ ਨੇ ਆਪਣੀ ਰਿਪੋਰਟ

ਦਿੱਤੀ ਅਤੇ ਜਿਸ ਤਰ੍ਹਾਂ ਉਸ ਨੂੰ ਲੀਕ ਕਰਵਾਇਆ ਗਿਆ ਉਸਤੋਂ ਇਸ ਪੂਰੇ ਮਸਲੇ 'ਤੇ ਬੇ-ਮਤਲਬ ਵਿਵਾਦ ਪੈਦਾ ਕਰਕੇ ਰਿਪੋਰਟ ਦੇ ਨਤੀਜਿਆਂ 'ਤੇ ਹੀ ਲੋਕਾਂ ਵਿੱਚ ਸ਼ੰਕਾ ਪੈਦਾ ਕਰ ਦਿੱਤੀ ਗਈ। ਖਾਸਕਰ, ਨੌਜਵਾਨ ਪੀੜ੍ਹੀ ਦੇ ਇੱਕ ਵੱਡੇ ਹਿੱਸੇ ਵਿੱਚ, ਜੋ ਉਸ ਦੌਰ ਦੀਆਂ ਘਟਨਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਨਹੀਂ ਹੈ, ਰਿਪੋਰਟ ਨੂੰ ਲੈ ਕੇ ਪਹਿਲਾਂ ਹੀ ਸ਼ੰਕਾ ਪੈਦਾ ਹੋ ਗਈ।

ਰਿਪੋਰਟ ਤੋਂ ਬਾਅਦ ਪੇਸ਼ ਕੀਤੀ ਗਈ ਸਰਕਾਰ ਦੀ ਐਕਸ਼ਨ ਟੇਕਨ ਰਿਪੋਰਟ ਯਾਨੀ ਕਾਰਵਾਈ ਰਿਪੋਰਟ ਨੇ ਰਹਿੰਦੀ ਖੂੰਹਦੀ ਕਸਰ ਵੀ ਕੱਢ ਦਿੱਤੀ। ਇਸ ਕਾਰਵਾਈ ਰਿਪੋਰਟ ਵਿੱਚ ਸਰਕਾਰ ਨੇ ਇੱਕ ਫਿਰਕੂ ਹਿੰਸਾ ਬਿਲ ਪੇਸ਼ ਕਰਨ ਦੀ ਗੱਲ ਤਾਂ ਕਹੀ ਪਰ ਮਸਜਿਦ ਢਹਾਉਣ ਅਤੇ ਫਿਰਕੂ ਨਫ਼ਰਤ ਫੈਲਾਉਣ ਦੇ ਦੋਸ਼ੀ ਅਡਵਾਨੀ, ਜੋਸ਼ੀ, ਕਲਿਆਣ ਸਿੰਘ, ਉਮਾ ਭਾਰਤੀ ਸਹਿਤ ਸੰਘ ਅਤੇ ਭਾਜਪਾ ਦੇ ਆਗੂਆਂ ਖਿਲਾਫ਼ ਕਾਰਵਾਈ ਕਰਨ ਦਾ ਇਸ ਵਿੱਚ ਕੋਈ ਜ਼ਿਕਰ ਵੀ ਨਹੀਂ ਹੈ। ਇਸ ਖਤਰਨਾਕ ਸਾਜਿਸ਼ ਵਿੱਚ ਹਿੰਦੂ ਫਾਸੀਵਾਦੀ ਜਥੇਬੰਦੀਆਂ ਦਾ ਸਾਥ ਦੇਣ ਵਾਲ਼ੇ ਪੁਲਿਸ ਅਤੇ ਪ੍ਰਸ਼ਾਸਨ ਦੇ ਪ੍ਰਮੁੱਖ ਅਧਿਕਾਰੀਆਂ ਦੇ ਖਿਲਾਫ਼ ਵੀ ਕਿਸੇ ਕਾਰਵਾਈ ਦੀ ਗੱਲ ਨਹੀਂ ਕਹੀ ਗਈ ਹੈ।

ਵੈਸੇ ਵੀ ਸ਼ਾਇਦ ਹੀ ਕਿਸੇ ਨੂੰ ਇਹ ਉਮੀਦ ਹੋਵੇਗੀ ਕਿ ਲਿਬਰਹਾਨ ਆਯੋਗ ਦੀ ਰਿਪੋਰਟ ਨਾਲ਼ ਫਿਰਕੂ ਸ਼ਕਤੀਆਂ 'ਤੇ ਕੋਈ ਚੋਟ ਕੀਤੀ ਜਾ ਸਕਦੀ ਹੈ। ਮੁੰਬਈ ਦੰਗਿਆਂ ਤੋਂ ਬਾਅਦ ਬਿਠਾਏ ਸ਼੍ਰੀ ਕ੍ਰਿਸ਼ਨ ਕਮਿਸ਼ਨ ਦੀ ਰਿਪੋਰਟ ਦਾ ਹਸ਼ਰ ਲੋਕ ਦੇਖ ਚੁੱਕੇ ਹਨ। ਉਸ ਰਿਪੋਰਟ ਵਿੱਚ ਜਿਹਨਾਂ ਸਿਆਸਤਦਾਨਾਂ ਅਤੇ ਅਫ਼ਸਰਾਂ ਨੂੰ ਸਬੂਤ ਸਹਿਤ ਦੋਸ਼ੀ ਠਹਿਰਾਇਆ ਗਿਆ ਸੀ, ਉਹਨਾਂ ਵਿੱਚੋਂ ਕਿਸੇ ਦੇ ਵੀ ਖਿਲਾਫ਼ ਕਾਰਵਾਈ ਨਹੀਂ ਹੋਈ। ਲਿਬਰਹਾਨ ਕਮਿਸ਼ਨ ਤਾਂ ਰਿਪੋਰਟ ਆਉਣ ਤੋਂ ਪਹਿਲਾਂ ਹੀ ਮਜ਼ਾਕ ਦਾ ਪਾਤਰ ਬਣ ਚੁੱਕਿਆ ਸੀ। ਫਿਰ ਵੀ, ਕੁੱਝ ਲੋਕਾਂ ਨੂੰ ਇਸ ਰਿਪੋਰਟ ਅਤੇ ਇਸ ਉੱਪਰ ਕਾਰਵਾਈ ਦੀਆਂ ਸਰਕਾਰੀ ਸਿਫ਼ਾਰਸ਼ਾਂ ਤੋਂ ਨਿਰਾਸ਼ਾ ਹੋਈ।

ਦਰਅਸਲ ਜੋ ਲੋਕ ਸੰਸਦ, ਕਮਿਸ਼ਨਾਂ ਅਤੇ ਅਦਾਲਤਾਂ ਦੇ ਜ਼ਰੀਏ ਫਿਰਕੂ ਤਾਕਤਾਂ ਨਾਲ਼ ਲੜਨ ਦੀ ਖੁਸ਼ਫਹਿਮੀ ਪਾਲਣਗੇ ਉਹਨਾਂ ਨੂੰ ਨਿਰਾਸ਼ਾ ਹੀ ਹੱਥ ਲੱਗੇਗੀ। ਦੇਸ਼ ਵਿੱਚ ਅੱਜ ਤੱਕ ਇੱਕ ਵੀ ਵੱਡੇ ਫਿਰਕੂ ਦੰਗੇ ਦੇ ਅਪਰਾਧੀਆਂ ਨੂੰ ਸਜ਼ਾ ਨਹੀਂ ਹੋਈ ਹੈ। ਕੁੱਝ ਕੁ ਲੋਕਾਂ ਨੂੰ ਜੇ ਸਜ਼ਾਵਾਂ ਹੋ ਵੀ ਜਾਣ ਤਾਂ ਇਸ ਤੋਂ ਫਾਸੀਵਾਦੀਆਂ ਦੀ ਜਨੂੰਨੀ ਮੁਹਿੰਮ 'ਤੇ ਕੋਈ ਰੋਕ ਨਹੀਂ ਲੱਗੇਗੀ। ਫਾਸੀਵਾਦੀਆਂ ਨੂੰ ਦੁਨੀਆਂ ਵਿੱਚ ਹਰ ਜਗ੍ਹਾ ਕਿਰਤੀਆਂ ਦੀ ਏਕਤਾ ਦੇ ਫੌਲਾਦੀ ਝਾੜੂ ਨਾਲ਼ ਹੀ ਠਿਕਾਣੇ ਲਗਾਇਆ ਗਿਆ ਹੈ। ਹਿੰਦੋਸਤਾਨ ਵਿੱਚ ਵੀ ਫਿਰਕੂ ਫਾਸੀਵਾਦੀਆਂ ਦੀ ਨਫ਼ਰਤ ਦੀ ਰਾਜਨੀਤੀ ਨੂੰ ਤਦੇ ਹਰਾਇਆ ਜਾ ਸਕਦਾ ਹੈ ਜਦੋਂ ਕਿਰਤੀ ਲੋਕਾਂ ਵਿੱਚ ਸੰਘਣਾ ਰਾਜਨੀਤਕ-ਸੱਭਿਆਚਾਰਕ ਪ੍ਰਚਾਰ ਕਰਕੇ ਇਹਨਾਂ ਦਾ ਭਾਂਡਾ ਭੰਨਿਆ ਜਾਵੇ ਅਤੇ ਲੋਕਾਂ ਨੂੰ ਜਮਾਤੀ ਅਧਾਰ 'ਤੇ ਜੁਝਾਰੂ ਏਕਤਾ ਦੀ ਡੋਰ ਵਿੱਚ ਬੰਨਿਆ ਜਾਵੇ।

* * *

(ਪੰਨਾ 32 ਦਾ ਬਾਕੀ ਹਿੱਸਾ)

ਵਿੱਚ ਚਲਾਈ ਜਾ ਰਹੀ ਹੈ। ਇਸੇ ਸਬੰਧ ਵਿੱਚ ਸੈਕਟਰ 52 ਦੀਆਂ ਮਜ਼ਦੂਰ ਬਸਤੀਆਂ ਵਿੱਚ ਇਨ੍ਹਾਂ ਨੌਜਵਾਨਾਂ ਨੇ ਪਰਚਾ ਵੰਡਿਆ, ਨੁੱਕੜ ਸਭਾਵਾਂ ਕੀਤੀਆਂ ਅਤੇ ਘਰ-ਘਰ ਜਾ ਕੇ ਲੋਕਾਂ ਨਾਲ਼ ਸੰਪਰਕ ਕੀਤਾ। ਇਹ ਨੌਜਵਾਨ ਸਾਈਕਲਾਂ 'ਤੇ ਸਵਾਰ ਸਨ ਅਤੇ ਜਿਨਾਂ 'ਤੇ ਉਹਨਾਂ ਮੁਹਿੰਮ ਨਾਲ਼ ਸਬੰਧਿਤ ਨਾਹਰਿਆਂ ਦੀਆਂ ਤਖ਼ਤੀਆਂ ਸਜਾਈਆਂ ਹੋਈਆਂ ਸਨ। ਆਪਣੇ ਭਾਸ਼ਣਾਂ ਵਿੱਚ ਨਮਿਤਾ ਅਤੇ ਰਜਿੰਦਰ ਨੇ ਕਿਹਾ ਕਿ ਜਿਵੇਂ ਸਰਕਾਰ ਨੇ ਪੇਂਡੂ ਬੇਰੁਜ਼ਗਾਰਾਂ ਲਈ **'ਨਰੇਗਾ ਸਕੀਮ'** ਸ਼ੁਰੂ ਕੀਤੀ ਹੈ ਉਸੇ ਤਰਜ਼ 'ਤੇ ਉਹ ਮੰਗ ਕਰਦੇ ਹਨ ਕਿ ਸਰਕਾਰ ਸ਼ਹਿਰੀ ਬੇਰੁਜ਼ਗਾਰਾਂ ਲਈ ਵੀ ਘੱਟੋ-ਘੱਟ 200 ਦਿਨਾਂ ਦਾ ਰੋਜ਼ਗਾਰ ਨਿਸ਼ਚਿਤ ਕਰੇ, ਇਸਦੀ **ਗਰੰਟੀ** ਦੇਵੇ ਕਿਉਂਕਿ ਜਿਥੇ ਪੇਂਡੂ ਬੇਰੁਰਜ਼ਗਾਰੀ ਦੀ ਵਾਧਾ ਦਰ 7 ਪ੍ਰਤੀਸ਼ਤ ਤੋਂ ਥੱਲੇ ਹੈ ਉਥੇ ਸ਼ਹਿਰਾਂ ਵਿੱਚ ਇਹ 10 ਪ੍ਰਤੀਸ਼ਤ ਹੈ ਅਤੇ ਲਗਾਤਾਰ ਲੋਕਾਂ ਦਾ ਪ੍ਰਵਾਸ ਸ਼ਹਿਰਾਂ ਵੱਲ ਹੋਣ ਕਰਕੇ ਇਹ ਭਵਿੱਖ ਵਿੱਚ ਇਹ ਹੋਰ ਵਧੇਗੀ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਸਰਕਾਰ 200 ਦਿਨਾਂ ਦਾ ਰੋਜ਼ਗਾਰ ਨਹੀਂ ਦੇ ਸਕਦੀ ਤਾਂ ਉਸਦੇ ਬਦਲੇ ਵਿੱਚ ਬੇਰੁਜ਼ਗਾਰੀ-ਭੱਤਾ ਦੇਵੇ ਜੇ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਇਸ ਮੁੱਦੇ 'ਤੇ ਜਨਤਕ ਲਾਮਬੰਦੀ ਕੀਤੀ ਜਾਵੇਗੀ।

ਇਸ ਸਬੰਧ ਵਿੱਚ ਦੋਵਾਂ ਜਥੇਬੰਦੀਆਂ ਵੱਲੋਂ ਹਸਤਾਖ਼ਰ ਮੁਹਿੰਮ ਵੀ ਚਲਾਈ ਜਾਵੇਗੀ ਅਤੇ ਇਨ੍ਹਾਂ ਹਸਤਾਖ਼ਰਾਂ ਦੀਆਂ ਕਾਪੀਆਂ ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਸਬੰਧਤ ਮਹਿਕਮਿਆਂ ਨੂੰ ਵੀ ਮੰਗ-ਪੱਤਰ ਦੇ ਨਾਲ਼ ਭੇਜੀਆਂ ਜਾਣਗੀਆਂ। ਜਿਨ੍ਹਾਂ ਲੋਕਾਂ ਨੂੰ ਵੀ ਇਹ ਨੌਜਵਾਨ ਮਿਲ਼ੇ ਉਨ੍ਹਾਂ ਇਸ ਮੁਹਿੰਮ ਨੂੰ ਭਰਪੂਰ ਹੁੰਗਾਰਾ ਦਿੱਤਾ।

ਨੌਜਵਾਨਾਂ ਵੱਲੋਂ ਇਹ ਨਾਹਰੇ ਵੀ ਲਗਾਏ ਗਏ 'ਸ਼ਹਿਰੀ ਰੋਜ਼ਗਾਰ ਸਾਡਾ ਜਨਮ ਸਿੱਧ ਅਧਿਕਾਰ', '30 ਕਰੋੜ ਹਨ ਬੇਰੁਜ਼ਗਾਰ, ਕੌਣ ਹੈ ਇਸਦਾ ਜ਼ਿੰਮੇਵਾਰ—ਟਾਟੇ ਬਿਰਲੇ ਦੀ ਸਰਕਾਰ, ਸਭ ਹਨ ਇਸਦੇ ਜ਼ਿੰਮੇਵਾਰ', 'ਹਰ ਹੱਥ ਨੂੰ ਰੋਜ਼ਗਾਰ ਦਿਓ, ਵਰਨਾ ਗੱਦੀ ਛੱਡ ਦਿਓ'। ਇਸ ਪ੍ਰਚਾਰ ਮੁਹਿੰਮ ਵਿੱਚ ਨਮਿਤਾ, ਰਜਿੰਦਰ, ਕਮਲ, ਇੰਦਰ, ਅਵਤਾਰ, ਸੰਜੀਵ, ਕੁਲਦੀਪ, ਮਨਦੀਪ, ਸੀਮਾ, ਚਮਨ ਆਦਿ ਨੌਜਵਾਨਾਂ ਨੇ ਹਿੱਸਾ ਲਿਆ।

* * *

ਉਸ ਵਿਸ਼ਾਲ ਅਤੇ ਅਦਭੁਤ ਸਮੁੰਦਰ 'ਤੇ ਹੀ ਭਰੋਸਾ ਰੱਖੋ,

ਜਿਥੇ ਨਿੱਤ ਨਵੇਂ ਜਵਾਰ ਆਉਂਦੇ ਹਨ,

ਜਿਥੇ ਮਹਾਨ ਲਹਿਰਾਂ ਆਜ਼ਾਦ ਹਨ :

ਓ ਨੌਜਵਾਨ ਕੋਲੰਬਸ,

ਹੋ ਸਕਦਾ ਹੈ ਤੇਰੀ ਸੱਚ ਦੀ ਦੁਨੀਆ ਸ਼ਾਇਦ ਇਥੇ ਹੀ ਹੋਵੇ।

ਅਜੇ ਵੀ ਕਾਫ਼ੀ ਨੇ ਖੂਹ

ਉਹਨਾਂ ਵਿੱਚ ਹਲ਼ਕ ਗਿਆ ਹਨ੍ਹੇਰਾ ਅਜੇ ਚਿੰਘਾੜ੍ਹਦਾ ਹੈ।

—ਸੁਖਦੇਵ

ਉਪਰੋਕਤ ਸਤਰਾਂ ਪਾਸ਼ ਦੀ ਕਵਿਤਾ 'ਖੂਹ' ਦਾ ਹਿੱਸਾ ਹਨ ਜੋ ਉਸ ਸਮੇਂ ਲਿਖੀ ਗਈ ਸੀ ਜਦੋਂ ਪੰਜਾਬ ਸਰਕਾਰੀ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਦੇ ਪੁੜਾਂ ਵਿੱਚ ਪਿਸ ਰਿਹਾ ਸੀ। ਇੱਥੇ ਖੂਹ ਧਰਮ ਦਾ ਪ੍ਰਤੀਕ ਹੈ। ਉਸ ਸਮੇਂ ਜਦੋਂ ਧਰਮ ਯੁੱਧ ਲੜ ਰਹੇ ਖਾਲਿਸਤਾਨੀ ਦਹਿਸ਼ਤਗਰਦ ਦਿਨ-ਦਿਹਾੜੇ ਬੇਗੁਨਾਹ ਲੋਕਾਂ ਨੂੰ ਏ.ਕੇ. 47 ਦੀਆਂ ਗੋਲ਼ੀਆਂ ਨਾਲ਼ ਭੁੰਨ ਰਹੇ ਸਨ ਅਤੇ ਵਰਦੀ ਵਾਲ਼ੇ ਦਹਿਸ਼ਤਗਰਦ ਬੇਗੁਨਾਹ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਖਪਾ ਰਹੇ ਸਨ। ਪੰਜਾਬ ਦੇ ਲੋਕ ਲਗਭਗ ਡੇਢ ਦਹਾਕੇ ਤੱਕ ਹੰਢਾਏ ਉਸ ਸੰਤਾਪ ਨੂੰ ਕਦੇ ਨਹੀਂ ਭੁੱਲਣਗੇ। ਧਰਮ ਗੁਰੂਆਂ, ਹਾਕਮ ਜਮਾਤੀ ਰਾਜਨੀਤਕ ਪਾਰਟੀਆਂ ਨੇ ਆਪਣੇ ਸੌੜੇ ਸਵਾਰਥਾਂ ਲਈ ਡੇਢ ਦਹਾਕੇ ਤੱਕ ਪੰਜਾਬ ਨੂੰ ਅੱਗ ਵਿੱਚ ਝੋਕੀ ਰੱਖਿਆ।

ਬਚਾਅ ਦੀ ਆਖਰੀ ਜੰਗ ਲੜਦਿਆਂ ਹਨ੍ਹੇਰਾ
ਹਰ ਸ਼ੈਅ ਵਿੰਨ੍ਹਦਾ ਹੈ
ਤੁਹਾਡੀ ਜਾਗਦੀ ਹੋਈ ਦੁਨੀਆਂ ਦੇ ਆਰ-ਪਾਰ ਨਿਕਲਣਾ ਚਾਹੁੰਦਾ ਹੈ
ਤੁਹਾਡੇ ਬੋਲਾਂ ਦੀ ਲਿਸ਼ਕ 'ਚ ਸਿੰਮਣ ਨੂੰ
ਹਨ੍ਹੇਰਾ ਆਪਣੇ ਘੁਰਨਿਆਂ ਸਮੇਤ ਬੇਹੱਦ ਤਰਲ ਹੋ ਚੁੱਕਾ ਹੈ ਹੁਣ
ਏਨੇ ਤਰਲ ਹਨੇਰੇ ਦੇ ਖਿਲਾਫ਼
ਹੁਣ ਤੁਸੀਂ ਪਹਿਲਾਂ ਵਾਂਗ ਨਹੀਂ ਲੜ ਸਕਦੇ
ਕੋਈ ਸਹੂਲਤੀ ਤੇ ਅਣਸਰਦੇ ਦੀ ਠੰਢੀ ਜੰਗ ਏਨੇ ਤਰਲ ਹਨ੍ਹੇਰੇ ਦੇ ਖਿਲਾਫ ?
ਤੁਹਾਡਾ ਸੁਵਿਧਾਮਈ ਵਜੂਦ ਬੜਾ ਨਾ-ਕਾਫ਼ੀ ਹੈ
ਏਨੇ ਤਰਲ ਹਨੇਰੇ ਦੇ ਬਿਲਕੁਲ ਗਵਾਂਢ ਜੀਂਦੇ ਹੋਏ
ਤੁਸੀਂ ਨਿਹੱਥਿਆਂ ਤੁਰ ਨਹੀਂ ਸਕਦੇ।

—ਪਾਸ਼

ਅੱਜ ਫਿਰ ਇਹ ਤਾਕਤਾਂ ਪੰਜਾਬ ਦੀ ਫ਼ਿਜ਼ਾ ਵਿੱਚ ਜ਼ਹਿਰ ਘੋਲਣ ਲਈ ਯਤਨਸ਼ੀਲ ਹਨ। 5 ਦਸੰਬਰ ਨੂੰ ਲੁਧਿਆਣਾ ਦੀਆਂ ਸੜਕਾਂ 'ਤੇ ਫਿਰਕੂ ਜਨੂੰਨੀਆਂ ਦੇ ਹੱਥਾਂ ਵਿੱਚ ਲਿਸ਼ਕਦੀਆਂ/ਲਹਿਰਾਉਂਦੀਆਂ ਤਲਵਾਰਾਂ ਸੰਭਾਵੀ ਖਤਰਿਆਂ ਵੱਲ ਇਸ਼ਾਰਾ ਕਰ ਰਹੀਆਂ ਸਨ। 5 ਦਸੰਬਰ ਨੂੰ ਲੁਧਿਆਣਾ ਵਿਖੇ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਆਪਣਾ ਧਾਰਮਿਕ ਸਮਾਗਮ ਕੀਤਾ ਜਾਣਾ ਸੀ। ਪਰ ਦਲ ਖਾਲਸਾ, ਖਾਲਸਾ ਐਕਸ਼ਨ ਕਮੇਟੀ, ਸੰਤ ਸਮਾਜ ਆਦਿ ਦੇ ਫਿਰਕੂ ਜਨੂੰਨੀਆਂ ਨੇ ਐਲਾਨ ਕਰ ਦਿੱਤਾ ਕਿ ਉਹ ਸਮਾਗਮ ਨਹੀਂ ਹੋਣ ਦੇਣਗੇ। 5 ਦਸੰਬਰ ਨੂੰ ਇਹਨਾਂ ਜਥੇਬੰਦੀਆਂ ਦੀ ਅਗਵਾਈ ਵਿੱਚ ਨੰਗੀਆਂ ਤਲਵਾਰਾਂ ਲੈ ਕੇ ਇੱਕ ਹਜ਼ੂਮ ਲੁਧਿਆਣਾ ਦੀਆਂ ਸੜਕਾਂ 'ਤੇ ਉੱਤਰ ਆਇਆ। ਪੁਲ਼ਿਸ ਨੇ ਇਹਨਾਂ ਨੂੰ ਇਕੱਠੇ ਹੋਣ ਤੋਂ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਇਹਨਾਂ ਦੇ ਦਬਾਅ ਕਾਰਨ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦਾ ਸਮਾਗਮ ਨਹੀਂ ਹੋ ਸਕਿਆ।

ਦਲ ਖਾਲਸਾ, ਖਾਲਸਾ ਐਕਸ਼ਨ ਕਮੇਟੀ, ਸੰਤ ਸਮਾਜ, ਦਲਜੀਤ ਬਿੱਟੂ ਦਾ ਅਕਾਲੀ ਦਲ ਆਦਿ ਅਖੌਤੀ ਸਿੱਖ ਜੱਥੇਬੰਦੀਆਂ-ਪਿੱਛਲੇ ਕਾਫੀ ਸਮੇਂ ਤੋਂ ਪੰਜਾਬ ਵਿੱਚ ਫਿਰਕੂ ਜਨੂੰਨ ਭੜਕਾਉਣ ਲਈ ਯਤਨਸ਼ੀਲ ਹਨ। ਇਹ ਜਥੇਬੰਦੀ ਸਿੱਖ ਧਰਮ ਦੇ ਪੈਰੋਕਾਰਾਂ ਜੋ ਕਿ ਪੰਜਾਬ ਦੀ ਬਹੁਗਿਣਤੀ ਬਣਦੇ ਹਨ, ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਆਪਣੀਆਂ ਰੋਟੀਆਂ ਸੇਕਣ ਦੇ ਕੁਕਰਮਾਂ 'ਚ ਰੁੱਝੀਆਂ ਹੋਈਆਂ ਹਨ। ਪਿਛਲੇ ਢਾਈ ਤਿੰਨ ਸਾਲਾਂ ਤੋਂ ਇਹ ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰੋਕਾਰਾਂ ਨੂੰ ਵੀ ਲਗਾਤਾਰ ਡਰਾ ਧਮਕਾ ਕੇ ਉਹਨਾਂ ਨੂੰ ਡੇਰੇ ਤੋਂ ਦੂਰ ਕਰਨ ਦੀ ਕੋਸ਼ਿਸ਼ 'ਚ ਹਨ। ਜਗ੍ਹਾ-ਜਗ੍ਹਾ ਇਹਨਾਂ ਫਿਰਕੂ ਜਨੂੰਨੀਆਂ ਵੱਲੋਂ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ ਨੂੰ ਆਪਣੇ ਸਮਾਗਮ ਕਰਨ ਤੋਂ ਰੋਕਿਆ ਜਾ ਰਿਹਾ ਹੈ। ਕਦੇ ਡੇਰਾ ਸੱਚਾ ਸੌਦਾ ਤੇ ਕਦੇ ਅਸ਼ੂਤੋਸ਼ ਦੇ ਪੈਰੋਕਾਰਾਂ ਸਿਰ ਇਹ ਫਿਰਕੂ ਜਨੂੰਨੀ ਆਪਣੇ ਫਾਸੀਵਾਦੀ ਫਰਮਾਨ ਮੜ੍ਹ ਰਹੇ ਹਨ। ਇਹ ਦਰਅਸਲ ਪੰਜਾਬ ਦੇ ਲੋਕਾਂ ਦੀ ਧਾਰਮਿਕ ਅਜ਼ਾਦੀ 'ਤੇ ਹਮਲਾ ਹੈ।

ਅਸੀਂ ਨਾ ਤਾਂ ਡੇਰਾ ਸੱਚਾ ਸੌਦਾ ਦੇ ਹਮਾਇਤੀ ਹਾਂ ਅਤੇ ਨਾ ਹੀ ਦਿਵਯ ਜਯੋਤੀ ਦੇ ਤੇ ਨਾ ਹੀ ਇਹਨਾਂ ਫਿਰਕੂ ਜਨੂੰਨੀਆਂ ਦੇ। ਦਰਅਸਲ ਇਹ ਸਭ ਜਥੇਬੰਦੀਆਂ, ਡੇਰੇ, ਲੋਕਾਂ ਦੇ ਪਛੜੇਵੇਂ, ਉਹਨਾਂ ਵਿੱਚ ਵੱਡੇ ਪੱਧਰ 'ਤੇ ਫੈਲੇ ਅੰਧ-ਵਿਸ਼ਵਾਸ਼ਾਂ ਦਾ ਫਾਇਦਾ ਲੈ ਕੇ ਆਪਣੇ ਕਰੋੜਾਂ ਦੇ ਕਾਰੋਬਾਰ ਚਲਾ ਰਹੀਆਂ ਹਨ। ਜਿਸ ਵੀ ਡੇਰੇ ਜਾਂ ਧਰਮ ਦੇ ਪੈਰੋਕਾਰ ਵਧੇਰੇ ਹੋਣਗੇ ਉਸਦਾ ਬਿਜ਼ਨਸ ਵੀ ਓਨਾ ਹੀ ਵਧੇ-ਫੁੱਲੇਗਾ। ਜਦੋਂ ਲੋਕ ਇੱਕ ਧਰਮ ਦੀ ਦੁਕਾਨ ਤੋਂ ਧਰਮ ਦੀ ਦੂਸਰੀ ਦੁਕਾਨ ਵੱਲ੍ਹ ਪਲਾਇਨ ਕਰਦੇ ਹਨ ਤਾਂ ਇੱਕ ਦਾ ਬਿਜ਼ਨਸ ਵਧਦਾ ਫੁੱਲਦਾ ਹੈ ਤੇ ਦੂਸਰੇ ਦੇ ਬਿਜ਼ਨਸ ਨੂੰ ਘਾਟਾ ਪੈਂਦਾ ਹੈ। ਇਹੋ ਹੀ ਇਹਨਾਂ ਦਰਮਿਆਨ ਜੂਤ ਪਤਾਣ ਦੀ ਮੁੱਖ ਵਜ੍ਹਾ ਹੈ।

ਕਿਸੇ ਧਰਮ ਜਾਂ ਡੇਰੇ ਵਿੱਚ ਸ਼ਰਧਾ ਭਾਵੇਂ ਲੋਕਾਂ ਦੇ ਪਛੜੇਵੇਂ ਜਾਂ ਅੰਧਵਿਸ਼ਵਾਸ਼ ਕਾਰਨ ਹੀ ਹੁੰਦੀ ਹੈ ਪਰ ਆਸਥਾ ਦਾ ਸਵਾਲ ਹਰ ਨਾਗਰਿਕ ਦਾ ਨਿੱਜੀ ਮਸਲਾ ਹੈ। ਕਿਸੇ ਨੂੰ ਵੀ ਜਬਰਦਸਤੀ ਕਿਸੇ ਖਾਸ ਧਰਮ ਜਾਂ ਡੇਰੇ ਦਾ ਪੈਰੋਕਾਰ ਬਣਨ ਤੋਂ ਰੋਕਣਾ, ਉਹਨਾਂ ਤੋਂ ਆਪਣੇ ਧਾਰਮਿਕ ਸਮਾਗਮ ਕਰਨ ਤੋਂ ਤਲਵਾਰ ਦੇ ਦਮ 'ਤੇ ਰੋਕਣਾ ਇੱਕ ਫਾਸੀਵਾਦੀ ਕਦਮ ਹੈ। ਇਹ ਲੋਕਾਂ ਦੀ ਧਾਰਮਿਕ ਚੋਣ ਦੇ ਜਮਹੂਰੀ ਹੱਕ 'ਤੇ ਹਮਲਾ ਹੈ। ਇਹੋ ਅੱਜ ਸਿੱਖ ਜਨੂੰਨੀ ਜਥੇਬੰਦੀਆਂ ਕਰ ਰਹੀਆਂ ਹਨ। ਇਹਨਾਂ ਅਰਥਾਂ ਵਿੱਚ ਇਹ ਹਿਟਲਰ, ਮੁਸੋਲਿਨੀ ਅਤੇ ਉਹਨਾਂ ਦੇ ਮਿੰਨੀ ਐਡੀਸ਼ਨ ਨਰਿੰਦਰ ਮੋਦੀ ਦੀ ਪੈੜ ਵਿੱਚ ਪੈਰ ਰੱਖ ਰਹੀਆਂ ਹਨ। ਇਹਨਾਂ ਫਿਰਕੂ ਜਨੂੰਨੀਆਂ ਦੀਆਂ ਪੰਜਾਬ ਦੇ ਕਿਰਤੀ ਲੋਕਾਂ ਨੂੰ ਧਰਮ ਦੇ ਨਾ 'ਤੇ ਪਾੜਨ, ਉਹਨਾਂ ਨੂੰ ਭਰਾ-ਮਾਰ ਜੰਗ ਵਿੱਚ ਝੋਕਣ ਦੀਆਂ ਕੋਸ਼ਿਸ਼ਾਂ ਦਾ ਜ਼ੋਰਦਾਰ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਦੇ ਕਿਰਤੀ ਲੋਕਾਂ (ਜਿਹਨਾਂ ਵਿੱਚ ਪੰਜਾਬ ਵਿੱਚ ਬਾਹਰੀ ਸੂਬਿਆਂ ਤੋਂ ਆ ਕੇ ਕੰਮ ਕਰਨ ਵਾਲ਼ੇ ਮਜ਼ਦੂਰ ਵੀ ਸ਼ਾਮਿਲ ਹਨ) ਦੇ ਅਸਲ ਮਸਲੇ ਤਾਂ ਰੋਜ਼ੀ-ਰੋਟੀ, ਰੁਜ਼ਗਾਰ ਹਨ। ਲੱਕ ਤੋੜ ਮਹਿੰਗਾਈ ਤੋਂ ਨਿਜ਼ਾਤ ਪਾਉਣਾ ਹੈ। ਗਰੀਬੀ ਭੁੱਖ ਮਰੀ ਤੋਂ ਨਿਜ਼ਾਤ ਪਾਉਣ ਲਈ ਕਿਰਤ ਦੇ ਲੁਟੇਰੇ ਹਾਕਮਾਂ ਵਿਰੁੱਧ ਡਟਣਾ ਹੈ। ਸਿੱਖ ਜਨੂੰਨੀ ਜੱਥੇਬੰਦੀਆਂ ਕੋਲ਼ ਪੰਜਾਬ ਦੇ ਕਿਰਤੀ ਲੋਕਾਂ ਦੀਆਂ ਅਸਲ ਸਮੱਸਿਆਵਾਂ ਉੱਪਰ ਲੜਨ ਦਾ ਕੋਈ ਪ੍ਰੋਗਰਾਮ ਨਹੀਂ ਹੈ। ਦਰਅਸਲ ਇਹ ਮਸਲੇ ਪੰਜਾਬ ਦੇ 90 ਫੀਸਦੀ ਗਰੀਬ ਲੋਕਾਂ ਦੇ ਹਨ ਇਹਨਾਂ ਫਿਰਕੂ ਜਨੂੰਨੀਆਂ ਦੇ ਨਹੀਂ। ਇਹ ਵੀ ਤਾਂ ਹਾਕਮ ਜਮਾਤਾਂ, ਸੇਠਾਂ, ਸਰਮਾਏਦਾਰਾਂ, ਵੱਡੇ ਭੂਮੀਪਤੀਆਂ ਆਦਿ ਦੁਆਰਾ ਕਿਰਤੀ ਲੋਕਾਂ ਦੀ ਕਿਰਤ ਦੀ ਲੁੱਟ ਵਿੱਚ ਹਿੱਸਾ ਵੰਡਾਉਂਦੇ ਹਨ। ਇਹ ਬਿਨਾਂ ਕੋਈ ਕੰਮ ਕੀਤੇ ਸੁਪਰ ਅੱਯਾਸ਼ੀ ਭਰੀ ਜ਼ਿੰਦਗੀ ਜਿਉਂਦੇ ਹਨ। ਕੋਈ ਵੀ ਨਵੇਂ ਮਾਡਲ ਦੀ ਕਾਰ ਜਦੋਂ ਬਜ਼ਾਰ ਵਿੱਚ ਆਉਂਦੀ ਹੈ ਸਭ ਤੋਂ ਪਹਿਲਾਂ ਇਹਨਾਂ ਬਾਬਿਆਂ ਕੋਲ਼ ਹੀ ਪਹੁੰਚਦੀ ਹੈ। ਇਹਨਾਂ ਦੀ ਅੱਯਾਸ਼ੀ ਭਰੀ ਜ਼ਿੰਦਗੀ ਦੇ ਕਿੱਸੇ ਬਹੁਤ ਲੰਬੇ ਹਨ।

ਇਹਨਾਂ ਬਾਬਿਆਂ, ਧਰਮ ਗੁਰੂਆਂ ਨੂੰ ਸਿਆਸੀ ਸ਼ੈਅ ਵੀ ਪ੍ਰਾਪਤ ਹੈ। ਮੋੜਵੇਂ ਰੂਪ ਵਿੱਚ ਬਾਬੇ ਵੀ ਸਿਆਸਤਦਾਨਾਂ ਦੀ ਚੋਣਾਂ ਦੌਰਾਨ ਮਦਦ ਕਰਦੇ ਹਨ। ਸਿੱਖ ਜਨੂੰਨੀਆਂ ਨੂੰ ਬਾਦਲ ਸਰਕਾਰ ਦੀ ਸਿੱਧੀ-ਅਸਿੱਧੀ ਸ਼ੈਅ ਮਿਲ਼ਦੀ ਹੈ ਜਦਕਿ ਸਿਰਸੇ ਵਾਲ਼ਿਆਂ, ਅਸ਼ੂਤੋਸ਼ ਨੂੰ ਕਾਂਗਰਸ ਅਤੇ ਬੀ. ਜੇ. ਪੀ. ਦਾ ਅਸ਼ੀਰਵਾਦ ਪ੍ਰਾਪਤ ਹੈ। ਇਹਨਾਂ ਬਾਬਿਆਂ, ਫਿਰਕੂ ਜਨੂੰਨੀਆਂ ਅਤੇ ਪੂੰਜੀਵਾਦੀ ਸਿਆਸਤਦਾਨਾਂ ਦਾ ਗੱਠਜੋੜ ਪੰਜਾਬ ਦੇ ਕਿਰਤੀ ਲੋਕਾਂ ਦਾ ਖੂਨ ਵਹਾਉਣ ਲਈ ਤਰਲੋ ਮੱਛੀ ਹੋ ਰਿਹਾ ਹੈ। ਲੋੜ ਹੈ ਇਹਨਾਂ ਦੇ ਅਸਲ ਮਨਸੂਬਿਆਂ ਨੂੰ ਪਹਿਚਾਨਣ ਦੀ ਅਤੇ ਲੋਕਾਂ ਵਿੱਚ ਇਹਨਾਂ ਦਾ ਖੂਨੀ ਚਿਹਰਾ ਨੰਗਾ ਕਰਨ ਦੀ ।

* * *

ਧਰਮ ਦੀਕਸ਼ਾ ਲਈ ਬਿਨੈ-ਪੱਤਰ

—ਪਾਸ਼

ਮੇਰਾ ਇੱਕੋ ਹੀ ਪੁੱਤ ਹੈ ਧਰਮ-ਗੁਰੂ
ਮਰਦ ਵਿਚਾਰਾ ਸਿਰ 'ਤੇ ਨਹੀਂ ਰਿਹਾ।
ਤੇਰੇ ਇਸ ਤਰ੍ਹਾਂ ਗਰਜਣ ਤੋਂ ਬਾਅਦ
ਮਰਦ ਤਾਂ ਦੂਰ ਦੂਰ ਤਕ ਕਿਤੇ ਨਹੀਂ ਬਚੇ
ਹੁਣ ਸਿਰਫ਼ ਤੀਵੀਆਂ ਹਨ ਜਾਂ ਸ਼ਾਕਾਹਾਰੀ ਦੋਪਾਏ
ਜੋ ਉਨ੍ਹਾਂ ਲਈ ਅੰਨ ਕਮਾਉਂਦੇ ਹਨ।
ਸਰਬ ਕਲਾ ਸਮਰੱਥ ਏਂ ਤੂੰ ਧਰਮ-ਗੁਰੂ!
ਤੇਰੀ ਇਕ ਮਾੜੀ ਜਿਹੀ ਤਿਊੜੀ ਵੀ
ਚੰਗੇ ਭਲੇ ਪਰਿਵਾਰਾਂ ਨੂੰ ਇੱਜੜ ਬਣਾ ਦਿੰਦੀ
ਹਰ ਕੋਈ ਦੂਸਰੇ ਨੂੰ ਮਿੱਧ ਕੇ
ਆਪਣੀ ਧੌਣ ਤੀਜੇ ਵਿਚ ਘੁਸਾਉਂਦਾ ਹੈ
ਪਰ ਮੇਰੀ ਇਕੋ ਇਕ ਗਰਦਨ ਹੈ ਧਰਮ-ਗੁਰੂ!
ਮੇਰੀ ਬੱਚੇ ਦੀ-ਤੇ ਮਰਦ ਵਿਚਾਰਾ ਸਿਰ ਤੇ ਨਹੀਂ ਰਿਹਾ।

ਮੈਂ ਤੇਰੇ ਦੱਸੇ ਹੋਏ ਹੀ ਇਸ਼ਟ ਪੂਜਾਂਗੀ
ਮੈਂ ਤੇਰੇ ਪਾਸ ਕੀਤੇ ਭਜਨ ਹੀ ਗਾਵਾਂਗੀ
ਮੈਂ ਹੋਰ ਸਾਰੇ ਧਰਮਾਂ ਨੂੰ ਨਿਗੁਣੇ ਕਿਹਾ ਕਰੂੰ
ਮੇਰੀ ਪਰ ਇਕੋ ਇਕ ਜ਼ੁਬਾਨ ਬਚੀ ਹੈ ਧਰਮ-ਗੁਰੂ।
ਮੇਰੇ ਬੱਚੇ ਦੀ—ਤੇ ਮਰਦ ਵਿਚਾਰਾ ਸਿਰ ਤੇ ਨਹੀਂ ਰਿਹਾ।

ਮੈਂ ਪਹਿਲਾਂ ਬਹੁਤ ਝੱਲੀ ਰਹੀ ਹਾਂ ਹੁਣ ਤਕ
ਮੇਰੇ ਪਰਿਵਾਰ ਦਾ ਜੋ ਧਰਮ ਹੁੰਦਾ ਸੀ
ਮੇਰਾ ਉਸ ਤੇ ਵੀ ਕਦੀ ਧਿਆਨ ਨਹੀਂ ਗਿਆ
ਮੈਂ ਪਰਿਵਾਰ ਨੂੰ ਹੀ ਧਰਮ ਮੰਨਣ ਦਾ ਕੁਫ਼ਰ ਕਰਦੀ ਰਹੀ ਆਂ
ਮੈਂ ਕਮਲੀ ਸੁਣੇ ਸੁਣਾਏ, ਪਤੀ ਨੂੰ ਰੱਬ ਕਹਿੰਦੀ ਰਹੀ
ਮੇਰੇ ਭਾਣੇ ਤਾਂ ਘਰਦਿਆਂ ਜੀਆਂ ਦੀ ਮੁਸਕਾਨ ਤੇ ਘੂਰੀ ਹੀ
ਸੁਰਗ ਨਰਕ ਰਹੇ—
ਮੈਂ ਸ਼ਾਇਦ ਵਿੱਠ ਸਾਂ ਕਲਯੁੱਗ ਦੀ, ਧਰਮ-ਗੁਰੂ!
ਤੇਰੀ ਗਜਾਈ ਹੋਈ ਧਰਮ ਦੀ ਜੈਕਾਰ ਨਾਲ਼
ਮੇਰੇ 'ਚੋਂ ਐਨ ਉਡ ਗਈ ਹੈ ਕੁਫ਼ਰ ਦੀ ਧੁੰਦ
ਮੇਰਾ ਮਰਜਾਣੀ ਦਾ ਕੋਈ ਆਪਣਾ ਸੱਚ ਹੁਣ ਨਾ ਦਿਸੂ
ਮੈਂ ਤੇਰਾ ਸੱਚ ਹੀ ਇਕਲੌਤਾ ਸੱਚ ਜਚਾਇਆ ਕਰੂੰ…
ਮੈਂ ਤੀਵੀਂ ਮਾਨੀ ਤੇਰੇ ਜਾਂਬਾਜ਼ ਸ਼ਿਸ਼ਾਂ ਦੇ ਮੂਹਰੇ ਹਾਂ ਵੀ ਕੀ
ਕਿਸੇ ਵੀ ਉਮਰੇ ਤੇਰੀ ਤੇਗ ਤੋਂ ਘਟ ਸੁੰਦਰ ਰਹੀ ਹਾਂ
ਕਿਸੇ ਵੀ ਰੌਅ 'ਚ ਤੇਰੇ ਤੇਜ ਤੋਂ ਫਿੱਕੀ ਰਹੀ ਹਾਂ
ਮੈਂ ਸੀ ਹੀ ਨਹੀਂ, ਬੱਸ ਤੂੰ ਹੀ ਤੂੰ ਏਂ ਧਰਮ-ਗੁਰੂ!

ਮੇਰਾ ਇਕੋ ਈ ਪੁੱਤ ਹੈ ਧਰਮ-ਗੁਰੂ!
ਉਂਜ ਭਲਾ ਸੱਤ ਵੀ ਹੁੰਦੇ
ਉਨ੍ਹਾਂ ਤੇਰਾ ਕੁਝ ਨਹੀਂ ਕਰ ਸਕਣਾ ਸੀ
ਤੇਰੇ ਬਾਰੂਦ ਵਿਚ ਰੱਬੀ ਮਹਿਕ ਹੈ
ਤੇਰਾ ਬਾਰੂਦ ਰਾਤਾਂ ਨੂੰ ਰੌਣਕਾਂ ਵੰਡਦਾ ਹੈ
ਤੇਰਾ ਬਾਰੂਦ ਰਾਹੋਂ ਭਟਕਿਆ ਨੂੰ ਸੇਧਦਾ ਹੈ
ਮੈਂ ਤੇਰੀ ਆਸਤਕ ਗੋਲੀ ਨੂੰ ਅਰਗ ਦਿਆ ਕਰਾਂਗੀ
ਮੇਰਾ ਇਕੋ ਈ ਪੁੱਤ ਹੈ ਧਰਮ-ਗੁਰੂ!
ਤੇ ਮਰਦ ਵਿਚਾਰਾ ਸਿਰ 'ਤੇ ਨਹੀਂ ਰਿਹਾ।

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ

25 ਸਾਲਾਂ ਬਾਅਦ ਵੀ ਨਾ ਮਿਲ਼ਿਆ ਇਨਸਾਫ਼

—ਨੀਰਜ

13 ਦਸੰਬਰ ਨੂੰ ਪਾਰਲੀਮੈਂਟ ਵਿੱਚ ਫਿਰ ਤੋਂ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਲੈ ਬਹਿਸ ਹੋਈ। ਟੀ. ਵੀ. ਚੈਨਲਾਂ ਦੀਆਂ ਖਬਰਾਂ ਮੁਤਾਬਕ ਵਿਰੋਧੀ ਧਿਰ ਨੇ ਸਰਕਾਰ ਨੂੰ ਘੇਰਨ ਦੀ ਪੂਰੀ ਕੋਸ਼ਿਸ਼ ਕੀਤੀ। ਵਿਰੋਧੀ ਧਿਰ ਇਸ ਤੋਂ ਵੱਧ ਨਾ ਤਾਂ ਕੁੱਝ ਕਰ ਸਕਦੀ ਹੈ ਅਤੇ ਨਾ ਹੀ ਉਹ ਕਰਨਾ ਚਾਹੁੰਦੀ ਹੈ। ਨਾ ਹੀ ਸਰਕਾਰ ਜਿਸ ਨੇ ਨਾ ਤਾਂ ਕੁੱਝ ਕੀਤਾ ਹੈ, ਤੇ ਨਾ ਹੀ ਕਰੇਗੀ। ਦੋਵੇਂ ਧਿਰਾਂ ਪਾਰਲੀਮੈਂਟ ਵਿੱਚ ਸਿਰਫ਼ ਇੱਕ ਕੰਮ ਹੀ ਕਰ ਸਕਦੀਆਂ ਹਨ ਅਤੇ ਉਹ ਬਾਖੂਬੀ ਕਰ ਰਹੀਆਂ ਹਨ, ਉਹ ਹੈ ਜਾਭਾਂ ਦਾ ਭੇੜ। ਪਾਰਲੀਮੈਂਟ ਸਿਰਫ਼ ਜਾਭਾਂ ਦਾ ਭੇੜ ਦਾ ਅੱਡਾ ਹੀ ਤਾਂ ਹੈ।

ਅਕਤੂਬਰ 1984 ਵਿੱਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਭੂਤਰੇ ਕਾਂਗਰਸੀ ਗੁੰਡਾ ਗਿਰੋਹਾਂ ਨੇ ਦਿੱਲੀ ਅਤੇ ਦੇਸ਼ ਦੇ ਹੋਰਾਂ ਸ਼ਹਿਰਾਂ ਵਿੱਚ ਹਜ਼ਾਰਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸਿੱਖਾਂ ਦਾ ਕਤਲੇਆਮ ਕਰ ਰਹੇ ਮੌਤ ਦੇ ਵਣਜਾਰਿਆ ਦੇ ਜਰਨੈਲ ਸਨ, ਸੱਜਣ ਕੁਮਾਰ, ਭਜਨ ਲਾਲ ਬਿਸ਼ਨੋਈ, ਜਗਦੀਸ਼ ਟਾਈਟਲਰ, ਹਰਿਕ੍ਰਿਸ਼ਨ ਲਾਲ ਭਗਤ ਆਦਿ। ਸਿੱਖਾਂ ਦੇ ਥਾਂ ਥਾਂ ਹੋ ਰਹੇ ਕਤਲੇਆਮ ਬਾਰੇ ਇੰਦਰਾ ਦੇ ਪੁੱਤ ਰਾਜੀਵ ਗਾਂਧੀ ਦਾ ਬਿਆਨ ਸੀ, "ਜਦੋਂ ਕੋਈ ਵੱਡਾ ਰੁੱਖ ਡਿੱਗਦਾ ਹੈ, ਤਾਂ ਧਰਤੀ ਤਾਂ ਕੰਬਦੀ ਹੀ ਹੈ।" ਉਸਨੇ ਸ਼ਰੇਆਮ ਬੇਗੁਨਾਹ ਸਿੱਖਾਂ ਦੇ ਕਤਲੇਆਮ ਨੂੰ ਵਾਜਿਬ ਠਹਿਰਾਇਆ। ਉਸਦੇ ਇਸ ਬਿਆਨ ਨੇ ਬਲ਼ਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਬਾਅਦ ਵਿੱਚ ਇਹ ਸਖ਼ਸ਼ ਦੇਸ਼ ਦੇ ਪ੍ਰਧਾਨ-ਮੰਤਰੀ ਦੀ ਕੁਰਸੀ 'ਤੇ ਸ਼ੁਸ਼ੋਭਿਤ ਹੋਇਆ। ਲੋਕਾਂ ਦਾ ਕਤਲੇਆਮ ਕਰਵਾਉਣ ਦਾ ਉਸ ਨੂੰ ਇਨਾਮ ਮਿਲ਼ਿਆ।

ਨਵੰਬਰ 1984 ਦੇ ਦੰਗਾ ਪੀੜਤ 25 ਸਾਲਾਂ ਤੋਂ ਦਰ ਦਰ ਭਟਕ ਰਹੇ ਹਨ। ਕਿਸੇ ਨੂੰ ਕਿਧਰੇ ਇਨਸਾਫ਼ ਨਾ ਮਿਲ਼ਿਆ। ਵਕਤ ਗੁਜ਼ਰਨ ਨਾਲ਼ ਉਹਨਾਂ ਦੀ ਗਿਣਤੀ ਲਗਾਤਾਰ ਘਟਦੀ ਗਈ ਹੈ। ਉਹਨਾਂ ਵਿੱਚੋਂ ਕਈ ਮਰ ਗਏ ਹਨ। ਇਨਸਾਫ਼ ਦੀ ਮੰਗ ਕਰਨ ਵਾਲ਼ਿਆਂ 'ਚੋਂ ਕਈਆਂ ਨੂੰ ਡਰਾ ਧਮਾਕਾ ਕੇ ਚੁੱਪ ਕਰਾ ਦਿੱਤਾ ਗਿਆ ਹੈ। ਕਈ ਲਾਪਤਾ ਹਨ। ਇਸ ਕਤਲੇਆਮ ਦੇ ਕੁੱਝ ਦੋਸ਼ੀਆਂ ਨੂੰ ਸਜਾਵਾਂ ਵੀ ਮਿਲ਼ੀਆਂ। ਪਰ ਰਾਜੀਵ ਗਾਂਧੀ ਤੋਂ ਲੈਕੇ ਭਜਲ ਲਾਲ, ਸੱਜਣ ਕੁਮਾਰ, ਜਗਦੀਸ਼ ਟਾਈਟਲਰ, ਹਰਿਕ੍ਰਿਸ਼ਨ ਲਾਲ ਭਗਤ ਆਦਿ ਇਸ ਕਤਲੇਆਮ ਦੇ ਰਿੰਗ ਲੀਡਰਾਂ ਦਾ ਵਾਲ਼ ਵੀ ਵਿੰਗਾ ਨਹੀਂ ਹੋਇਆ। ਉਹਨਾਂ ਵਿੱਚੋਂ ਕਈ ਕਾਂਗਰਸ ਪਾਰਟੀ ਦੇ ਉੱਚੇ ਅਹੁਦਿਆਂ ਦੇ ਅੱਜ ਵੀ ਬਿਰਾਜਮਾਨ ਹਨ। ਉਹ ਪ੍ਰਧਾਨ ਮੰਤਰੀ, ਮੁੱਖ ਮੰਤਰੀ, ਮੰਤਰੀ ਦੀਆਂ ਕੁਰਸੀਆਂ 'ਤੇ ਸ਼ੁਸ਼ੋਭਿਤ ਰਹੇ ਹਨ।

ਅਤੇ ਹੁਣ ਪੰਝੀ ਸਾਲਾਂ ਬਾਅਦ ਫਿਰ ਇਸ ਮਸਲੇ 'ਤੇ ਪਾਰਲੀਮੈਂਟ ਵਿੱਚ ਬਹਿਸ ਹੋ ਰਹੀ ਹੈ। 84 ਦੇ ਸਿੱਖ ਕਤਲੇਆਮ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਵਿੱਚੋਂ ਕਈ ਮਰ ਚੁੱਕੇ ਹਨ। ਕਈ ਰਿਟਾਇਰ ਹੋ ਚੁੱਕੇ ਹਨ। ਕਈ 'ਸਬੂਤਾਂ ਦੀ ਘਾਟ' ਕਾਰਨ ਅਦਾਲਤਾਂ ਵਿੱਚੋਂ ਬਰੀ ਹੋ ਚੁੱਕੇ ਹਨ। ਦੇਸ਼ ਦਾ ਗ੍ਰਹਿ ਮੰਤਰੀ ਮਜਬੂਰ ਹੈ। ਉਸ ਦਾ ਕਹਿਣਾ ਹੈ ਕਿ ਹੁਣ ਰਿਟਾਇਰ ਹੋ ਚੁੱਕੇ ਪੁਲਿਸ ਅਧਿਕਾਰੀਆਂ 'ਤੇ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਉਸਦਾ ਕਹਿਣਾ ਹੈ ਕਿ ਦੇਸ਼ ਦੇ ਕਾਨੂੰਨ ਮੁਤਾਬਕ ਅਦਾਲਤਾਂ ਵਿੱਚੋਂ ਬਰੀ ਹੋ ਚੁੱਕੇ ਪੁਲਿਸ ਅਫ਼ਸਰਾਂ 'ਤੇ ਦੁਬਾਰਾ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਦੇਸ਼ ਦੇ ਗ੍ਰਹਿ ਮੰਤਰੀ ਦੇ ਹੱਥ ਖੜ੍ਹੇ ਹਨ। ਉਹ ਪੰਝੀ ਸਾਲਾਂ ਤੋਂ ਇਨਸਾਫ਼ ਦੀ ਉਮੀਦ ਲਾਈ ਬੈਠੇ ਲੋਕਾਂ ਨੂੰ ਕਹਿ ਰਿਹਾ ਹੈ ਕਿ ਹੁਣ ਕੁੱਝ ਨਹੀਂ ਹੋ ਸਕਦਾ।

ਦੇਸ਼ ਦੀ ਨਾਮੀ ਜਾਂਚ ਏਜੰਸੀ ਸੀ. ਬੀ. ਆਈ. ਨੇ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਅਤੇ ਧਰਮ ਦਾਸ ਸ਼ਾਸਤਰੀ 'ਤੇ ਪੰਝੀ ਸਾਲ ਬਾਅਦ ਮੁੜ ਤੋਂ ਮੁਕੱਦਮਾ ਚਲਾਉਣ ਲਈ ਸਰਕਾਰ ਤੋਂ ਮਨਜ਼ੂਰੀ ਮੰਗੀ ਹੈ। ਪਰ ਅਜੇ ਤੱਕ ਸਰਕਾਰ ਦੀ ਮਨਜ਼ੂਰੀ ਮਿਲ਼ੀ ਨਹੀਂ ਹੈ। ਇਹਨਾਂ ਤਿੰਨਾਂ ਵਿੱਚੋਂ ਧਰਮ ਦਾਸ ਸ਼ਾਸਤਰੀ ਮਰ ਚੁੱਕਾ ਹੈ। ਸਮਝ ਨਹੀਂ ਆਉਂਦੀ ਕਿ ਸੀ. ਬੀ. ਆਈ. ਮਰ ਚੁੱਕੇ ਵਿਅਕਤੀ 'ਤੇ ਕਿੰਝ ਮੁਕੱਦਮਾ ਚਲਾਵੇਗੀ। ਇਸੇ ਸੀ. ਬੀ. ਆਈ. ਨੇ ਪਿੱਛਲੇ ਸਾਲ ਇਹਨਾਂ ਨੂੰ ਬੇਦਾਗ਼ ਕਰਾਰ ਦਿੱਤਾ ਸੀ। ਪਰ ਲੋਕ ਵਿਰੋਧ ਕਾਰਨ ਇਸ ਨੇ ਫਿਰ ਤੋਂ 'ਜਾਂਚ' ਕੀਤੀ ਹੈ। ਇਸ ਮੁੜ ਜਾਂਚ ਦੇ ਅਧਾਰ 'ਤੇ ਸੀ. ਬੀ. ਆਈ. ਇਹਨਾਂ 'ਤੇ ਮੁੜ ਤੋਂ ਮੁਕੱਦਮਾ ਚਲਾਉਣ ਲਈ ਸਰਕਾਰ ਦੀ ਮਨਜ਼ੂਰੀ ਚਾਹੁੰਦੀ ਹੈ।

ਦਰਅਸਲ ਇਹ ਵਿਅਕਤੀ ਮੌਜੂਦਾ ਲੁਟੇਰੇ ਨਿਜ਼ਾਮ ਵਿੱਚ ਇੰਨੀਆਂ ਪ੍ਰਭਾਵਸ਼ਾਲੀ ਪੋਜੀਸ਼ਨਾਂ 'ਤੇ ਹਨ ਕਿ ਕੋਈ ਕੋਰਟ, ਕੋਈ ਜਾਂਚ ਏਜੰਸੀ ਇਹਨਾਂ ਦਾ ਨਾ ਤਾਂ ਕੁੱਝ ਵਿਗਾੜ ਸਕਦੀ ਅਤੇ ਨਾ ਹੀ ਇਹਨਾਂ ਦਾ ਅਜਿਹਾ ਕੋਈ ਇਰਾਦਾ ਹੈ। ਇਹ ਇੱਕ 'ਗੁੰਡਿਆ ਦੀ ਸਲਤਨਤ' ਹੈ। ਜਿਸ ਹਮਾਮ ਵਿੱਚ ਸਾਰੇ ਨੰਗੇ ਹੋਣ ਉੱਥੇ ਕੌਣ ਕਿਸ ਨੂੰ ਸਜ਼ਾ ਦੇਵੇਗਾ। ਜਾਂਚ ਏਜੰਸੀਆਂ, ਅਦਾਲਤਾਂ, ਸਿਆਸਦਾਨ ਸਭ ਇੱਕ ਹਨ।

ਹੋ ਸਕਦਾ ਹੈ ਹੁਣ ਫਿਰ ਤੋਂ ਨਵੰਬਰ 84 ਦੇ ਸਿੱਖ ਕਤਲੇਆਮ ਦੇ ਇਹਨਾਂ ਮੁੱਖ ਦੋਸ਼ੀਆਂ 'ਤੇ ਮੁਕੱਦਮਾ-ਮੁਕੱਦਮਾ ਦੀ ਖੇਡ ਖੇਡੀ ਜਾਵੇ। ਪਰ ਇਸ ਨਾਲ਼ ਇਹਨਾਂ ਦਾ ਕੁੱਝ ਨਹੀਂ ਵਿਗੜਨਾ।

ਭਾਵੇ ਗੁਜਰਾਤ ਹੋਵੇ, ਭਾਵੇ ਬਾਬਰੀ ਮਸਜਿਦ ਢਾਹੁਣਾ ਅਤੇ ਬਾਅਦ ਵਿੱਚ ਮੁਸਲਮਾਨਾਂ ਦਾ ਕਤਲੇਆਮ ਅਤੇ ਭਾਵੇ ਨਵੰਬਰ 84, ਸਭ ਥਾਂ ਇੱਕੋ ਹਾਲ ਹੈ। ਕਿਤੇ ਵੀ ਲੋਕਾਂ ਨੂੰ ਨਾ ਤਾਂ ਇਨਸਾਫ਼ ਮਿਲ਼ਿਆ ਅਤੇ ਨਾ ਹੀ ਮਿਲਣ ਦੀ ਕੋਈ ਉਮੀਦ ਹੈ। ਗੱਲ ਸਿਰਫ਼ ਦੰਗਿਆਂ ਜਾਂ ਕਿਸੇ ਇੱਕ ਫਿਰਕੇ ਦੇ ਜਥੇਬੰਦ ਕਤਲੇਆਮ ਦੀ ਹੀ ਨਹੀਂ ਹੈ। ਦੇਸ਼ ਦੇ ਕਰੋੜਾਂ ਕਿਰਤੀ ਲੋਕਾਂ ਲਈ ਕਿਧਰੇ ਵੀ ਕਿਸੇ ਵੀ ਮਾਮਲੇ ਵਿੱਚ ਕੋਈ ਇਨਸਾਫ਼ ਨਹੀਂ ਹੈ। ਦਰਅਸਲ ਇਹ ਕਚਿਹਰੀਆਂ, ਜੇਲ੍ਹਾਂ, ਥਾਣੇ, ਪਾਰਲੀਮੈਂਟ,

(**ਬਾਕੀ ਹਿੱਸਾ, ਪੰਨਾ 20 'ਤੇ**)

ਟਿੱਪਣੀਆਂ

''ਲੀਡਰਾਂ ਨੂੰ ਗੱਫੇ, ਲੋਕਾਂ ਨੂੰ ਧੱਕੇ''

- ਪ੍ਰਦੀਪ

ਲੋਕਾਂ ਦੇ ਸੇਵਕ ਹੋਣ ਦਾ ਦਮ ਭਰਦੇ ਸਾਡੇ ਅਖੌਤੀ ਲੀਡਰਾਂ ਨੂੰ ਕੁੱਝ ਪਤਾ ਨਹੀਂ ਹੁੰਦਾ ਕਿ ਲੋਕੀਂ ਕਿੱਥੇ ਵਸਦੇ ਹਨ। ਭਾਵੇਂ ਆਪਣੀ ਵੋਟਾਂ ਦੀ ਰਾਜਨੀਤੀ ਤੇ ਮੁਨਾਫੇ ਦੀ ਬਾਂਦਰ ਵੰਡ ਲਈ ਜਿੰਨਾ ਮਰਜ਼ੀ ਇੱਕ ਦੂਜੇ ਦੇ ਘਸੁੰਨ-ਮੁੱਕੇ, ਦਸਤਾਰਾਂ ਉਛਾਲਣ, ਗਾਲ੍ਹਾਂ ਕੱਢਣ ਦਾ ਖੇਲ ਖੇਡੀ ਜਾਣ ਪਰ ਆਪਣੀ ਅੱਯਾਸ਼ੀ, ਭੱਤੇ, ਤਨਖਾਹਾਂ ਆਦਿ ਅਤੇ ਹੋਰ ਸਹੂਲਤਾਂ ਵਧਾਉਣ ਦੇ ਮਾਮਲੇ ਵਿੱਚ ਇਹ ਸੰਸਦ, ਵਿਧਾਨ ਸਭਾ ਵਿੱਚ ਸਾਰੇ ਇੱਕ ਮਿਕ ਹੋ ਜਾਂਦੇ ਹਨ ਤੇ ਇਸ ਤਰ੍ਹਾਂ ਦੇ ਬਿੱਲ ਬਿਨਾਂ ਕਿਸੇ ਵਿਰੋਧ ਦੇ ਪਾਸ ਕਰ ਦਿੰਦੇ ਹਨ।

ਪਿਛਲੀ ਦਿਨੀਂ ਇੱਕ ਅਖਬਾਰ ਵਿੱਚ ਇੱਕੋ ਪੰਨੇ 'ਤੇ ਦੋ ਖਬਰਾਂ ਸਨ, ਇੱਕ ਸੀ ਮੰਤਰੀਆਂ ਤੇ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਮੁਫ਼ਤ ਹਵਾਈ ਸਫ਼ਰ ਦੀ ਸਹੂਲਤ ਤੇ ਦੂਜੀ ਮਜ਼ਦੂਰਾਂ ਦੀ ਉਜਰਤ 'ਚ ਮਾਮੂਲੀ ਵਾਧਾ।

ਮੰਤਰੀਆਂ ਨੂੰ ਮਿਲੀ ਇਸ ਸਹੂਲਤ ਵਿਚ ਇਹ ਜਿੰਨੇ ਮਰਜੀ ਵਿਅਕਤੀ ਆਪਣੇ ਨਾਲ਼ ਮੁਫਤ ਹਵਾਈ ਸਫਰ 'ਤੇ ਲਿਜਾ ਸਕਦੇ ਹਨ, ਜਿਹੜਾ ਕਿ ਲੋਕਾਂ ਦੀ ਜੇਬਾਂ 'ਤੇ ਸਿੱਧਾ ਡਾਕਾ ਹੈ। ਹਵਾਈ ਸਫਰ 'ਚ ਵੀ ਸੀਟਾਂ ਲਈ ਸ਼੍ਰੇਣੀ ਵੰਡ ਕੀਤੀ ਹੁੰਦੀ ਹੈ, ਇੱਕ ਇਕਨਾਮੀ ਕਲਾਸ ਤੇ ਦੂਜੀ ਬਿਜ਼ਨਸ ਕਲਾਸ। ਪਹਿਲੀ ਗੱਲ ਤਾਂ ਹਵਾਈ ਸਫਰ ਹੁੰਦਾ ਹੀ ਬਹੁਤ ਮਹਿੰਗਾ ਹੈ, ਤੇ ਦੂਜੀ ਜਿਹੜੀ ਬਿਜ਼ਨਸ ਸ਼੍ਰੇਣੀ ਵਿੱਚ ਇਹ ਸਫ਼ਰ ਕਰਦੇ ਹਨ ਉਹ ਇਕਨਾਮੀ ਸ਼੍ਰੇਣੀ ਨਾਲੋਂ ਕਾਫ਼ੀ ਮਹਿੰਗੀ ਹੁੰਦੀ ਹੈ। ਮੰਤਰੀ ਅਤੇ ਉਹਨਾਂ ਦਾ ਲੁੰਗ-ਲਾਣਾ ਅਕਸਰ ਬਿਜ਼ਨਸ ਕਲਾਸ ਵਿੱਚ ਹੀ ਸਫ਼ਰ ਕਰਦਾ ਹੈ।

ਮੰਤਰੀਆਂ, ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀ ਤਨਖਾਹ ਭਾਵੇਂ ਹਜ਼ਾਰਾਂ 'ਚ ਹੁੰਦੀ ਹੈ, ਪਰ ਉਹਨਾਂ ਨੂੰ ਮਿਲਣ ਵਾਲ਼ੇ ਭੱਤੇ ਲੱਖਾਂ ਰੁਪਏ 'ਚ ਹੁੰਦੇ ਹਨ। ਕਰੋੜਾਂ ਰੁਪਏ ਇਹਨਾਂ ਨੂੰ ਆਪਣੇ ਹਲਕੇ ਦੇ 'ਵਿਕਾਸ' ਲਈ ਮਿਲ਼ਦੇ ਹਨ। ਉੱਪਰੋ ਕਰੋੜਾਂ ਰੁਪਏ ਦੀ ਮਲ਼ਾਈ ਵੱਢੀ ਦੇ ਰੂਪ 'ਚ ਛਕਦੇ ਹਨ। ਲੋਕਾਂ ਦੀ ਲੁੱਟ ਦੇ ਪੈਸੇ 'ਤੇ ਇਹ ਮੰਤਰੀ-ਸੰਤਰੀ ਅਜਿਹੀ ਅੱਯਾਸ਼ੀ ਭਰੀ ਜ਼ਿੰਦਗੀ ਜਿਉਂਦੇ ਹਨ ਕਿ ਪੁਰਾਣੇ ਵੇਲਿਆਂ ਦੇ ਰਾਜੇ-ਮਹਾਰਾਜੇ ਵੀ ਸ਼ਰਮਾ ਜਾਣ। ਹੁਣ ਪਹਿਲਾਂ ਤੋਂ ਹੀ ਅੱਯਾਸ਼ੀ ਮਹਾਸਾਗਰਾਂ 'ਚ ਚੁੱਭੀਆਂ ਮਾਰ ਰਹੇ ਇਹਨਾਂ ਬਨਾਰਸੀ ਠੱਗਾਂ ਦੇ ਤਨਖਾਹਾਂ ਭੱਤਿਆਂ 'ਚ ਸਰਕਾਰ ਨੇ ਹੋਰ ਵਾਧਾ ਕਰ ਦਿੱਤਾ ਹੈ। ਪਿਛੇ ਜਿਹੇ ਨਸ਼ਰ ਹੋਈ ਇੱਕ ਰਿਪੋਰਟ ਮੁਤਾਬਕ, ਸਵਿਸ ਬੈਂਕ ਦੇ ਡਾਇਰੈਕਟਰ ਨੇ ਮੰਨਿਆ ਹੈ ਕਿ ਭਾਰਤੀਆਂ ਦਾ 72 ਲੱਖ ਕਰੋੜ ਰੁ. ਸਵਿਸ ਬੈਂਕਾਂ ਵਿੱਚ ਜਮ੍ਹਾ ਹਨ, ਜਿਹੜਾ ਕਿ ਇਹਨਾਂ ਲੀਡਰਾਂ ਤੇ ਇਹਨਾਂ ਦੇ ਚਾਕਰਾਂ ਦਾ ਕਾਲਾ ਧਨ ਹੈ। ਇੱਕ ਅਨੁਮਾਨ ਮੁਤਾਬਕ ਇਸ ਪੈਸੇ ਨਾਲ਼, ਟੈਕਸ ਮੁਫਤ ਭਾਰਤੀ ਬਜਟ ਤੀਹ ਸਾਲਾਂ ਲਈ ਬਣਾਇਆ ਜਾ ਸਕਦਾ ਹੈ, ਹਰ ਹੱਥ ਨੂੰ ਰੁਜ਼ਗਾਰ ਤੇ ਮੁਫਤ ਵਿੱਦਿਆ ਮੁਹੱਈਆ ਕਰਾਈ ਜਾ ਸਕਦੀ ਹੈ।

ਦੂਜੇ ਪਾਸੇ ਸਰਕਾਰ ਨੇ ਗੈਰ-ਹੁਨਰਮੰਦ ਮਜ਼ਦੂਰਾਂ ਦੀ ਘੱਟੋ-ਘੱਟ ਉਜਰਤ 'ਚ 198 ਰੁ. ਪ੍ਰਤੀ ਮਹੀਨੇ ਦਾ ਮਾਮੂਲੀ ਵਾਧਾ ਕਰਕੇ ਕੋਝਾ ਮਜ਼ਾਕ ਕੀਤਾ ਹੈ। ਅੱਜ ਦੇ ਇੰਨੀ ਮਹਿੰਗਾਈ ਦੇ ਜ਼ਮਾਨੇ 'ਚ ਜਦੋਂ ਨਿੱਤ ਦਿਨ ਵਰਤੋਂ ਦੀਆਂ ਖਾਣ ਪੀਣ ਦੀਆਂ ਵਸਤਾਂ, ਰਹਿਣ ਸਹਿਣ ਦੀਆਂ ਸਹੂਲਤਾਂ ਦੇ ਭਾਅ ਅਸਮਾਨੀ ਚੜ੍ਹੀ ਜਾ ਰਹੇ ਹੋਣ ਤਾਂ ਕੋਈ ਇਨਸਾਨ ਆਪਣਾ ਤੇ ਆਪਣੇ ਪਰਿਵਾਰ ਦਾ ਖਰਚ ਮਹਿਜ 3398 ਰੁ. ਪ੍ਰਤੀ ਮਹੀਨੇ ਨਾਲ਼ ਕਿਵੇਂ ਚਲਾ ਸਕਦਾ ਹੈ।

ਖੁਰਾਕੀ ਵਸਤਾਂ ਦਾ ਮੁੱਲ ਦੋ ਤੋਂ ਤਿੰਨ ਗੁਣਾ ਤੱਕ ਵਧ ਗਿਆ ਹੈ। ਚੀਨੀ, ਤੇਲ, ਆਟਾ ਕ੍ਰਮਵਾਰ 20 ਤੋਂ 40, 35 ਤੋਂ 70, 12 ਤੋਂ 20 ਰੁਪਏ ਤੱਕ ਵਧ ਗਏ ਹਨ। ਦਾਲਾਂ ਦਾ ਵੀ ਇਹੀ ਹਾਲ ਹੈ। ਅਰਹਰ, ਮੂੰਗੀ, ਮੋਠ ਦਾ ਰੇਟ ਵੀ ਦੁੱਗਣਾ ਤਿੱਗਣਾ ਹੋ ਗਿਆ ਹੈ। ਇਸ ਮਹਿੰਗਾਈ ਵਿੱਚ ਕੋਈ ਵੀ ਇਨਸਾਨ ਇੰਨੇ ਪੈਸਿਆਂ ਵਿੱਚ ਆਪਣੇ ਘਰ ਦਾ ਗੁਜ਼ਾਰਾ ਨਹੀਂ ਚਲਾ ਸਕਦਾ।

ਇਹਨਾਂ ਸਾਰਿਆਂ ਅੰਕੜਿਆਂ ਤੋਂ ਇੱਕ ਗੱਲ ਤਾਂ ਸਾਫ਼ ਹੋ ਜਾਂਦੀ ਹੈ ਕਿ ਇਹਨਾਂ ਲੀਡਰਾਂ ਦਾ ਲੋਕਾਂ ਨਾਲ਼ ਕੋਈ ਸਰੋਕਾਰ ਨਹੀਂ। ਲੋਕਾਂ ਨੂੰ ਆਪਣੇ ਹਾਲਤ ਸੁਧਾਰਨ ਲਈ ਆਪਣੀ ਜੁਝਾਰੂ ਏਕਤਾ ਦੇ ਦਮ 'ਤੇ ਆਪ ਹੰਭਲ਼ਾ ਮਾਰਨਾ ਪੈਣਾ ਹੈ। ਤਾਂ ਹੀ ਕੁੱਝ ਹੋ ਸਕਦਾ ਹੈ।

* * *

ਸੂਚਨਾ ਅਧਿਕਾਰ ਕਾਨੂੰਨ ਬਣਿਆ ਸਰਕਾਰ ਦੇ ਗਲ਼ 'ਚ ਹੱਡੀ

—ਅਜੇ ਪਾਲ

ਅੱਜ ਤੋਂ ਚਾਰ-ਪੰਜ ਸਾਲ ਪਹਿਲਾਂ 'ਸੂਚਨਾ ਅਧਿਕਾਰ ਕਾਨੂੰਨ' ਨਾਮ ਦੀ ਇੱਕ ਛੁਰਲੀ ਸਰਕਾਰ ਨੇ ਛੱਡੀ ਸੀ। ਜਿਸ ਤਹਿਤ ਕੋਈ ਵੀ ਭਾਰਤੀ ਨਾਗਰਿਕ ਕਿਸੇ ਵੀ ਸਰਕਾਰੀ ਅਧਿਕਾਰੀ ਤੋਂ ਉਸਦੇ ਮਹਿਕਮੇ ਦੀ ਕੋਈ 'ਸੂਚਨਾ' ਜਨਹਿੱਤ ਵਿੱਚ ਲੈ ਸਕਦਾ ਸੀ। ਜਦ ਇਹ ਕਾਨੂੰਨ ਬਣਿਆ ਤਾਂ ਕਈ ਕੇਂਦਰੀ ਮੰਤਰੀਆਂ ਸੰਤਰੀਆਂ ਨੇ ਬਿਆਨਾਂ ਦੇ ਵੱਡੇ ਵੱਡੇ ਗੋਲੇ ਦਾਗੇ ਕਿ ਦੇਖੋ ਅਸੀਂ ਢਾਂਚੇ ਨੂੰ ਕਿੰਨਾ ਪਾਰਦਰਸ਼ੀ ਬਣਾ ਰਹੇ ਹਾਂ, ਪਰ ਪਾਰਦਰਸ਼ਤਾ ਦਾ ਫਾਇਦਾ ਇਹ ਹੋਇਆ ਕਿ ਇਸ ਢਾਂਚੇ ਦੀ ਗੰਦਗੀ ਹੋਰ ਜ਼ਿਆਦਾ ਜੱਗ ਜਾਹਿਰ ਹੋ ਗਈ।

ਨਿਠਾਰੀ ਕਾਂਡ ਤੋਂ ਬਾਅਦ ਕਿਸੇ ਜਥੇਬੰਦੀ ਨੇ ਆਰ. ਟੀ. ਆਈ. ਐਕਟ 2005 ਦਾ ਉਪਯੋਗ ਕਰ ਕੇ ਦੇਸ਼ ਭਰ ਵਿੱਚ ਗਾਇਬ ਹੋ ਰਹੇ ਬੱਚਿਆਂ ਬਾਰੇ ਰਿਪੋਰਟ ਕੱਢ ਮਾਰੀ, ਕਿਸੇ ਹੋਰ ਜਥੇਬੰਦੀ ਨੇ 'ਸੂਚਨਾ ਦੇ ਅਧਿਕਾਰ' ਦੀ ਵਰਤੋਂ ਕਰਕੇ ਵੱਡੀਆਂ ਵੱਡੀਆਂ ਕੰਪਨੀਆਂ ਦੁਆਰਾ 'ਸੇਜ਼' ਅਧੀਨ ਉਜਾੜੇ ਜਾ ਰਹੇ ਕਿਸਾਨਾਂ ਦੇ ਅੰਕੜੇ ਨਸ਼ਰ ਕਰ ਦਿੱਤੇ। ਟਰੇਡ ਯੂਨੀਅਨਾਂ ਨੂੰ ਫੈਕਟਰੀਆਂ ਬਾਰੇ ਰਿਪੋਰਟਾਂ ਘਰ ਬੈਠੇ ਮਿਲਣ ਲੱਗੀਆਂ। ਹੁਣ ਹੋਇਆ ਇਹ ਕਿ ਲੋਕਾਂ ਸਾਹਮਣੇ ਇਹ ਗੱਲ ਆਉਣ ਲੱਗੀ ਕਿ ਲੇਬਰ-ਵਿਭਾਗ ਤੋਂ ਲੈ ਕੇ ਅਦਾਲਤਾਂ ਤੱਕ, ਪੁਲਿਸ ਤੋਂ ਲੈ ਕੇ ਪਾਰਲੀਮੈਂਟ ਤੱਕ ਅਤੇ ਅਫ਼ਸਰਾਂ ਤੋਂ ਲੈ ਕੇ ਵੱਡੀਆਂ ਵੱਡੀਆਂ

ਕੰਪਨੀਆਂ ਤੱਕ ਸਾਰੇ ਇਸ ਹਮਾਮ ਵਿੱਚ ਨੰਗੇ ਹਨ। ਇਹ ਢਾਂਚਾ ਇੱਕ ਵੱਡਾ ਸਾਰਾ ਛੱਪੜ ਹੈ ਜਿਸ ਵਿੱਚ ਵੱਟਾ ਮਾਰਿਆਂ ਗੰਦ ਹੀ ਉਪਰ ਆਉਂਦਾ ਹੈ। ਮਾਮਲਾ ਤੂਲ ਉਦੋਂ ਫੜ ਗਿਆ ਜਦ ਸੁਪਰੀਮ ਕੋਰਟ ਦੇ ਜੱਜਾਂ ਤੋਂ ਉਹਨਾਂ ਦੀ ਜਾਇਦਾਦ ਬਾਰੇ ਸੂਚਨਾ ਮੰਗ ਲਈ ਗਈ।

ਇਸ ਨਾਲ਼ ਤਾਂ ਦੇਸ਼ ਦੇ ਵੱਡੇ ਵੱਡੇ ਮੰਤਰੀਆਂ ਦੇ ਢਿੱਡੀਂ ਵੀ ਮਰੋੜ ਉਠਣੇ ਸ਼ੁਰੂ ਹੋ ਗਏ। ਹੁਣ ਆਰ. ਟੀ. ਆਈ. ਕਾਨੂੰਨ ਹੁਕਮਰਾਨ ਦੇ ਗਲ਼ ਦੀ ਹੀ ਫਾਹ ਬਣ ਗਿਆ ਸੀ। ਪਿਛਲੀ 14 ਅਕਤੂਬਰ ਨੂੰ ਦਿੱਲੀ ਵਿਖੇ ਇੱਕ ਸਰਕਾਰੀ ਮੀਟਿੰਗ ਵਿੱਚ ਇਸ ਕਾਨੂੰਨ ਨੂੰ ਸੋਧਣ ਬਾਰੇ ਰਾਏ ਆਈ ਤੇ ਹੁਣ ਸਰਕਾਰ ਬਕਾਇਦਾ ਇਸ ਨੂੰ ਸੋਧਣ ਦੇ ਰਾਹ ਤੁਰ ਪਈ ਹੈ। ਇਸ ਸੋਧ ਅਧੀਨ ਕੋਈ ਵੀ ਸਥਾਨਕ ਵਿਭਾਗ ਦਾ ਅਫ਼ਸਰ (ਜਿਸ ਵਿਭਾਗ ਤੋਂ ਸੂਚਨਾ ਮੰਗੀ ਗਈ ਹੈ) ਇਸ ਗੱਲ ਦਾ ਫੈਸਲਾ ਲਵੇਗਾ ਕਿ ਮੰਗੀ ਗਈ ਸੂਚਨਾ ਦੇਣੀ ਹੈ ਜਾਂ ਨਹੀਂ। ਹੁਣ ਅਸੀਂ ਲੋਕ ਖੁਦ ਹੀ ਜਾਣ ਸਕਦੇ ਹਾਂ ਕਿ ਉਹ ਅਫ਼ਸਰ ਕੀ ਫੈਸਲਾ ਦੇਵੇਗਾ। ਸਰਕਾਰ ਇਸ ਸੋਧ ਤੇ ਗੰਭੀਰਤਾ ਨਾਲ਼ ਵਿਚਾਰ ਕਰ ਰਹੀ ਹੈ, ਸੰਭਾਵਨਾ ਏਹੋ ਹੈ ਕਿ ਹੁਣ ਇਸ ਕਾਨੂੰਨ ਦੇ ਪਰ ਕੁਤਰੇ ਜਾਣਗੇ।

ਇਹ ਸੋਧ ਹੋਵੇ ਜਾਂ ਨਾ ਹੋਵੇ! ਪਰ ਸਾਨੂੰ ਹਰ ਆਮ ਭਾਰਤੀ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਛੁਣਛਣੇ ਸਰਕਾਰਾਂ ਸਮੇਂ ਸਮੇਂ ਆਪਣੀ 'ਪ੍ਰਜਾ' ਨੂੰ ਖੇਡਣ ਲਈ ਦਿੰਦੀਆਂ ਰਹਿੰਦੀਆਂ ਹਨ ਤੇ ਜਦ ਇਹ ਛੁਣਛਣਾ ਉਸ ਦੇ ਕੰਨਾਂ ਵਿੱਚ ਵੱਜਣ ਲੱਗ ਪੈਂਦਾ ਹੈ ਤਾਂ ਖੋਹ ਲਿਆ ਜਾਂਦਾ ਹੈ। ਅਜਿਹੇ ਛੁਣਛਣੇ ਇਸ ਲਈ ਦਿਖਾਏ ਜਾਂਦੇ ਹਨ ਤਾਂ ਕਿ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ ਤੋਂ ਅੱਕੇ ਲੋਕ ਢਾਂਚੇ ਦੇ ਗਲ ਨਾ ਪੈ ਜਾਣ। ਆਰ. ਟੀ. ਆਈ. ਜੇ ਨਾ ਹੋਇਆ ਤਾਂ ਕੱਲ੍ਹ ਕੁੱਝ ਹੋਰ ਹੋਵੇਗਾ ਪਰ ਇਸਦੇ ਨਾਲ਼ ਵੀ ਹਿੰਦੋਸਤਾਨ ਦੀ ਤਸਵੀਰ ਕੋਈ ਬਦਲਨ ਨਹੀਂ ਲੱਗੀ।

(ਪੰਨਾ 23 ਦਾ ਬਾਕੀ ਹਿੱਸਾ)

ਦਾ ਦਖਲ ਵਧਾ ਰਹੇ ਹਨ ਤੇ ਹੌਲ਼ੀ ਹੌਲ਼ੀ ਇੱਕ ਦਿਨ ਇਸੇ ਪ੍ਰਥਮ ਨਾਂ ਦੀ ਸੰਸਥਾ ਨੂੰ ਹੀ ਇਹ ਸਕੂਲ ਸੌਂਪ ਦਿੱਤੇ ਜਾਣਗੇ। ਉਂਝ ਵੀ ਦੇਖਿਆ ਜਾਵੇ ਤਾਂ ਸ਼੍ਰੀ ਕ੍ਰਿਸ਼ਨ ਕੁਮਾਰ ਅੱਜ ਕੱਲ੍ਹ ਪ੍ਰਾਇਮਰੀ ਸਕੂਲਾਂ ਵਿੱਚ ਤਾਨਾਸ਼ਾਹੀ ਫੈਸਲੇ ਥੋਪੀ ਜਾ ਰਹੇ ਹਨ, ਜਿਵੇਂ ਅਧਿਆਪਕਾਂ ਦੀ ਬਦਲੀ ਦਾ ਪ੍ਰਬੰਧ ਆਪਣੇ ਅਧਿਕਾਰ ਹੇਠ ਲੈ ਲਿਆ ਹੈ, ਅਧਿਆਪਕਾਂ ਦੀਆਂ ਮੈਡਕਲ ਛੁੱਟੀਆਂ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤੇ ਅਤਿਅੰਤ ਬੇ-ਲੋੜੀ ਡਾਕ ਮੰਗੀ ਜਾ ਰਹੀ ਹੈ। ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਅੱਜ ਕਲ੍ਹ ਸਮੁੱਚਾ ਪ੍ਰਾਇਮਰੀ ਸਿੱਖਿਆ ਤੰਤਰ ਡਾਇਰੈਕਟਰ ਜਨਰਲ ਦੁਆਲੇ ਹੀ ਘੁੰਮ ਰਿਹਾ ਹੈ।

ਹੁਣ ਅਜਿਹੀਆਂ ਹਾਲਤਾਂ ਵਿੱਚ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਪ੍ਰਾਇਮਰੀ ਪੱਧਰ ਤੱਕ ਗੁਣਵੱਤਾ ਸਿੱਖਿਆ ਵਰ੍ਹੇ ਵਜੋਂ ਇਹ ਵਰ੍ਹਾ ਮਨਾ ਰਹੇ ਹਨ। ਤਾਂ ਪਾਠਕੋ ਤੁਸੀਂ ਆਪ ਹੀ ਸਿਆਣੇ ਹੋ ਕਿ ਡਾਇਰੈਕਟਰ ਸਾਹਿਬ ਦਾ ਇਹ ਫੈਸਲਾ ਕਿਸ ਤੱਥ ਦੀ ਗਵਾਹੀ ਭਰਦਾ ਹੈ। ਡਾਇਰੈਕਟਰ ਸਾਹਿਬ ਸਿਰਫ਼ ਪੜ੍ਹੋ-ਪੰਜਾਬ ਰਾਹੀਂ ਤੁਸੀਂ ਪ੍ਰਾਇਮਰੀ ਸਕੂਲਾਂ ਵਿੱਚ ਸੁਧਾਰ ਨਹੀਂ ਲਿਆ ਸਕਦੇ, ਸਗੋਂ ਪੜ੍ਹੋ-ਪੰਜਾਬ ਰਾਹੀਂ ਤਾਂ ਉਹ ਪ੍ਰਥਮ ਵਰਗੀਆਂ ਪ੍ਰਾਈਵੇਟ ਸੰਸਥਾਵਾਂ ਨੂੰ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਧੱਕ ਰਹੇ ਹਨ, ਇੱਥੇ ਹੀ ਬੱਸ ਨਹੀਂ ਅਧਿਆਪਕਾਂ ਦੀ ਠੇਕੇ 'ਤੇ ਭਰਤੀ ਕਰਨਾ, ਅਧਿਆਪਕਾਂ ਦੇ ਜਮਹੂਰੀ ਹੱਕਾਂ ਜਿਵੇ ਕਿ ਮੈਡੀਕਲ ਛੁੱਟੀ ਖ਼ਤਮ ਕਰਨਾ ਆਦਿ ਤੋਂ ਸਰਕਾਰ ਦੀਆਂ ਸਿੱਖਿਆ ਨੂੰ ਨਿੱਜੀਕਰਨ ਵੱਲ ਲਿਜਾਣ ਦੀਆਂ ਨੀਤੀਆਂ ਜੱਗ ਜਾਹਰ ਹੁੰਦੀਆਂ ਹਨ, ਉੱਪਰ ਹੋਈ ਪ੍ਰਾਇਮਰੀ ਸਿੱਖਿਆ ਦੀ ਵਿਸਥਾਰਪੂਰਵਕ ਚਰਚਾ ਇਹ ਗੱਲ ਵੀ ਸਪਸ਼ਟ ਕਰਦੀ ਹੈ ਕਿ ਸਰਕਾਰ ਗਿਣੀ-ਮਿਥੀ ਸਾਜਿਸ਼ ਰਾਹੀਂ ਪ੍ਰਾਇਮਰੀ ਸਿੱਖਿਆ ਦੇ ਨਾਲ਼ ਨਾਲ਼ ਸਮੁੱਚੇ ਸਿੱਖਿਆ ਵਿਭਾਗ ਨੂੰ ਨਿੱਜੀਕਰਨ ਵੱਲ ਧੱਕ ਰਹੀ ਹੈ। ਜਦ ਕਿ ਇਹ ਸਿੱਖਿਆ ਤੇ ਸਿੱਖਿਆ ਵਿਭਾਗ ਲੋਕਾਂ ਨੇ ਆਪਣੇ ਖੂਨ-ਪਸੀਨੇ ਦੀ ਕਮਾਈ ਨਾਲ਼ ਖੜ੍ਹਾ ਕੀਤਾ ਹੈ। ਸੋ ਲੋਕ ਕਿਸੇ ਵੀ ਹਾਲ 'ਚ ਆਪਣੇ ਮਾਨਵੀ ਹੱਕ, ਸਿੱਖਿਆ ਹਾਸਲ ਕਰਨ ਨੂੰ ਖੋਹੇ ਜਾਣਾ ਬਰਦਾਸ਼ਤ ਨਹੀਂ ਕਰਨਗੇ।

(ਪੰਨਾ 18 ਦਾ ਬਾਕੀ ਹਿੱਸਾ)

ਵਿਧਾਨ ਸਭਾਵਾਂ, ਲੋਕਾਂ ਲਈ ਇਨਸਾਫ਼ ਦੇ ਨਹੀਂ ਸਗੋਂ ਉਹਨਾਂ ਉੱਪਰ ਜ਼ਬਰ ਦਾ ਸੰਦ ਹਨ। ਇਹ ਕਰੋੜਾਂ ਕਿਰਤੀ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਨੂੰ ਵੱਡੇ ਸਰਮਾਏਦਾਰਾਂ, ਭੂਮੀਪਤੀਆਂ, ਸਾਮਰਾਜਵਾਦੀਆਂ ਵੱਲੋਂ ਬੇਰੋਕ ਟੋਕ ਡਕਾਰੀ ਜਾਣ ਨੂੰ ਯਕੀਨੀ ਬਣਾਉਣ ਦਾ ਸੰਦ ਹਨ।

ਇਸ ਲੁਟੇਰੇ ਢਾਂਚੇ ਨੂੰ ਜੜੋ ਪੁੱਟ ਕੇ ਹੀ ਲੋਕਾਂ ਲਈ ਇਨਸਾਫ਼, ਲੁੱਟ-ਜ਼ਬਰ ਤੋਂ ਮੁਕਤੀ ਦੇ ਬੂਹੇ ਖੁੱਲ੍ਹਣਗੇ। ਕਿਰਤੀ ਲੋਕਾਂ ਨੂੰ ਜਾਤ-ਪਾਤ, ਮਜ਼ਹਬੀ, ਇਲਾਕਾਈ, ਭਾਸ਼ਾਈ ਵੰਡੀਆਂ ਤੋਂ ਉੱਪਰ ਉੱਠਕੇ ਆਪਣੀ ਏਕਤਾ ਕਾਇਮ ਕਰਨੀ ਹੋਵੇਗੀ। ਸਿਰਫ਼ ਤਦ ਹੀ ਲੁੱਟ ਜ਼ਬਰ ਦੀਆਂ ਨੀਹਾਂ 'ਤੇ ਟਿਕੇ ਇਸ ਨਿਜ਼ਾਮ ਦੀ ਜੜ੍ਹ ਪੁੱਟੀ ਜਾ ਸਕੇਗੀ।

ਸਰਵਪੱਖੀ ਵਿਕਾਸ ਤੋਂ ਸੱਖਣੀ ਪ੍ਰਾਇਮਰੀ ਸਿੱਖਿਆ

—ਜਸਵੀਰ

ਪ੍ਰਾਇਮਰੀ ਸਿੱਖਿਆ ਬੱਚੇ ਦੇ ਮੌਲਿਕ ਅਤੇ ਸੰਤੁਲਿਤ ਵਿਕਾਸ ਦਾ ਉਹ ਅਹਿਮ ਪੜਾਅ ਹੈ, ਜਿਸ ਨੇ ਉਸ ਦੀ ਸਮੁੱਚੀ ਸਖਸ਼ੀਅਤ ਦਾ ਅਧਾਰ ਬਣਨਾ ਹੁੰਦਾ ਹੈ, ਜਿਸ ਨੇ ਬੱਚੇ ਦੀ ਸੋਚ ਦਾ ਨਿਰਮਾਣ ਕਰਨਾ ਹੁੰਦਾ ਹੈ, ਜਿਸ ਨੇ ਬੱਚੇ ਵਿਚਲੇ ਸੁਹਜ ਨੂੰ ਪ੍ਰਕਾਸ਼ਮਾਨ ਕਰਨਾ, ਉਭਾਰਨਾ, ਨਿਖਾਰਨਾ ਅਤੇ ਵਿਕਸਤ ਕਰਨਾ ਹੁੰਦਾ ਹੈ। ਸਹੀ ਅਰਥਾਂ 'ਚ ਪ੍ਰਾਇਮਰੀ ਸਿੱਖਿਆ ਨੇ ਬੱਚੇ ਦਾ ਸਰਵਪੱਖੀ ਵਿਕਾਸ ਕਰਨਾ ਹੁੰਦਾ ਹੈ।

ਪਰ ਸਾਡੇ ਦੇਸ਼ ਦੀ, ਖਾਸ ਕਰ ਪੰਜਾਬ ਦੀ ਪ੍ਰਾਇਮਰੀ ਸਿੱਖਿਆ ਉਪਰੋਕਤ ਉਦਮ ਪੱਖੋਂ ਮੁੱਢੋਂ ਹੀ ਅਵੇਸਲੀ ਰਹੀ ਹੈ ਤੇ ਅੱਜ ਵੀ ਅਵੇਸਲੀ ਹੀ ਹੈ। ਪ੍ਰਾਇਮਰੀ ਸਕੂਲਾਂ ਵਿੱਚ ਨਾ ਤਾਂ ਅਧਿਆਪਕ ਪੂਰੇ ਹਨ ਅਤੇ ਨਾ ਹੀ ਲੋੜੀਂਦੀ ਸਹਾਇਕ ਸਮੱਗਰੀ ਅਤੇ ਨਾ ਹੀ ਆਧੁਨਿਕ ਤਕਨੀਕਾਂ ਅਤੇ ਸਹੂਲਤਾਂ। ਪ੍ਰਾਇਮਰੀ ਸਕੂਲਾਂ ਵਿੱਚ ਜੋ ਅਧਿਆਪਕ ਸਰਕਾਰ ਵੱਲੋਂ ਮੁਹੱਈਆ ਕਰਵਾਏ ਗਏ ਹਨ, ਉਹ ਬੱਚੇ ਦੇ ਸਰਵਪੱਖੀ ਵਿਕਾਸ ਨੂੰ ਮੁੱਖ ਰੱਖ ਕੇ ਨਹੀਂ ਸਗੋਂ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਅਨੁਸਾਰ ਹਨ, ਭਾਵ 40 ਬੱਚਿਆਂ ਲਈ ਇੱਕ ਅਧਿਆਪਕ ਦਾ ਪ੍ਰਬੰਧ ਹੈ। ਜੋ ਕੇ ਗੁਣਾਤਮਕ ਅਤੇ ਸਰਵਪੱਖੀ ਵਿਕਾਸ ਪੱਖੋਂ ਬੱਚਿਆਂ ਨਾਲ਼ ਬੇਇਨਸਾਫ਼ੀ ਹੈ।

ਦੂਸਰਾ ਪੱਖ ਸਰਕਾਰੀ ਪ੍ਰਾਇਮਰੀ ਸਕੂਲਾਂ ਦਾ ਸਿਲੇਬਸ ਅਤੇ ਵਿਧੀਆਂ-ਤਕਨੀਕਾਂ ਬਹੁਤ ਉਕਾਊ ਹਨ ਤੇ ਬੱਚਿਆਂ ਦੀਆਂ ਮਾਨਸਿਕ ਰੁਚੀਆਂ ਅਨੁਸਾਰ ਨਹੀਂ ਹਨ। ਕਿਉਂਕਿ ਪ੍ਰਾਇਮਰੀ ਪੱਧਰ ਦੇ ਵਿਸ਼ਿਆਂ ਦੇ ਮੈਟਰ ਦੀ ਚੋਣ, ਪੈਟਰਨ ਤੇ ਸਿਲੇਬਸ ਨੂੰ ਪੜਾਉਣ ਵਾਲ਼ੀਆਂ ਵਿਧੀਆਂ ਆਦਿ ਦੀ ਚੋਣ ਦੇ ਸਬੰਧ ਵਿੱਚ ਪ੍ਰਾਇਮਰੀ ਅਧਿਆਪਕ, ਜਿਸ ਦਾ ਬੱਚੇ ਨਾਲ਼ ਸਿੱਧਾ ਸਬੰਧ ਹੁੰਦਾ ਹੈ, ਦੀ ਵੱਡੀ ਪੱਧਰ 'ਤੇ ਕੋਈ ਰਾਇ ਨਹੀਂ ਲਈ ਜਾਂਦੀ। ਸਗੋਂ ਏਅਰਕੰਡੀਸ਼ਨਡ ਦਫ਼ਤਰਾਂ ਵਿੱਚ ਬੈਠੇ ਬੁੱਧੀਜੀਵੀਆਂ, ਜਿਨ੍ਹਾਂ ਨੇ ਗਰਾਊਂਡ ਲੈਵਲ 'ਤੇ ਕੋਈ ਸਮੱਸਿਆਵਾਂ ਨਹੀਂ ਦੇਖੀਆਂ ਹੁੰਦੀਆਂ ਤੇ ਨਾ ਹੀ ਉਹਨਾਂ ਦਾ ਬੱਚੇ ਨਾਲ਼ ਕੋਈ ਸਿੱਧਾ ਸਬੰਧ ਹੁੰਦਾ ਹੈ, ਦੁਆਰਾ ਸਮੁੱਚਾ ਸਿਲੇਬਸ ਪੈਟਰਨ ਅਤੇ ਵਿਧੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਸਰਕਾਰ ਨੇ ਬੱਚਿਆਂ ਦੇ ਲਈ ਸਕੂਲਾਂ ਵਿੱਚ ਮਿਡ-ਡੇ-ਮੀਲ ਦਾ ਪ੍ਰਬੰਧ ਕੀਤਾ ਹੋਇਆ ਹੈ, ਜਿਸ ਦਾ ਸਮੁੱਚਾ ਪ੍ਰਬੰਧ ਪ੍ਰਾਇਮਰੀ ਅਧਿਆਪਕ ਨੇ ਹੀ ਕਰਨਾ ਹੁੰਦਾ ਹੈ, ਜਿਵੇਂ ਕਿ ਖਾਣਾ ਪਕਾਉਣ ਵਾਲ਼ੀ ਦਾ ਪ੍ਰਬੰਧ ਕਰਨਾ, ਬਾਲਣ ਅਤੇ ਰਾਸ਼ਨ ਲੈ ਕੇ ਆਉਣਾ ਅਤੇ ਰੋਜ਼ਾਨਾ 2.08 ਰੁ. ਪ੍ਰਤੀ ਬੱਚੇ ਅਨੁਸਾਰ ਪੂਰਾ ਹਿਸਾਬ ਕਰਨਾ। ਜਦੋਂ ਪ੍ਰਾਇਮਰੀ ਸਕੂਲਾਂ ਵਿੱਚ ਮਿਡ-ਡੇ-ਮੀਲ ਦੇ ਪ੍ਰਬੰਧ ਲਈ ਕੋਈ ਵੱਖਰਾ ਵਿਭਾਗ ਨਹੀਂ, ਤਾਂ ਇਸ ਕਰਕੇ ਅਜਿਹੀਆਂ ਸਥਿਤੀਆਂ ਵਿੱਚ ਸਕੂਲਾਂ ਦਾ ਵਿੱਦਿਅਕ ਵਾਤਾਵਰਨ ਬੁਰੀ ਤਰ੍ਹਾਂ ਪ੍ਰਭਵਿਤ ਹੁੰਦਾ ਹੈ। ਇਥੇ ਹੀ ਬੱਸ ਨਹੀਂ ਸਗੋਂ ਸਕੂਲ ਵਿਚ ਜਿੰਨੀ ਵੀ ਉਸਾਰੀ ਹੁੰਦੀ ਹੈ, ਉਹ ਵੀ ਪ੍ਰਾਇਮਰੀ ਅਧਿਆਪਕ ਦੀ ਦੇਖ ਰੇਖ ਹੇਠ ਹੀ ਹੁੰਦੀ ਹੈ, ਉਸਾਰੀ ਦੇ ਕੰਮ ਦੇ ਸਬੰਧ ਵਿੱਚ ਅਧਿਆਪਕ ਨੂੰ ਸਕੂਲ ਤੋਂ ਬਾਹਰ ਜਾਣਾ ਪੈਂਦਾ ਹੈ, ਜਿਸ ਨਾਲ਼ ਉਹ ਆਪਣੇ ਬੱਚਿਆਂ ਵੱਲ ਨਿਯਮਤ ਰੂਪ ਵਿੱਚ ਧਿਆਨ ਨਹੀਂ ਦੇ ਪਾਉਂਦਾ। ਇਹ (ਉਸਾਰੀ) ਕੰਮ ਅਧਿਆਪਕ ਦਾ ਤਾਂ ਨਹੀਂ ਹੁੰਦਾ ਪਰ ਸਰਕਾਰ ਉਸ ਤੋਂ ਇਹ ਕੰਮ ਕਰਵਾਉਂਦੀ ਹੈ। ਜਦ ਕਿ ਇਹ ਨਿਰਮਾਣ ਮਹਿਕਮੇ ਤੋਂ ਕਰਵਾਉਣਾ ਚਾਹੀਦਾ ਹੈ।

ਸਰਵ-ਸਿੱਖਿਆ ਅਭਿਆਨ ਦੇ ਤਹਿਤ ਸਰਕਾਰ ਦਾ ਟੀਚਾ ਹੈ ਕਿ ਕੋਈ ਵੀ ਛੇ ਤੋਂ ਚੌਦਾ ਸਾਲ ਦਾ ਬੱਚਾ ਸਿੱਖਿਆ ਤੋਂ ਵਾਂਝਾ ਨਾ ਰਹੇ। ਪਰ ਸਾਡੇ ਦੇਸ਼ ਵਿੱਚ ਅੱਜ ਵੀ ਲਗਭਗ 10 ਕਰੋੜ ਬੱਚੇ ਹੋਟਲਾਂ-ਢਾਬਿਆਂ 'ਤੇ ਭਾਂਡੇ ਮਾਂਜਦੇ ਅਤੇ ਭੱਠਿਆਂ 'ਤੇ ਇੱਟਾਂ ਪੱਥਦੇ ਵੇਖੇ ਜਾ ਸਕਦੇ ਹਨ। ਬੇਸ਼ੱਕ ਸਰਕਾਰ ਨੇ ਵਿਸ਼ਵ ਬੈਂਕ ਤੋਂ ਸਰਵ-ਸਿੱਖਿਆ ਅਭਿਆਨ ਲਈ 300 ਕਰੋੜ ਰੁ. ਦੀ ਗ੍ਰਾਂਟ ਲਈ ਹੈ। ਪਰ ਇਸ ਗ੍ਰਾਂਟ ਦਾ ਉਪਯੋਗ ਬੱਚੇ ਦੇ ਸਰਵਪੱਖੀ ਵਿਕਾਸ ਲਈ ਨਾ-ਮਾਤਰ ਹੀ ਹੋਇਆ ਹੈ।

ਸਰਵ-ਸਿੱਖਿਆ ਅਭਿਆਨ ਦੇ ਤਹਿਤ ਹੀ ਅੱਜ-ਕੱਲ੍ਹ ਪ੍ਰਾਇਮਰੀ ਸਕੂਲਾਂ ਵਿੱਚ ਪੰਜਾਬ ਸਰਕਾਰ ਦੁਆਰਾ ਪੜ੍ਹੋ-ਪੰਜਾਬ ਦਾ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। ਜਿਸ ਦੇ ਤਹਿਤ ਸਕੂਲ ਵਿੱਚ ਰੋਜ਼ਾਨਾ ਸਵੇਰ ਦੇ ਦੋ ਘੰਟੇ ਸਕੂਲ ਦੇ ਸਿਲੇਬਸ ਤੋਂ ਬਿਨਾਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਗਣਿਤ ਦੀ ਮੁਢਲੀ ਜਾਣਕਾਰੀ ਦਿੱਤੀ ਜਾਂਦੀ ਹੈ। ਲਗਭਗ ਦੋ ਕੁ ਸਾਲ ਪਹਿਲਾਂ ਸਰਕਾਰ ਨੂੰ ਅਸਰ ਨਾਂ ਦੀ ਗੈਰ-ਸਰਕਾਰੀ ਜਥੇਬੰਦੀ ਨੇ ਇੱਕ ਸਰਵੇ ਤਹਿਤ ਇਹ ਰਿਪੋਰਟ ਦਿੱਤੀ ਕਿ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਪੜ੍ਹਨੀ ਤੇ ਲਿਖਣੀ ਨਹੀਂ ਆਉਂਦੀ ਅਤੇ ਗਣਿਤ ਵਿੱਚ ਮੁਢਲਾ ਜੋੜ-ਘਟਾਓ ਤੇ ਅੰਕ-ਪਹਿਚਾਣ ਨਹੀਂ ਆਉਂਦਾ। ਸੋ ਉਪਰੋਕਤ ਰਿਪੋਰਟ ਦੇ ਤਹਿਤ ਹੀ ਸਰਕਾਰ ਨੇ ਪੜ੍ਹੋ-ਪੰਜਾਬ ਦਾ ਪ੍ਰੋਜੈਕਟ ਪ੍ਰਾਇਮਰੀ ਸਕੂਲਾਂ ਵਿੱਚ ਸ਼ੁਰੂ ਕੀਤਾ। ਇਸ ਪ੍ਰੋਜੈਕਟ ਦੇ ਤਹਿਤ ਪ੍ਰਾਇਮਰੀ ਸਕੂਲਾਂ ਦੇ ਕਰੀਬ 7000 ਅਧਿਆਪਕ ਸਕੂਲਾਂ ਤੋਂ ਬਾਹਰ ਕੱਢ ਲਏ ਗਏ ਤੇ ਉਹਨਾਂ ਨੂੰ C.M.T./ B.M.T. ਬਣਾ ਕੇ ਅਧਿਆਪਕਾਂ ਨੂੰ ਟ੍ਰੇਨਿੰਗ ਦੇਣ ਤੇ ਸਕੂਲਾਂ ਦਾ ਨਰੀਖਣ ਕਰਨ ਲਗਾ ਦਿੱਤਾ, ਜਿਸ ਨਾਲ਼ ਸਕੂਲਾਂ ਵਿੱਚ ਪੜ੍ਹਾਈ ਦਾ ਦੰਭ ਰਚਾਇਆ ਗਿਆ। ਪ੍ਰੈੱਸ-ਮੀਡੀਏ ਰਾਹੀਂ ਇਹ ਪ੍ਰਾਪੇਗੰਡਾ ਕਰਨਾ ਸ਼ੁਰੂ ਕਰ ਦਿੱਤਾ ਗਿਆ ਕਿ ਪ੍ਰਾਇਮਰੀ ਸਕੂਲਾਂ ਵਿੱਚ ਕਾਫ਼ੀ ਸੁਧਾਰ ਆ ਰਿਹਾ ਹੈ। ਇਸ ਪ੍ਰੋਜੈਕਟ 'ਤੇ ਰੁਪਇਆ ਪਾਣੀ ਦੀ ਤਰ੍ਹਾਂ ਵਹਾਇਆ ਜਾ ਰਿਹਾ ਹੈ। ਇਸ ਪ੍ਰੋਜੈਕਟ ਦੀ ਰਹਿਨੁਮਾਈ ਸਕੂਲ ਸਿੱਖਿਆ ਦੇ ਡਾਇਰੈਕਟਰ ਸ਼੍ਰੀ ਕ੍ਰਿਸ਼ਨ ਕੁਮਾਰ ਕਰ ਰਹੇ ਹਨ। ਸਰਕਾਰ ਦੁਆਰਾ ਪੜ੍ਹੋ-ਪੰਜਾਬ ਦੇ ਤਹਿਤ ਇਹ ਵਰ੍ਹਾ ਗੁਣਵੱਤਾ ਸਿੱਖਿਆ ਵਰ੍ਹੇ ਵਜੋਂ ਵੀ ਮਨਾਇਆ ਜਾ ਰਿਹਾ ਹੈ। ਪਰ ਵਾਸਤਵਿਕ ਸਥਿਤੀਆਂ ਵਿੱਚ ਵੇਖਿਆ ਜਾਵੇ ਤਾਂ ਇਹ ਪੜ੍ਹੋ-ਪੰਜਾਬ ਬੱਚੇ ਅਤੇ ਅਧਿਆਪਕ ਦੋਹਾਂ 'ਤੇ ਵਾਧੂ

ਮਾਨਸਿਕ ਬੋਝ ਹੈ। ਪ੍ਰਾਇਮਰੀ ਸਕੂਲ ਦੇ ਛੋਟੇ-ਛੋਟੇ ਬੱਚਿਆਂ ਨੂੰ ਉਹੀ ਸਕੂਲੀ ਸਮੇਂ ਦੇ ਦੌਰਾਨ ਦੋ-ਦੋ ਸਿਲੇਬਸ ਪੜ੍ਹਨੇ ਪੈ ਰਹੇ ਹਨ। ਇੱਕ ਪੜ੍ਹੋ-ਪੰਜਾਬ ਦਾ ਸਿਲੇਬਸ ਅਤੇ ਦੂਸਰਾ, ਪੰਜਾਬ ਸਕੂਲ ਸਿੱਖਿਆ ਬੋਰਡ ਦਾ ਸਿਲੇਬਸ। ਅਧਿਆਪਕ ਸਵੇਰ ਦੇ ਦੋ ਘੰਟੇ ਪੜ੍ਹੋ-ਪੰਜਾਬ ਦਾ ਸਿਲੇਬਸ ਪੜ੍ਹਾਉਂਦਾ ਹੈ ਤੇ ਬਾਕੀ ਸਮਾਂ ਸਿੱਖਿਆ ਬੋਰਡ ਦਾ ਸਿਲੇਬਸ। ਸਿੱਖਿਆ ਬੋਰਡ ਦੇ ਸਿਲੇਬਸ ਨੂੰ ਕਵਰ ਕਰਨ ਲਈ ਉਸ ਕੋਲ ਦਿਨ ਵਿੱਚ ਉਚਿਤ ਸਮਾਂ ਹੀ ਨਹੀਂ ਰਹਿੰਦਾ, ਸੋ ਉਹ ਸਿੱਖਿਆ ਬੋਰਡ ਦੇ ਸਿਲੇਬਸ ਨੂੰ ਪੂਰਾ ਕਰਨ ਲਈ ਸਿਲੇਬਸ ਮਗਰ ਦੌੜ ਲਾ ਰਿਹਾ ਹੈ, ਜਿਸ ਵਿੱਚ ਘਾਣ ਬੱਚਿਆਂ ਦਾ ਹੋ ਰਿਹਾ ਹੈ ਤੇ ਅਧਿਆਪਕ ਮਾਨਸਿਕ ਤਣਾਓ ਦਾ ਸ਼ਿਕਾਰ ਹੋ ਰਿਹਾ ਹੈ।

ਦੂਸਰੇ ਪਾਸੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਨਾ ਤਾਂ ਸਫ਼ਾਈ ਕਰਮਚਾਰੀ ਦੀ ਕੋਈ ਅਸਾਮੀ ਹੈ ਤੇ ਨਾ ਹੀ ਚਪੜਾਸੀ ਦੀ। ਹੁਣ ਸਕੂਲ ਦੀ ਸਫਾਈ ਦੀ ਜ਼ਿੰਮੇਵਾਰੀ ਵੀ ਅਧਿਆਪਕ 'ਤੇ ਆ ਪੈਂਦੀ ਹੈ। ਇਹਨਾਂ ਹਾਲਤਾਂ ਵਿੱਚ ਜੇ ਬੱਚੇ ਸਕੂਲ ਦੀ ਸਫ਼ਾਈ ਕਰਨ ਤਾਂ ਇਹ ਛੋਟੇ-ਛੋਟੇ ਮਾਸੂਮ, ਆਲੇ-ਭੋਲੇ ਬੱਚਿਆਂ ਦੀ ਮਾਸੂਮੀਅਤ ਨਾਲ਼ ਖਿਲਵਾੜ ਕਰਨਾ ਹੈ। ਤਾਂ ਭਲਾ ਸੋਚੋ ਕਿ ਅਜਿਹੀਆਂ ਹਾਲਤਾਂ ਵਿੱਚ ਅਧਿਆਪਕ ਸਕੂਲਾਂ ਦੀ ਸਫ਼ਾਈ ਕਿਵੇਂ ਕਰਵਾਉਂਦੇ ਹੋਣਗੇ। ਪਹਿਲੀ-ਦੂਜੀ ਦੇ ਛੋਟੇ-ਛੋਟੇ ਬੱਚਿਆਂ ਲਈ ਆਯਾ ਦੀ ਭੂਮਿਕਾ ਵੀ ਅਧਿਆਪਕ ਨੂੰ ਖੁਦ ਹੀ ਨਿਭਾਉਣੀ ਪੈਂਦੀ ਹੈ। ਇਸ ਤੋਂ ਇਲਾਵਾ ਪ੍ਰਾਇਮਰੀ ਸਕੂਲ ਵਿੱਚ ਸ਼ੁਰੂ ਤੋਂ ਲੈ ਕੇ ਅੱਜ ਤੱਕ ਕਲਰਕ ਦੀ ਅਸਾਮੀ ਨਹੀਂ ਦਿੱਤੀ ਗਈ, ਸੋ ਸਕੂਲ ਦਾ ਸਮੁੱਚਾ ਕਲੈਰੀਕਲ ਕੰਮ ਵੀ ਅਧਿਆਪਕ ਹੀ ਕਰਦਾ ਹੈ। ਹੋਰ ਤਾਂ ਹੋਰ ਸਰਕਾਰ ਵੱਲੋਂ ਸਕੂਲ ਦੇ ਵੱਖ ਵੱਖ ਪੱਖਾਂ ਜਿਵੇਂ ਕਿ ਗ੍ਰਾਂਟਾ, ਐਸ. ਸੀ., ਬੀ. ਸੀ. ਬੱਚੇ, ਵਿਸ਼ੇਸ਼ ਲੋੜਾਂ ਵਾਲ਼ੇ ਬੱਚੇ ਮਿਡ-ਡੇ-ਮੀਲ ਦਾ ਲੇਖਾ-ਜੋਖਾ, ਅਣ-ਵਰਤੀਆਂ ਗ੍ਰਾਂਟਾ ਦੇ ਸਰਟੀਫਿਕੇਟ ਆਦਿ ਦੇ ਸਬੰਧ ਵਿੱਚ ਅਤਿਅੰਤ ਡਾਕ ਮੰਗੀ ਜਾਂਦੀ ਹੈ, ਜੋ ਪ੍ਰਾਇਮਰੀ ਅਧਿਆਪਕ ਹੀ ਤਿਆਰ ਕਰਦਾ ਹੈ, ਜਦ ਕਿ ਇਹ ਸਾਰਾ ਕੰਮ ਕਲਰਕ ਦਾ ਹੁੰਦਾ ਹੈ।

ਜੇ ਪ੍ਰਾਇਮਰੀ ਅਧਿਆਪਕਾਂ ਦੀਆਂ ਕਿਸਮਾਂ ਦੀ ਗੱਲ ਕਰੀਏ ਤਾਂ ਉਹ ਵੀ ਕਈ ਕਿਸਮ ਦੇ ਹਨ ਜਿਵੇਂ ਕਿ ਪੱਕੇ ਰੈਗੂਲਰ ਅਧਿਆਪਕ, ਪੀ. ਆਰ. ਆਈ. ਅਧਿਆਪਕ, ਟੀਚਿੰਗ ਫੈਲੋ (ਠੇਕਾ ਭਰਤੀ ਅਧਿਆਪਕ), ਸਿੱਖਿਆ ਕਰਮੀ। ਜਦ ਪ੍ਰਾਇਮਰੀ ਪੱਧਰ ਤੱਕ ਦੀ ਸਿੱਖਿਆ ਵਿੱਚ ਕੋਈ ਭਿੰਨਤਾ ਨਹੀਂ ਤਾਂ ਵੱਖ ਵੱਖ ਕਿਸਮਾਂ ਦੇ ਅਧਿਆਪਕਾਂ ਦੀ ਭਰਤੀ ਦੀ ਕੀ ਲੋੜ ਹੈ ? ਟੀਚਿੰਗ ਫੈਲੋ ਦੀ ਭਰਤੀ ਠੇਕੇ 'ਤੇ ਕੀਤੀ ਗਈ ਹੈ, ਉਹਨਾਂ ਨੂੰ ਸਿਰਫ਼ 4550 ਰੁ. ਉੱਕਾ-ਪੁਕਾ ਤਨਖਾਹ ਮਿਲਦੀ ਹੈ, ਸਿੱਖਿਆ ਕਰਮੀ ਜੋ ਪਿੰਡ ਦੀ ਪਸਵਕ ਕਮੇਟੀ ਵੱਲੋਂ ਰਖੇ ਗਏ ਹਨ ਉਹਨਾਂ ਨੂੰ 2500 ਤੋਂ 4500 ਰੁਪਏ ਤੱਕ ਤਨਖਾਹ ਮਿਲਦੀ ਹੈ। ਉਪਰੋਕਤ ਦੋਹਾਂ ਤਰ੍ਹਾਂ ਦੇ ਅਧਿਆਪਕਾਂ ਨੂੰ ਰੈਗੂਲਰ ਅਧਿਆਪਕਾਂ ਦੇ ਤੁਲ ਨਾ ਤਾਂ ਪੂਰੀ ਤਨਖਾਹ ਮਿਲਦੀ ਹੈ ਤੇ ਨਾ ਹੀ ਹੋਰ ਪੂਰੀਆਂ ਸਹੂਲਤਾਂ। ਜਦ ਕਿ ਕੰਮ ਉਹ ਰੈਗੂਲਰ ਅਧਿਆਪਕਾਂ ਦੇ ਬਰਾਬਰ ਹੀ ਕਰਦੇ ਹਨ। ਅਤਿ ਦੀ ਮਹਿੰਗਾਈ ਦੇ ਸਮੇਂ ਵਿੱਚ ਇਹ ਅਧਿਆਪਕ ਭਲਾ ਕਿੰਝ ਗੁਜ਼ਾਰਾ ਕਰਦੇ ਹੋਣਗੇ ? ਉਹਨਾਂ ਦੀ ਮਨੋਸਥਿਤੀ 'ਤੇ ਕੀ ਬੀਤਦੀ ਹੋਵੇਗੀ ? ਇਹਨਾਂ ਸਵਾਲਾਂ ਪ੍ਰਤੀ ਸਰਕਾਰ ਖਾਮੋਸ਼ ਹੈ।

ਪ੍ਰਾਇਮਰੀ ਅਧਿਆਪਕ ਨੂੰ ਸਕੂਲ ਵਿੱਚ ਚੱਲ ਰਹੀ ਉਸਾਰੀ ਦੇ ਕੰਮ ਦੇ ਸਬੰਧ ਵਿੱਚ, ਮਿਡ-ਡੇ-ਮੀਲ ਦੇ ਸਬੰਧ ਵਿੱਚ, ਸੈਂਟਰ ਸਕੂਲ ਅਤੇ ਬਲਾਕ ਵੱਲੋਂ ਵੱਖ ਵੱਖ ਤਰ੍ਹਾਂ ਦੀ ਡਾਕ ਦੇ ਸਬੰਧ 'ਚ ਸਕੂਲ ਤੋਂ ਬਾਹਰ ਵੀ ਜਾਣਾ ਪੈਂਦਾ ਹੈ। ਜੇ ਅਧਿਆਪਕ ਮੂਵਮੈਂਟ ਰਜਿਸਟਰ 'ਤੇ ਆਪਣੇ ਜਾਣ-ਆਉਣ ਦਾ ਵੇਰਵਾ ਪਾਉਂਦਾ ਹੈ ਤਾਂ ਉਸ ਨੂੰ ਅਜਿਹਾ ਕਰਨ ਤੋਂ ਵਰਜਿਆ ਜਾਂਦਾ ਹੈ। ਉਸ ਨੂੰ ਸਕੂਲ ਤੋਂ ਬਾਹਰ ਜਾਣ ਦੀ ਆਗਿਆ ਨਹੀਂ। ਹੁਣ ਦੇਖਿਆ ਜਾਵੇ ਤਾਂ ਇੱਕ ਪਾਸੇ ਤਾਂ ਸਰਕਾਰ ਉਸ ਤੋਂ ਤਰ੍ਹਾਂ ਤਰ੍ਹਾਂ ਦੀ ਡਾਕ ਮੰਗਦੀ ਹੈ, ਸਕੂਲ ਵਿੱਚ ਵੱਖ ਵੱਖ ਤਰ੍ਹਾਂ ਦੀ ਉਸਾਰੀ ਕਰਨ ਲਈ ਕਹਿੰਦੀ ਹੈ ਤੇ ਜਦ ਉਹ ਡਾਕ ਦੇਣ ਲਈ ਜਾਂ ਉਸਾਰੀ ਦੇ ਪ੍ਰਬੰਧ ਲਈ ਸਕੂਲ ਤੋਂ ਬਾਹਰ ਜਾਂਦਾ ਹੈ ਤਾਂ ਉਸ ਨੂੰ ਰੋਕਦੀ ਹੈ ਤਾਂ ਅਜਿਹੀ ਸਥਿਤੀ ਵਿੱਚ ਅਧਿਆਪਕ ਕੀ ਕਰੇ ? ਉਹ ਦੁੱਚਿਤੀ ਵਿੱਚ ਹੈ। ਉਸ ਉੱਪਰ ਹਮੇਸ਼ਾ ਇਹਨਾਂ ਤੱਥਾਂ ਦਾ ਮਾਨਸਿਕ ਦਬਾਅ ਬਣਿਆ ਰਹਿੰਦਾ ਹੈ।

ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਬਹੁਤ ਲਏ ਜਾਂਦੇ ਹਨ, ਜਿਵੇਂ ਕਿ ਵੋਟਾਂ ਵਿੱਚ ਡਿਊਟੀ, ਸਰਵੇ ਕਰਨਾ, ਜਨਗਣਨਾ ਕਰਨੀ, ਪੈਨਸ਼ਨਾ ਵਿੱਚ ਡਿਊਟੀ ਅਤੇ ਆਟਾ-ਦਾਲ਼ ਵਰਗੀਆਂ ਹੋਰ ਕਿੰਨੀਆਂ ਹੀ ਸਕੀਮਾਂ ਵਿੱਚ ਡਿਊਟੀ। ਜਦ ਪ੍ਰਾਇਮਰੀ ਅਧਿਆਪਕ ਇਹਨਾਂ ਗੈਰ-ਵਿੱਦਿਅਕ ਕੰਮਾਂ ਵਿੱਚ ਰੁੱਝਿਆ ਰਹੇਗਾ ਤਾਂ ਉਹ ਬੱਚਿਆਂ ਨੂੰ ਨਿਯਮਤ ਰੂਪ ਵਿੱਚ ਪੜ੍ਹਾ ਨਹੀਂ ਸਕਦਾ।

ਜੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਾਉਣ ਦੇ ਸਰੂਪ ਨੂੰ ਦੇਖੀਏ ਤਾਂ ਅੱਜ ਵੀ ਉਹੀ ਪੜ੍ਹਾਉਣ ਦਾ ਪੁਰਾਣਾ ਢੰਗ ਵਰਤਿਆਂ ਜਾ ਰਿਹਾ ਜਿਵੇਂ ਕਿ ਇੱਕ ਅਧਿਆਪਕ ਸਾਰਾ ਦਿਨ ਇੱਕ ਜਮਾਤ ਹੀ ਸਾਂਭਦਾ ਹੈ, ਉਸ ਨੂੰ ਪੜ੍ਹਾਉਂਦਾ ਹੈ। ਭਾਵ ਕਿ ਜਿਹੜਾ ਅਧਿਆਪਕ ਪਹਿਲੀ ਜਮਾਤ ਨੂੰ ਪੜ੍ਹਾਉਂਦਾ ਹੈ, ਉਹ ਸਾਰਾ ਸਾਲ ਉਸ ਜਮਾਤ ਨੂੰ ਪੜ੍ਹਾਵੇਗਾ ਤੇ ਜਦ ਉਹ ਜਮਾਤ ਦੇ ਬੱਚੇ ਪਾਸ ਹੋ ਕੇ ਦੂਜੀ ਜਮਾਤ ਵਿੱਚ ਹੋ ਜਾਣਗੇ ਤਾਂ ਫਿਰ ਉਸ ਦੂਸਰੀ ਜਮਾਤ ਨੂੰ ਉਹ ਹੀ ਅਧਿਆਪਕ ਪੜ੍ਹਾਵੇਗਾ। ਇਸ ਤਰ੍ਹਾਂ ਇੱਕ ਹੀ ਅਧਿਆਪਕ ਪੰਜਵੀਂ ਜਮਾਤ ਤੱਕ ਉਹ ਹੀ ਬੱਚਿਆਂ ਨੂੰ ਪੜ੍ਹਾਉਂਦਾ ਚਲਿਆ ਜਾਂਦਾ ਹੈ। ਇੱਥੇ ਹੀ ਬੱਸ ਨਹੀਂ ਕਈ ਸਕੂਲਾਂ ਵਿੱਚ ਦੋ ਜਾਂ ਤਿੰਨ ਅਧਿਆਪਕ ਪੰਜ ਜਮਾਤਾਂ ਨੂੰ ਪੜ੍ਹਾ ਰਹੇ ਹਨ, ਕਿਉਂਕਿ ਜਿਵੇਂ ਉਪਰ ਅਸੀਂ ਦਸ ਹੀ ਚੁੱਕੇ ਹਾਂ ਕਿ ਸਰਕਾਰ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕ, ਬੱਚੇ ਦੇ ਸਰਵ-ਪੱਖੀ ਵਿਕਾਸ ਨੂੰ ਮੁੱਖ ਰੱਖ ਕੇ ਨਹੀਂ ਤੇ ਨਾ ਹੀ ਵਿਸ਼ਿਆ ਅਨੁਸਾਰ ਮੁਹੱਈਆ ਕਰਵਾਉਂਦੀ ਹੈ, ਸਗੋਂ ਬੱਚਿਆਂ ਦੀ ਗਿਣਤੀ ਅਨੁਸਾਰ, ਭਾਵ 40 ਬੱਚਿਆਂ ਲਈ ਇੱਕ ਅਧਿਆਪਕ। ਹੁਣ ਜਿਹੜੇ ਸਕੂਲ ਵਿੱਚ 60 ਤੋਂ 87 ਤੱਕ ਬੱਚੇ ਹੁੰਦੇ ਹਨ ਉੱਥੇ ਦੋ ਜਾਂ ਤਿੰਨ ਅਧਿਆਪਕ ਹੀ ਬੱਚਿਆਂ ਨੂੰ ਪੜ੍ਹਾਉਂਦੇ ਹਨ। ਬੇਸ਼ੱਕ ਉਹ 87 ਬੱਚੇ ਪੰਜ ਜਮਾਤਾਂ ਦੇ ਹੁੰਦੇ ਹਨ। ਹੁਣ ਦੇਖੋ ਪੰਜ ਜਮਾਤਾਂ ਦੇ ਇਹਨਾਂ

87 ਬੱਚਿਆਂ ਨੂੰ ਅਧਿਆਪਕ ਕਿੰਝ ਸਾਂਭਦੇ ਅਤੇ ਪੜਾਉਂਦੇ ਹੋਣਗੇ, ਕਿਉਂਕਿ ਪੰਜ ਜਮਾਤਾਂ ਦਾ ਸਿਲੇਬਸ ਤਾਂ ਪੰਜ ਤਰ੍ਹਾਂ ਦਾ ਹੈ।

ਜੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਇਮਾਰਤਾਂ ਦੀ ਗੱਲ ਕਰੀਏ ਤਾਂ ਉਹਨਾਂ ਦੀ ਹਾਲਤ ਵੀ ਕੋਈ ਬਹੁਤੀ ਚੰਗੀ ਨਹੀਂ। ਆਜ਼ਾਦੀ ਦੇ 62 ਸਾਲ ਬੀਤ ਜਾਣ ਦੇ ਬਾਅਦ ਵੀ ਅੱਜ ਦੀ ਬਹੁਤੀ ਗਿਣਤੀ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਬੱਚੇ ਤੱਪੜਾ (ਟਾਟਾਂ) 'ਤੇ ਬੈਠ ਕੇ ਪੜ੍ਹਦੇ ਹਨ। ਸਕੂਲਾਂ ਵਿੱਚ ਡੈਸਕਾਂ ਦੀ ਬਹੁਤ ਵੱਡੀ ਘਾਟ ਹੈ।

ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਸਕੂਲ ਦੇ ਸਮੇਂ ਪ੍ਰਤੀ ਵੀ ਭੰਭਲਭੂਸਾ ਬਣਿਆ ਰਹਿੰਦਾ ਹੈ ਕਿਉਂਕਿ ਜਦ ਗਰਮੀਆਂ ਜਾਂ ਸਰਦੀਆਂ ਵਿੱਚ ਸਕੂਲ ਦਾ ਸਮਾਂ ਬਦਲਦਾ ਹੈ ਤਾਂ ਉਸ ਸਬੰਧੀ ਸੂਚਨਾ ਬਾਕਾਇਦਾ ਕਿਸੇ ਲਿਖਤੀ ਦਸਤਾਵੇਜ਼ ਰਾਹੀਂ ਸਮੇਂ ਸਿਰ ਨਹੀਂ ਭੇਜੀ ਜਾਂਦੀ। ਇਸ ਤੋਂ ਬਿਨਾਂ ਗਰਮੀਆਂ ਵਿੱਚ ਸਕੂਲ ਦਾ ਸਮਾਂ 8 ਤੋਂ 2 ਵਜੇ ਤੱਕ ਅਤੇ ਸਰਦੀਆਂ ਵਿੱਚ 9 ਤੋਂ 3.20 ਤੱਕ ਹੁੰਦਾ ਹੈ ਜੋ ਕਿ ਛੇ ਘੰਟੇ ਬਣਦਾ ਹੈ। ਪਹਿਲੀ-ਦੂਜੀ ਜਮਾਤ ਨੂੰ ਇੱਕ ਘੰਟਾ ਪਹਿਲਾਂ ਛੁੱਟੀ ਕਰ ਦਿੱਤੀ ਜਾਂਦੀ ਹੈ। ਪ੍ਰਾਇਮਰੀ ਸਕੂਲ ਦੇ ਬੱਚੇ ਲੱਗਭਗ 6 ਤੋਂ 12 ਸਾਲ ਦੀ ਉਮਰ ਦੇ ਹੁੰਦੇ ਹਨ, ਸੋ ਉਹਨਾਂ ਲਈ ਇਹ ਜ਼ਿਆਦਾ ਸਮਾਂ ਹੈ। ਜੇ ਸਕੂਲ ਵਿੱਚ ਬਿਜਲੀ ਦੇ ਪ੍ਰਬੰਧ ਦੀ ਗੱਲ ਕਰੀਏ ਤਾਂ ਉੱਥੇ ਸਕੂਲਾਂ ਵਿਚ ਬਿਜਲੀ ਦੇ ਫੰਡ ਨਾ ਹੋਣ ਦੀ ਘਾਟ ਹੈ। ਸਕੂਲ ਵਿੱਚ ਬਿਜਲੀ ਦੇ ਬਿੱਲ ਨੂੰ ਅਦਾ ਕਰਨਾ ਅਧਿਆਪਕਾਂ ਨੂੰ ਆਪ ਹੀ ਆਪਣੇ ਪੱਧਰ 'ਤੇ ਪ੍ਰਬੰਧ ਕਰਨਾ ਪੈਂਦਾ ਹੈ।

ਸਰਕਾਰ ਨੇ ਪੰਚਾਇਤ ਨੂੰ ਪੇਂਡੂ ਸਕੂਲ ਸਿੱਖਿਆ ਵਿਕਾਸ ਕਮੇਟੀ (ਪਸਵਕ) ਬਣਾ ਕੇ ਸਕੂਲ ਦੇ ਪ੍ਰਬੰਧਕੀ ਕੰਮ ਕਰਨ ਦਾ ਅਧਿਕਾਰ ਦਿੱਤਾ ਹੈ, ਜਿਸ ਦੇ ਤਹਿਤ ਪਿੰਡ ਦੇ ਪਤਵੰਤੇ ਸੱਜਣ ਪਸਵਕ ਕਮੇਟੀ ਦੇ ਮੈਂਬਰ ਬਣ ਕੇ ਸਕੂਲ ਦੀਆਂ ਗ੍ਰਾਂਟਾ ਆਦਿ ਖਰਚਣ ਤੇ ਹੋਰ ਪ੍ਰਬੰਧਕੀ ਕੰਮ ਵਿਚ ਭੂਮਿਕਾ ਨਿਭਾਉਂਦੇ ਹਨ। ਪਰ ਯਥਾਰਥਕ ਸਥਿਤੀਆਂ ਵਿੱਚ ਜ਼ਿਆਦਾਤਰ ਪਸਵਕ ਕਮੇਟੀਆਂ ਕੋਈ ਖਾਸ ਪ੍ਰਬੰਧਕੀ ਭੂਮਿਕਾ ਨਹੀਂ ਨਿਭਾਉਂਦੀਆਂ ਤੇ ਸਮੁੱਚਾ ਕੰਮ ਚਾਹੇ ਉਹ ਉਸਾਰੀ ਦਾ ਹੋਵੇ ਜਾਂ ਕਿਸੇ ਵੀ ਤਰ੍ਹਾਂ ਦੀ ਗ੍ਰਾਂਟ ਨੂੰ ਖਰਚਣ ਦਾ ਹੋਵੇ, ਉਹ ਪ੍ਰਾਇਮਰੀ ਅਧਿਆਪਕ ਆਪ ਹੀ ਕਰਦਾ ਹੈ, ਪਸਵਕ ਕਮੇਟੀ ਦੇ ਮੈਂਬਰ ਤਾਂ ਸਿਰਫ਼ ਦਸਤਖ਼ਤ ਕਰਦੇ ਹਨ ਤੇ ਇਹ ਦਸਤਖ਼ਤ ਵੀ ਉਹਨਾਂ ਦੇ ਮਗਰ-ਮਗਰ ਫਿਰਕੇ ਕਰਵਾਉਂਣੇ ਪੈਂਦੇ ਹਨ।

ਲਗਭਗ ਪਿਛਲੇ ਦੋ ਸਾਲ ਤੋਂ ਸਕੂਲ ਸਿੱਖਿਆ ਦਾ ਨਿਰਦੇਸ਼ਨ ਡਾਇਰੈਕਟਰ ਜਨਰਲ ਸ਼੍ਰੀ ਕ੍ਰਿਸ਼ਨ ਕੁਮਾਰ ਕਰ ਰਹੇ ਹਨ। ਸਰਵ-ਸਿੱਖਿਆ ਅਭਿਆਨ ਵੀ ਅੱਜ-ਕੱਲ੍ਹ ਉਹਨਾਂ ਦੀ ਰਹਿਨੁਮਾਈ ਹੇਠ ਹੀ ਕੰਮ ਕਰ ਰਿਹਾ ਹੈ। ਸਰਵ-ਸਿੱਖਿਆ ਅਭਿਆਨ ਦੇ ਤਹਿਤ ਚੱਲ ਰਿਹਾ ਪੜ੍ਹੋ-ਪੰਜਾਬ ਦਾ ਪ੍ਰੋਜੈਕਟ ਵੀ ਉਹਨਾਂ ਦੇ ਦਿਸ਼ਾ ਨਿਰਦੇਸ਼ ਹੇਠ ਹੀ ਚਲ ਰਿਹਾ ਹੈ। ਸੋ ਗੱਲ ਕੀ ਅੱਜ-ਕੱਲ੍ਹ ਜਿੰਨੇ ਵੀ ਫੈਸਲੇ ਜਿਵੇ ਕਿ ਅਧਿਆਪਕਾਂ ਦੀ ਬਦਲੀ ਤੋਂ ਲੈ ਕੇ, ਬੱਚਿਆਂ ਦੇ ਪੇਪਰ ਲੈਣ ਤੱਕ ਆਦਿ ਸਭ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਹੀ ਕਰ ਰਹੇ ਹਨ। ਅਜਿਹੀ ਹਾਲਤ ਵਿੱਚ ਡੀ. ਪੀ. ਆਈ. ਪ੍ਰਾਇਮਰੀ ਦੀ ਭੂਮਿਕਾ ਸਿਰਫ਼ ਨਾ-ਮਾਤਰ ਹੀ ਰਹਿ ਗਈ ਹੈ। ਹੋਰ ਤਾਂ ਹੋਰ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਇਹ ਵਰ੍ਹਾ ਗੁਣਵੱਤਾ ਸਿੱਖਿਆ ਵਰ੍ਹੇ ਵਜੋਂ ਮਨਾ ਰਹੇ ਹਨ। ਉਹਨਾਂ ਦੀ ਅਗਵਾਈ ਹੇਠ ਪੜ੍ਹੋ-ਪੰਜਾਬ ਦਾ ਪ੍ਰੋਜੈਕਟ ਬੜੀ ਸਖ਼ਤੀ ਨਾਲ਼ ਪ੍ਰਾਇਮਰੀ ਪੱਧਰ ਤੱਕ ਚਲਾਇਆ ਜਾ ਰਿਹਾ, ਜਿਸ ਦੀ ਚਰਚਾ ਉੱਪਰ ਕੀਤੀ ਗਈ ਹੈ। ਹੁਣ ਜੇ ਦੇਖਿਆ ਜਾਵੇ ਜਿਹੜੇ 7000 ਅਧਿਆਪਕ B. M. T. / C. M. T. ਬਣਾ ਕੇ ਸਕੂਲਾਂ ਦਾ ਨਰੀਖਣ ਤੇ ਨਿਰਦੇਸ਼ਨ ਕਰਨ ਲਈ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚੋਂ ਬਾਹਰ ਕੱਢ ਲਏ ਹਨ, ਉਹਨਾਂ ਦੀ ਥਾਂ 'ਤੇ ਪਿੰਡ ਦੀਆਂ ਪਸਵਕ ਕਮੇਟੀਆਂ ਰਾਹੀਂ ਬੀ. ਏ. ਅਤੇ ਬੀ. ਐੱਡ. ਅਧਿਆਪਕ ਆਰਜੀ ਤੌਰ 'ਤੇ ਸਿੱਖਿਆ ਕਰਮੀਆਂ ਦਾ ਨਾਂ ਦੇ ਕੇ ਰੱਖੇ ਗਏ ਹਨ। ਸਹੀ ਅਰਥਾਂ ਵਿੱਚ 7000 ਤਜਰਬੇਕਾਰ ਅਧਿਆਪਕ ਜਿਹਨਾਂ ਦਾ ਬੱਚੇ ਨਾਲ਼ ਸਿੱਧਾ ਸਬੰਧ ਸੀ, ਉਹਨਾਂ ਨੂੰ ਤਾਂ ਬੱਚੇ ਤੋਂ ਦੂਰ ਕਰ ਦਿੱਤਾ ਗਿਆ ਤੇ ਨਵੇਂ ਅਧਿਆਪਕ (ਸਿੱਖਿਆ ਕਰਮੀ) ਜਿਨ੍ਹਾਂ ਨੇ ਤਜਰਬਾ ਗ੍ਰਹਿਣ ਕਰਨਾ ਹੈ, ਉਹਨਾਂ ਨੂੰ ਬੱਚਿਆਂ ਨੂੰ ਪੜਾਉਣ ਲਗਾ ਦਿੱਤਾ ਹੈ। ਇੱਥੇ ਹੀ ਬੱਸ ਨਹੀਂ ਜਿੱਥੇ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਇਹ ਕਹਿ ਰਹੇ ਹਨ ਕਿ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦਾ ਪੜ੍ਹੋ-ਪੰਜਾਬ ਰਾਹੀਂ ਪੰਜਾਬੀ ਤੇ ਗਣਿਤ ਦਾ ਮੁੱਢਲਾ ਪੱਧਰ ਉੱਚਾ ਕਰਨਾ ਹੈ ਤਾਂ ਜੋ ਉਹ ਆਪਣੀਆਂ-ਆਪਣੀਆਂ ਜਮਾਤਾਂ ਦਾ ਸਿਲੇਬਸ ਕਵਰ ਕਰ ਸਕਣ। ਪਰ ਜੇ ਸਥਿਤੀ ਨੂੰ ਘੋਖ ਕੇ ਦੇਖਿਆ ਜਾਵੇ ਤਾਂ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੇ ਪੰਜਾਬੀ ਤੇ ਗਣਿਤ ਦੇ ਮੁਢਲੇ ਪੱਧਰ ਨੂੰ ਨੀਵਾਂ ਰੱਖਣ ਵਿੱਚ ਅਧਿਆਪਕਾਂ ਦਾ ਪੂਰਨ ਰੂਪ ਵਿੱਚ ਕੋਈ ਸਿੱਧਾ ਯੋਗਦਾਨ ਨਹੀਂ ਹੈ ਸਗੋਂ ਇਹ ਤਾਂ ਸਮੇਂ ਸਮੇਂ ਦੀਆਂ ਸਰਕਾਰਾਂ ਦਾ ਸਿੱਧਾ ਯੋਗਦਾਨ ਸੀ ਤੇ ਅੱਜ ਵੀ ਹੈ। ਕਿਉਂਕਿ ਸਰਕਾਰਾਂ ਨੇ ਸਹੀ ਸਮੇਂ 'ਤੇ ਸਕੂਲਾਂ ਵਿੱਚ ਅਧਿਆਪਕਾਂ ਦੀ ਭਰਤੀ ਨਹੀਂ ਕੀਤੀ ਜਿਸ ਕਰਕੇ ਇੱਕ ਸਮਾਂ ਅਜਿਹਾ ਵੀ ਆ ਗਿਆ ਸੀ ਕਿ ਇੱਕ ਜਾਂ ਦੋ ਅਧਿਆਪਕਾਂ ਨੂੰ ਸਮੁੱਚੇ ਸਕੂਲ ਦਾ ਪ੍ਰਬੰਧ ਕਰਨਾ ਪੈਂਦਾ ਸੀ ਤੇ ਕਈ ਸਕੂਲ ਤਾਂ ਅਜਿਹੇ ਵੀ ਸਨ ਜੋ ਅਧਿਆਪਕ ਰਹਿਤ ਸਨ। ਸੋ ਅਜਿਹੀਆਂ ਸਥਿਤੀਆਂ ਵਿੱਚ ਬੱਚਿਆਂ ਦਾ ਪੰਜਾਬੀ ਤੇ ਗਣਿਤ ਦਾ ਪੱਧਰ ਤਾਂ ਨੀਵਾਂ ਹੋਣਾ ਹੀ ਸੀ ਸਗੋਂ ਸਮੁੱਚਾ ਵਿਕਾਸ ਹੀ ਪ੍ਰਭਾਵਿਤ ਹੋਇਆ। ਇਉਂ ਕਹੀਏ ਪ੍ਰਭਾਵਿਤ ਨਹੀਂ ਸਗੋਂ ਵਿਕਾਸ ਤਾਂ ਰੁਕ ਹੀ ਗਿਆ। ਅਜਿਹੀਆਂ ਸਥਿਤੀਆਂ ਲਈ ਅਧਿਆਪਕ ਨਹੀਂ, ਸਗੋਂ ਸਰਕਾਰਾਂ ਜ਼ਿੰਮੇਵਾਰ ਰਹੀਆਂ ਹਨ। ਇੱਕ ਜਾਂ ਦੋ ਅਧਿਆਪਕ ਪੰਜਾਂ ਜਮਾਤਾਂ ਦੇ ਬੱਚਿਆਂ ਨੂੰ ਕਿੰਝ ਸਾਂਭ ਸਕਦੇ ਸੀ।

ਪਰ ਇਹਨਾਂ ਸਥਿਤੀਆਂ ਵਿੱਚੋਂ ਨਿਕਲਣ ਲਈ ਪੜ੍ਹੋ-ਪੰਜਾਬ ਦੀ ਲੋੜ ਨਹੀਂ ਸੀ, ਸਗੋਂ ਸਮੇਂ ਸਮੇਂ ਅਧਿਆਪਕਾਂ ਦੀ ਭਰਤੀ ਦੀ ਲੋੜ ਸੀ, ਜੋ ਕਦੇ ਸਮੇਂ ਸਿਰ ਨਹੀਂ ਹੋਈ। ਸਹੀ ਅਰਥਾਂ ਵਿੱਚ ਦੇਖਿਆ ਜਾਵੇ ਤਾਂ ਪੜ੍ਹੋ-ਪੰਜਾਬ ਦੇ ਰਾਹੀਂ ਸਰਕਾਰ ਸਕੂਲਾਂ ਨੂੰ ਨਿੱਜੀਕਰਨ ਵੱਲ ਧੱਕ ਰਹੀ ਹੈ, ਕਿਉਂਕਿ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਪੜ੍ਹੋ-ਪੰਜਾਬ ਰਾਹੀਂ ਸਕੂਲਾਂ ਵਿੱਚ ਪ੍ਰਥਮ ਨਾਂ ਦੀ ਨਿੱਜੀ ਸੰਸਥਾ

(ਬਾਕੀ ਹਿੱਸਾ, ਪੰਨਾ 20 'ਤੇ)

ਜੰਗਲ

ਉਜਰਤੀ ਗੁਲਾਮੀ ਤੇ ਪੂੰਜੀ ਦਾ ਯਥਾਰਥਵਾਦੀ ਸਾਹਿਤਕ ਅਧਿਐਨ

— ਸਵਜੀਤ

"ਮੈਂ ਇੱਕ ਨਾਵਲਕਾਰ ਦੇ ਰੂਪ ਵਿੱਚ ਨਹੀਂ, ਸਗੋਂ ਇੱਕ ਇਤਿਹਾਸਕਾਰ ਦੇ ਰੂਪ ਵਿੱਚ ਤੁਹਾਡਾ ਸਨਮਾਨ ਕਰਦਾ ਹਾਂ, ਕਿਉਂਕਿ ਇਹ ਮੇਰੀ ਸੋਚੀ-ਸਮਝੀ ਰਾਏ ਹੈ, ਜਿਸ 'ਤੇ ਮੈਂ 85 ਸਾਲ ਦੀ ਉਮਰ ਵਿੱਚ ਵੀ ਅਡਿੱਗ ਹਾਂ, ਕਿ ਤੱਥਾਂ ਦੇ ਵਿਵਰਣ ਇਤਿਹਾਸ ਨਹੀਂ ਹੁੰਦੇ।...

ਮੇਰੇ ਲੰਮੇਂ ਜੀਵਨਕਾਲ ਵਿੱਚ ਜੋ ਕੁੱਝ ਵੀ ਵਾਪਰਿਆ ਹੈ, ਉਸਦੇ ਬਾਰੇ ਜਦੋਂ ਲੋਕ ਮੇਰੇ ਤੋਂ ਪੁਛਦੇ ਹਨ ਤਾਂ ਮੈਂ ਉਹਨਾਂ ਨੂੰ ਅਖਬਾਰਾਂ ਦੀਆਂ ਫਾਈਲਾਂ ਜਾਂ ਅਧਿਕਾਰੀ ਵਿਦਵਾਨਾਂ ਦੀਆਂ ਪੁਸਤਕਾਂ ਪਲਟਣ ਦੀ ਬਜਾਏ ਤੁਹਾਡੇ ਨਾਵਲ ਪੜ੍ਹਨ ਲਈ ਕਹਿੰਦਾ ਹਾਂ। ਉਹ ਸ਼ੰਕਾ ਕਰਦੇ ਨੇ ਕਿ ਤੁਹਾਡੀਆਂ ਕਿਤਾਬਾਂ ਦੇ ਲੋਕ ਅਸਲ ਵਿੱਚ ਮੌਜੂਦ ਨਹੀਂ ਸਨ, ਕਿ ਉਹਨਾਂ ਦੁਆਰਾ ਕੀਤੇ ਕੰਮ ਅਸਲ ਵਿੱਚ ਕਦੇ ਕੀਤੇ ਹੀ ਨਹੀਂ ਗਏ ਅਤੇ ਉਹਨਾਂ ਦੁਆਰਾ ਕਹੀਆਂ ਗੱਲਾਂ ਕਦੇ ਕਹੀਆਂ ਨਹੀਂ ਗਈਆਂ। ਮੈਂ ਉਹਨਾਂ ਨੂੰ ਵਿਸ਼ਵਾਸ ਦਿਲਾਉਂਦਾ ਹਾਂ ਕਿ ਉਹ ਲੋਕ ਸੱਚਮੁੱਚ ਸਨ, ਬਜਾਏ ਇਸ ਦੇ ਕਿ ਆਪਟਨ ਸਿੰਕਲੇਅਰ ਨੇ ਉਹਨਾਂ ਦਾ ਵਿਸ਼ਿਸ਼ਟੀਕਰਨ ਕਰਨ ਅਤੇ ਉਹਨਾਂ ਨੂੰ ਪੇਸ਼ ਕਰਨ ਦਾ (ਭਾਵ ਪ੍ਰਗਟਾਉਣ ਦਾ) ਕੰਮ ਉਹਨਾਂ ਨਾਲੋਂ ਬੇਹਤਰ ਕੀਤਾ ਹੈ ਜਿਹੋ ਜਿਹਾ ਉਹ ਲੋਕ ਖੁਦ ਕਰ ਸਕਦੇ ਸਨ, ਅਤੇ ਉਹਨਾਂ ਲੋਕਾਂ ਦੇ ਉਹਨਾਂ ਤਜਰਬਿਆਂ ਨੂੰ, ਜੋ ਅਸਲ ਵਿੱਚ ਘਾਲਮੇਲ ਟਾਈਪ ਰੂਪ ਵਿੱਚ ਵਾਪਰੇ ਸਨ, ਅਰਥਪੂਰਨ ਅਤੇ ਕ੍ਰਮ ਵਿੱਚ ਸੈੱਟ ਕਰ ਦਿੱਤਾ ਹੈ।"

ਇਹ ਵਿਚਾਰ ਅੰਗਰੇਜ਼ੀ ਦੇ ਮਸ਼ਹੂਰ ਲੇਖਕ ਬਰਨਾਅਡ ਸ਼ਾਅ ਨੇ ਕਿਸੇ ਸਮੇਂ ਜੰਗਲ ਨਾਵਲ ਦੇ ਰਚੇਤਾ ਆਪਟਨ ਸਿੰਕਲੇਅਰ ਲਈ ਵਰਤੇ ਸਨ।

ਸਮੇਂ ਸਮੇਂ ਤੇ ਦੁਨੀਆਂ ਵਿੱਚ ਅਜਿਹੇ ਲੇਖਕ ਪੈਦਾ ਹੋਏ ਹਨ ਜਿਹਨਾਂ ਦੀਆਂ ਰਚਨਾਵਾਂ ਵਿੱਚ ਉਹਨਾਂ ਦੇ ਸਮੇਂ ਦਾ ਪੂਰਾ ਇਤਿਹਾਸ ਸਾਂਭਿਆ ਪਿਆ ਹੈ। ਜਿਹਨਾਂ ਵਿੱਚ ਸਤੇਂਦਾਲ, ਬਾਲਜ਼ਾਕ, ਡਿਕਨਸ, ਫਲਾਬੇਅਰ, ਗੋਗੋਲ, ਲਰਮਨਤੋਵ, ਤੁਰਗਨੇਵ, ਟਾਲਸਟਾਏ, ਮੋਪਾਸਾਂ ਅਤੇ ਚੈਖੋਵ ਦਾ ਨਾਮ ਲਿਆ ਜਾ ਸਕਦਾ ਹੈ। ਵੀਹਵੀਂ ਸਦੀ ਦੇ ਮਹਾਨ ਯਥਾਰਥਵਾਦੀ ਲੇਖਕਾਂ ਵਿੱਚੋਂ ਮੈਕਸਿਮ ਗੋਰਕੀ, ਜੈਕ ਲੰਡਨ ਤੇ ਥਿਓਡੋਰ ਡ੍ਰੇਜ਼ਰ ਵੀ ਇਸੇ ਸ਼੍ਰੇਣੀ ਅਧੀਨ ਆਉਂਦੇ ਹਨ।ਆਪਟਨ ਸਿੰਕਲੇਅਰ ਦਾ ਨਾਮ ਵੀ ਬੇਝਿਜਕ ਵੀਹਵੀਂ ਸਦੀ ਦੇ ਇਹਨਾਂ ਯਥਾਰਥਵਾਦੀ ਲੇਖਕਾਂ ਨਾਲ਼ ਜੋੜਿਆ ਜਾਂਦਾ ਹੈ।

ਆਪਟਨ ਸਿੰਕਲੇਅਰ ਦਾ ਜਨਮ 20 ਸਤੰਬਰ 1878 ਨੂੰ ਬਾਲਟੀਮੋਰ, ਮੈਰੀਲੈਂਡ ਵਿੱਖੇ ਹੋਇਆ। ਬੇਹੱਦ ਗਰੀਬੀ ਵਿੱਚ ਆਪਣਾ ਬਚਪਨ ਗੁਜਾਰਨ ਤੋਂ ਬਾਅਦ 10 ਸਾਲ ਦੀ ਉਮਰ ਵਿੱਚ ਉਹ ਆਪਣੇ ਪਰਿਵਾਰ ਸਮੇਤ ਨਿਊਯਾਰਕ ਆ ਗਏ। ਇੱਥੇ ਹੀ ਉਹਨਾਂ ਨੇ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਅਖ਼ਬਾਰਾਂ, ਮੈਗਜ਼ੀਨਾਂ ਵਿੱਚ ਕਹਾਣੀਆਂ ਲਿਖ-ਲਿਖ ਕੇ ਆਪਣੀ ਪੜ੍ਹਾਈ ਅਤੇ ਪਰਿਵਾਰ ਦਾ ਗੁਜ਼ਾਰਾ ਚਲਾਇਆ। 1904-05 ਤੱਕ ਸਿੰਕਲੇਅਰ ਪੱਕੇ ਤੌਰ 'ਤੇ ਸਮਾਜਵਾਦੀ ਬਣ ਚੁੱਕੇ ਸਨ। ਇਹਨਾਂ ਚਾਰ ਪੁਸਤਕਾਂ ਦਾ ਉਹਨਾਂ ਦੇ ਸਮਾਜਵਾਦੀ ਬਣਨ ਵਿੱਚ ਖਾਸ ਯੋਗਦਾਨ ਰਿਹਾ: ਮੇਰੀ ਇੰਗਲੈਂਡ (ਰਾਬਰਟ ਬਲੈਚਫੋਰਡ), ਦਿ ਪੀਪਲ ਆਫ਼ ਦਿ ਏਬਿਸ (ਜੈਕ ਲੰਡਨ), ਅਪੀਲ ਟੂ ਦਾ ਯੰਗ (ਪੀਟਰ ਕਰੋਪੋਟਕਿਨ) ਅਤੇ ਆਕਟੋਪਸ (ਫ੍ਰੈਂਕ ਨੋਰਿਸ)।

ਅਮਰੀਕਾ ਦੇ ਇੱਕ ਖੋਜੀ ਪੱਤਰਕਾਰਾਂ ਅਤੇ ਲੇਖਕਾਂ ਦੇ ਸਮੂਹ ਦਾ ਵੀ ਉਹਨਾਂ ਦੀ ਲਿਖਣ ਸ਼ੈਲੀ 'ਤੇ ਬਹੁਤ ਗਹਿਰਾ ਪ੍ਰਭਾਵ ਪਿਆ। ਇਸ ਸਮੂਹ ਨੇ ਅਮਰੀਕਾ ਵਿੱਚ ਵਧ ਰਹੀ ਸਨਅਤੀਕਰਨ ਅਤੇ ਪੂੰਜੀਵਾਦ ਦੇ ਅਸਰ ਨੂੰ ਆਪਣੀਆਂ ਰਿਪੋਰਟਾਂ ਅਤੇ ਲਿਖਤਾਂ ਰਾਹੀਂ ਲੋਕਾਂ ਸਾਹਮਣੇ ਪੇਸ਼ ਕੀਤਾ। ਇਹਨਾਂ ਨੂੰ 'ਮਕਰੇਕਰ' ਕਿਹਾ ਜਾਂਦਾ ਸੀ। ਜਿਸਦਾ ਅਰਥ ਹੁੰਦਾ ਹੈ ਕੂੜਾ-ਕਰਕਟ ਛਾਂਟਣ ਵਾਲ਼ੇ। ਪਰ ਇਸ ਨਾਂਹ-ਪੱਖੀ ਨਾਮ ਦਾ 'ਸਮਾਜਿਕ ਕੂੜਾ-ਕਰਕਟ ਸਾਫ਼ ਕਰਨ ਵਾਲ਼ੇ' ਦੇ ਰੂਪ ਵਿੱਚ ਪ੍ਰਸੰਸਾਤਮਕ ਪ੍ਰੀਵਰਤਨ ਹੋ ਗਿਆ। 1906 ਵਿੱਚ 'ਦਿ ਜੰਗਲ' ਛਪਣ ਤੋਂ ਬਾਅਦ ਆਪਟਨ ਸਿੰਕਲੇਅਰ ਦਾ ਨਾਮ ਵੀ ਇਹਨਾਂ ਲੇਖਕਾਂ ਵਿੱਚ ਲਿਆ ਜਾਣ ਲੱਗਾ।

'ਜੰਗਲ' ਦਾ ਪ੍ਰਕਾਸ਼ਨ ਅਮਰੀਕੀ ਮਜ਼ਦੂਰ-ਅੰਦੋਲਨ ਦੇ ਇਤਿਹਾਸ ਵਿੱਚ ਇੱਕ ਘਟਨਾ ਮੰਨਿਆ ਜਾਂਦਾ ਹੈ। ਇਸ ਨਾਵਲ ਨੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਪੂਰੇ ਅਮਰੀਕਾ ਵਿੱਚ ਇੱਕ ਅੰਦੋਲਨ ਜਿਹਾ ਖੜਾ ਕਰ ਦਿੱਤਾ ਸੀ। ਮਾਸ ਦੀ ਪੈਕਿੰਗ ਕਰਨ ਵਾਲ਼ੇ ਉਦਯੋਗ ਅਤੇ ਉੱਥੇ ਕੰਮ ਕਰਨ ਵਾਲ਼ੇ ਮਜ਼ਦੂਰਾਂ ਤੇ ਅਧਾਰਿਤ ਇਸ ਨਾਵਲ ਨੇ ਉਸ ਸਮੇਂ ਦੀ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਸੀ, ਤੇ ਉਹਨਾਂ ਨੂੰ ਮਜਬੂਰ ਹੋ ਕੇ 'ਪਿਉਰ ਫੂਡ ਐਂਡ ਡਰੱਗ ਐਕਟ' ਅਤੇ 'ਮੀਟ ਇੰਪੈਕਸ਼ਨ ਐਕਟ' ਬਣਾਉਣੇ ਪਏ।

ਤਸੀਹੇ, ਅੰਧਕਾਰ ਅਤੇ ਵਿਦਰੋਹ ਦੀ ਕਹਾਣੀ ਬਿਆਨ ਕਰਦਾ ਇਹ ਨਾਵਲ ਇੱਕ ਐਸੇ ਪਰਿਵਾਰ ਦੀ ਕਹਾਣੀ ਹੈ ਜੋ ਇੱਕ ਚੰਗੀ ਜ਼ਿੰਦਗੀ ਦੀ ਭਾਲ ਵਿੱਚ ਦੂਰ-ਦੁਰਾਡੇ ਕਿਸੇ ਜੰਗਲੀ ਪਿੰਡ ਤੋਂ ਕੂਚ ਕਰਕੇ ਸਕਾਟਯਾਰਡ ਪਹੁੰਚਦਾ ਹੈ। ਪਰ ਇੱਥੇ ਉਹ ਧਨ-ਸੰਪਤੀ, ਲੁੱਟ ਮਾਰ ਅਤੇ ਗਰੀਬੀ ਦੇ ਜੰਗਲ ਵਿੱਚ ਘਿਰ ਜਾਂਦਾ ਹੈ। ਇੱਕ ਇੱਕ ਕਰਕੇ ਉਹ ਆਪਣਾ ਸਭ ਕੁੱਝ ਗੁਆ ਲੈਂਦੇ ਹਨ, ਇੱਥੋਂ ਤੱਕ ਕਿ ਜ਼ਿੰਦਗੀਆਂ ਵੀ। ਨਰਕੀ ਪ੍ਰਸਥਿਤੀਆਂ ਵਿੱਚ ਕੰਮ ਕਰਦੇ ਹੋਏ ਅਤੇ ਰਹਿੰਦੇ ਹੋਏ ਵੀ ਉਹ ਇੱਕ ਚੰਗੀ ਜ਼ਿੰਦਗੀ ਦੀ ਆਸ ਦਾ ਪੱਲਾ ਫੜੀ ਰੱਖਦੇ ਹਨ। ਤੇ ਅੰਤ ਜਦੋਂ ਉਹ ਆਪਣਾ

ਸਭ ਕੁੱਝ ਗਵਾ ਲੈਂਦੇ ਹਨ ਤਾਂ ਆਪਣੇ ਆਪਣੇ ਅੰਦਾਜ਼ ਵਿੱਚ ਬਗਾਵਤ ਕਰ ਦਿੰਦੇ ਹਨ। ਸਿੰਕਲੇਅਰ ਨੇ ਇਸ ਮਜ਼ਦੂਰ ਪਰਿਵਾਰ ਦੀ ਕਹਾਣੀ ਨੂੰ, ਪੂੰਜੀ ਅਤੇ ਕਿਰਤ ਦੇ ਰਿਸ਼ਤੇ ਰਾਹੀਂ ਬਾਖੂਬੀ ਬਿਆਨ ਕੀਤਾ ਹੈ। ਲੂ-ਕੰਡੇ ਖੜੇ ਕਰ ਦੇਣ ਵਾਲੀਆਂ ਘਟਨਾਵਾਂ ਦਾ ਬੜੀ ਬਾਰੀਕੀ ਤੇ ਮਾਰਮਿਕ ਢੰਗ ਨਾਲ਼ ਚਿੱਤਰਣ ਕੀਤਾ ਹੈ।

ਇਸ ਨਾਵਲ ਬਾਰੇ ਸਿੰਕਲੇਅਰ ਨੇ ਆਪਣੇ ਸ਼ਬਦਾਂ ਵਿੱਚ ਕੁੱਝ ਇਸ ਤਰ੍ਹਾਂ ਬਿਆਨ ਕੀਤਾ ਹੈ: "ਮੈਂ ਹੰਝੂਆਂ ਅਤੇ ਮਾਨਸਿਕ ਪੀੜਾ ਨਾਲ਼ ਲਿਖ ਰਿਹਾ ਸੀ ਅਤੇ ਪੰਨਿਆਂ ਤੇ ਉਸ ਪੂਰੇ ਦਰਦ ਨੂੰ ਡੋਲਦਾ ਜਾ ਰਿਹਾ ਸੀ ਜੋ ਮੇਰੇ ਜੀਵਨ ਦਾ ਮਕਸਦ ਰਿਹਾ ਹੈ। ਉਪਰੋਂ ਦੇਖਣ ਤੇ ਇਹ ਸਕਾਟਯਾਰਡ ਦੇ ਮਜ਼ਦੂਰਾਂ ਦੇ ਇੱਕ ਪਰਿਵਾਰ ਦੀ ਕਹਾਣੀ ਸੀ, ਪਰ ਅੰਦਰੂਨੀ ਤੌਰ 'ਤੇ ਇਹ ਮੇਰੇ ਆਪਣੇ ਪਰਿਵਾਰ ਦੀ ਕਹਾਣੀ ਸੀ। ਕੀ ਮੈਨੂੰ ਇਹ ਜਾਨਣ ਦੀ ਜ਼ਰੂਰਤ ਸੀ ਕਿ ਸ਼ਿਕਾਗੋ ਵਿੱਚ ਸਰਦੀਆਂ ਦੇ ਦਿਨਾਂ ਵਿੱਚ ਗਰੀਬਾਂ ਨੂੰ ਕੀ ਭੁਗਤਣਾ ਪੈਂਦਾ ਹੈ ? ਮੈਂ ਤਾਂ ਬਸ ਇੱਕ ਕੈਬਿਨ ਵਿੱਚ ਬਿਤਾਏ ਪਿਛਲੀਆਂ ਸਰਦੀਆਂ ਦੇ ਉਹਨਾਂ ਦਿਨਾਂ ਨੂੰ ਯਾਦ ਕਰਨਾ ਸੀ ਜਦੋਂ ਸਾਡੇ ਕੋਲ ਕੇਵਲ ਸੂਤੀ ਕੰਬਲ ਸਨ ਅਤੇ ਅਸੀਂ ਸਿਰਫ਼ ਕੁੱਝ ਚੀਥੜੇ ਲਪੇਟੇ ਹੁੰਦੇ ਸਨ। ਭੁੱਖ ਦੇ ਮਾਮਲੇ ਵਿੱਚ, ਬਿਮਾਰੀਆਂ ਦੇ ਮਾਮਲੇ ਵਿੱਚ ਅਤੇ ਭੈਅ ਦੇ ਮਾਮਲੇ ਵਿੱਚ ਵੀ ਅਜਿਹੀ ਹੀ ਸਥਿਤੀ ਸੀ। ਸਾਡਾ ਨੰਨਾ ਜਿਹਾ ਬੇਟਾ ਉਸ ਸਰਦੀਆਂ ਵਿੱਚ ਨਿਮੋਨੀਏ ਦਾ ਸ਼ਿਕਾਰ ਹੋ ਕੇ ਮਰਨ ਕਿਨਾਰੇ ਪਿਆ ਸੀ : ਅਤੇ ਇਹ ਸਾਰਾ ਦੁੱਖ ਉਸ ਕਿਤਾਬ ਵਿੱਚ ਉੱਤਰ ਗਿਆ ਹੈ।"

31 ਕਾਂਡਾਂ ਵਿੱਚ ਫੈਲਿਆ ਹੋਇਆ ਇਹ ਨਾਵਲ ਯੁਰਗਿਸ, ਉਸਦੀ ਪ੍ਰੇਮਿਕਾ ਓਨਾ, ਓਨਾ ਦੇ ਮਾਤਾ ਪਿਤਾ, ਦੋ ਵੱਡੀਆਂ ਭੈਣਾਂ ਅਤੇ ਇੱਕ ਦੇ 6 ਬੱਚਿਆਂ ਦੇ ਪਰਿਵਾਰ 'ਤੇ ਅਧਾਰਿਤ ਹੈ ਜੋ ਦੂਰ ਦੇ ਕਿਸੇ ਪਿੰਡ ਤੋਂ ਪਰਵਾਸ ਕਰਕੇ ਸਕਾਟਯਾਰਡ ਆਉਂਦੇ ਹਨ। ਇੱਥੇ ਆ ਕੇ ਯੁਰਗਿਸ ਮਾਸ ਦੀ ਪੈਕਿੰਗ ਕਰਨ ਵਾਲ਼ੇ ਕਾਰਖਾਨੇ ਵਿੱਚ ਕੰਮ ਕਰਨਾ ਸ਼ੁਰੂ ਕਰਦਾ ਹੈ। ਬਾਕੀ ਲੋਕ ਵੀ ਅਲੱਗ ਅਲੱਗ ਥਾਂਵਾ 'ਤੇ ਕੰਮ ਕਰਨਾ ਸ਼ੁਰੂ ਕਰਦੇ ਹਨ। ਇੱਥੋਂ ਹੀ ਉਹਨਾਂ ਦੀ ਨਰਕ ਵਰਗੀ ਜ਼ਿੰਦਗੀ ਸ਼ੁਰੂ ਹੁੰਦੀ ਹੈ। 18-18 ਘੰਟੇ ਲਗਾਤਾਰ ਕੰਮ ਕਰਨ ਦੇ ਬਾਵਜੂਦ ਵੀ ਉਹ ਖੁਦ ਨੂੰ ਗਰੀਬੀ ਦੇ ਹਨੇਰੇ ਤੋਂ ਆਜ਼ਾਦ ਨਹੀਂ ਕਰਵਾ ਸਕਦੇ। ਹੌਲ਼ੀ ਹੌਲ਼ੀ ਕਿਵੇਂ ਉਹਨਾਂ ਦੇ ਸੁਪਨੇ ਟੁੱਟਦੇ ਹਨ, ਤੇ ਉਹ ਪੂੰਜੀ ਦੀ ਇਸ ਖਾਈ ਵਿੱਚ ਹੋਰ ਵਧੇਰੇ ਡੂੰਘੇਰੇ ਧਸਦੇ ਜਾਂਦੇ ਹਨ, ਇਸ ਦਾ ਨਾਵਲਕਾਰ ਨੇ ਬਹੁਤ ਹੀ ਦਰਦਨਾਕ ਢੰਗ ਨਾਲ ਚਿੱਤਰਣ ਕੀਤਾ ਹੈ।

ਮਾਸ ਦੀ ਪੈਕਿੰਗ ਕਰਨ ਵਾਲ਼ੇ ਕਾਰਖਾਨੇ ਅਤੇ ਉੱਥੋਂ ਦੀਆਂ ਮਜ਼ਦੂਰ ਬਸਤੀਆਂ ਦਾ ਵਰਣਨ ਅਜਿਹੇ ਕਲਾਸਕੀ ਢੰਗ ਨਾਲ਼ ਕੀਤਾ ਹੈ ਕਿ ਪਾਠਕ ਖੁਦ ਨੂੰ ਉੱਥੇ ਵਿਚਰਦਾ ਹੋਇਆ ਮਹਿਸੂਸ ਕਰਦਾ ਹੈ। ਸਰਦੀਆਂ ਦੇ ਦਿਨਾਂ ਵਿੱਚ ਜੋ ਨਰਕ ਵਰਗੀ ਸਥਿਤੀ ਉੱਥੇ ਪੈਦਾ ਹੁੰਦੀ ਹੈ ਉਹ ਕਿਸੇ ਵੀ ਪੱਥਰ ਦਿਲ ਨੂੰ ਪਿਘਲਾ ਦੇਣ ਲਈ ਕਾਫ਼ੀ ਹੈ। ਕਾਰਖਾਨਿਆਂ ਦੀ ਰੂਪ ਰੇਖਾ ਅਤੇ ਕੰਮ ਕਰ ਰਹੇ ਮਜ਼ਦੂਰਾਂ ਦਾ ਵਰਣਨ ਕਰਦੇ ਸਮੇਂ ਲੇਖਕ ਯਥਰਾਥਵਾਦੀ ਪਰਿਪੇਖ ਨਾਲ਼ ਹਮੇਸ਼ਾ ਲੈੱਸ ਰਹਿੰਦਾ ਹੈ। ਉਦਾਹਰਣ ਵਜੋਂ : "ਫਿਰ ਉਸਨੇ ਚੀਜ਼ਾਂ ਨੂੰ ਇੱਕ ਦੂਸਰੀ ਨਜ਼ਰ ਨਾਲ਼ ਦੇਖਣਾ ਸ਼ੁਰੂ ਕੀਤਾ, ਹੁਣ ਉਹ ਇਸਦਾ ਇੱਕ ਹਿੱਸਾ ਸੀ। ਇੱਥੇ ਅਜਿਹੀ ਰਫ਼ਤਾਰ ਨਾਲ਼ ਕੰਮ ਕਰਵਾਇਆ ਜਾਂਦਾ ਸੀ ਕਿ ਆਦਮੀ ਨੂੰ ਆਪਣੀ ਸਮੁੱਚੀ ਯੋਗਤਾ ਸਹਿਤ ਲਗਾਤਾਰ ਇਕਾਗਰ ਹੋ ਕੇ ਜੁੱਟੇ ਰਹਿਣਾ ਪੈਂਦਾ ਸੀ — ਪਹਿਲੇ ਪਸ਼ੂ ਦੇ ਗਿਰਨ ਤੋਂ ਲੈ ਕੇ ਬਾਰ੍ਹਾਂ ਵਜੇ ਦੀ ਸੀਟੀ ਤੱਕ, ਤੇ ਫਿਰ ਸਾਢੇ ਬਾਰ੍ਹਾਂ ਦੀ ਸੀਟੀ ਤੋਂ ਲੈ ਕੇ ਦੇਰ ਸ਼ਾਮ ਜਾਂ ਰਾਤ ਤੱਕ, ਇੱਕ ਪਲ ਲਈ ਵੀ ਆਦਮੀ ਦੇ ਹੱਥ ਨੂੰ ਜਾਂ ਅੱਖ ਨੂੰ ਜਾਂ ਦਿਮਾਗ ਨੂੰ ਆਰਾਮ ਨਹੀਂ ਮਿਲਦਾ ਸੀ। ਯੁਰਗਿਸ ਨੇ ਦੇਖਿਆ ਕਿ ਉਹ ਇਹ ਸਭ ਕਿਵੇਂ ਕਰਵਾਉਂਦੇ ਸਨ। ਇਸ ਸਾਰੇ ਕੰਮ ਦੇ ਕੁੱਝ ਅਜਿਹੇ ਹਿੱਸੇ ਸਨ ਜੋ ਬਾਕੀ ਮਜ਼ਦੂਰਾਂ ਲਈ ਰਫ਼ਤਾਰ ਤੈਅ ਕਰਦੇ ਸਨ ਅਤੇ ਇਹਨਾਂ ਕੰਮਾਂ ਲਈ ਉਹਨਾਂ ਨੇ ਜ਼ਿਆਦਾ ਮਜ਼ਦੂਰੀ ਤੇ ਖਾਸ ਬੰਦੇ ਰੱਖੇ ਹੁੰਦੇ ਸਨ ਜਿਹਨਾਂ ਨੂੰ ਉਹ ਜਲਦੀ ਜਲਦੀ ਬਦਲਦੇ ਰਹਿੰਦੇ ਸਨ। ਇਹ ਆਦਮੀ ਪਾਗਲਾਂ ਦੀ ਤਰ੍ਹਾਂ ਕੰਮ ਕਰਦੇ ਸਨ। ਇਸ ਨੂੰ 'ਰਫ਼ਤਾਰ ਵਧਾਉਣਾ' ਕਿਹਾ ਜਾਂਦਾ ਸੀ। ਜੇਕਰ ਕੋਈ ਆਦਮੀ ਇਸ ਰਫ਼ਤਾਰ ਨਾਲ਼ ਨਹੀਂ ਚੱਲ ਸਕਦਾ ਸੀ ਤਾਂ ਬਾਹਰ ਇੱਕ ਮੌਕਾ ਦਿੱਤੇ ਜਾਣ ਦੀਆਂ ਮਿੰਨਤਾਂ ਕਰਦੀ ਭੀੜ ਹਰ ਵਕਤ ਉਪਲਬਧ ਰਹਿੰਦੀ ਸੀ।"

ਅਜਿਹੇ ਕਾਰਖਾਨਿਆਂ ਵਿੱਚ ਕੰਮ ਕਰਦੇ ਹੋਏ ਯੁਰਗਿਸ ਅਤੇ ਉਸ ਦੇ ਪਰਿਵਾਰ ਦਾ ਨਿੱਤ ਨਵੀਆਂ ਮੁਸੀਬਤਾਂ ਨਾਲ਼ ਵਾਹ ਪੈਂਦਾ ਰਹਿੰਦਾ ਹੈ। ਇੱਕ ਮੁਸੀਬਤ ਦੇ ਟਲਣ ਨਾਲ਼ ਹੋਰ ਮੁਸੀਬਤਾਂ ਆ ਖੜੀਆਂ ਹੁੰਦੀਆਂ। ਚਾਰੇ ਪਾਸੇ ਫੈਲੇ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਠੱਗੀ ਅਤੇ ਲੁੱਟ-ਖੋਹ ਯੁਰਗਿਸ ਦੇ ਸੁਪਨਿਆਂ ਨੂੰ ਤਾਰ ਤਾਰ ਕਰ ਦਿੰਦੇ ਹਨ। ਦੋ ਸਾਲ ਤੱਕ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਯੁਰਗਿਸ ਅਤੇ ਓਨਾ ਆਪਣੇ ਵਿਆਹ ਲਈ ਪੈਸੇ ਨਹੀਂ ਜੋੜ ਸਕੇ। ਆਖਰਕਾਰ ਘੋਰ ਗਰੀਬੀ ਦੀਆਂ ਹਾਲਤਾਂ ਵਿੱਚ ਹੀ ਉਹਨਾਂ ਨੂੰ ਵਿਆਹ ਕਰਵਾਉਣਾ ਪੈਂਦਾ ਹੈ। ਫਿਰ ਇੱਕ ਇੱਕ ਕਰਕੇ ਉਹਨਾਂ ਦੇ ਪਰਿਵਾਰ ਦੇ ਜੀਅ ਬਿਮਾਰੀਆਂ ਨਾਲ਼ ਜਾਂ ਕਾਰਖਾਨਿਆਂ ਵਿੱਚ ਘਿਸ ਘਿਸ ਕੇ ਜਾਂ ਹਾਦਸਿਆਂ ਨਾਲ਼ ਮਰਨ ਲੱਗਦੇ ਹਨ। ਮੁਸੀਬਤਾਂ ਦੇ ਜੋ ਪਹਾੜ ਉਸ ਪਰਿਵਾਰ ਉੱਤੇ ਟੁੱਟਦੇ ਹਨ ਉਸ ਨੂੰ ਦੇਖ ਕੇ ਪਾਠਕ ਦੇ ਮਨ ਵਿੱਚ ਲੇਖਕ ਦੇ ਇੱਕਪਾਸੜ ਹੋਣ ਦਾ ਵਿਚਾਰ ਆਉਂਦਾ ਹੈ। ਪਰ ਹੌਲ਼ੀ ਹੌਲ਼ੀ ਜਿਵੇਂ ਨਾਵਲ ਦੀ ਕਹਾਣੀ ਅੱਗੇ ਵਧਦੀ ਹੈ ਇਹ ਗੱਲ ਸਾਫ਼ ਹੁੰਦੀ ਜਾਂਦੀ ਹੈ ਕਿ ਇਹ ਮੁਸੀਬਤਾਂ ਹਰ ਮਜ਼ਦੂਰ ਦੇ ਹਿੱਸੇ ਆਉਂਦੀਆਂ ਹਨ ਅਤੇ ਇਸ ਤੋਂ ਬਚਣ ਦਾ ਕੋਈ ਰਾਹ ਵੀ ਨਹੀਂ ਮਿਲਦਾ। ਅਜੋਕੇ ਨਵਉਦਾਰਵਾਦੀ ਨੀਤੀਆਂ ਵਾਲ਼ੇ ਭਾਰਤ ਵਰਗੇ ਦੇਸ਼ਾਂ ਵਿੱਚ ਇਹ ਪ੍ਰਸਥਿਤੀਆਂ ਹੋਰ ਵੀ ਵਧੇਰੇ ਪ੍ਰਸੰਗਿਕ ਹੋ ਨਿਬੜਦੀਆਂ ਹਨ। ਜਿੱਥੋਂ ਦੇ ਮਜ਼ਦੂਰਾਂ ਨੂੰ ਨਿੱਤ ਇਸ ਤੋਂ ਵੀ ਕਿਤੇ ਵਧੇਰੇ ਭਿਅੰਕਰ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਲੇਖਕ ਦੇ ਆਪਣੇ ਸ਼ਬਦਾਂ ਵਿੱਚ "ਉਹਨਾਂ ਦਾ ਜੀਵਨ ਇਹਨਾਂ ਬੇਰਹਿਮ ਸ਼ਰਤਾਂ 'ਤੇ ਹੀ ਚੱਲ ਰਿਹਾ ਸੀ ਕਿ ਉਹ ਇੱਕ ਪਲ ਲਈ ਵੀ ਚਿੰਤਾ ਤੋਂ ਰਾਹਤ ਦੀ ਉਮੀਦ ਨਹੀਂ ਕਰਨਗੇ, ਉਹਨਾਂ ਨੂੰ ਇੱਕ ਪਲ ਵੀ ਅਜਿਹਾ ਨਸੀਬ ਨਹੀਂ ਹੋਵੇਗਾ ਜਦੋਂ ਪੈਸੇ ਦਾ ਖਿਆਲ ਉਹਨਾਂ ਨੂੰ ਨਹੀਂ ਸਤਾਏਗਾ। ਉਹ ਇੱਕ ਸਮੱਸਿਆ ਤੋਂ ਜਿਵੇਂ ਕਿਸੇ ਚਮਤਕਾਰ ਨਾਲ਼ ਬਚਕੇ ਨਿਕਲਦੇ ਤਾਂ

ਇੱਕ ਦੂਸਰੀ ਮੁਸ਼ਕਿਲ ਸਾਹਮਣੇ ਆ ਖੜੀ ਹੋ ਜਾਂਦੀ ਸੀ। ਇਸ ਤਰ੍ਹਾਂ ਸਰੀਰਕ ਪ੍ਰੇਸ਼ਾਨੀਆਂ ਦੇ ਇਲਾਵਾ ਉਹਨਾਂ ਦੇ ਮਨ 'ਤੇ ਵੀ ਲਗਾਤਾਰ ਦਬਾਅ ਰਹਿੰਦਾ ਸੀ। ਉਹ ਸਾਰਾ ਦਿਨ ਅਤੇ ਸਾਰੀ ਰਾਤ ਚਿੰਤਾ ਅਤੇ ਡਰ ਵਿੱਚ ਜੀਉਂਦੇ ਸੀ। ਦਰਅਸਲ ਇਹ ਜੀਉਣਾ ਨਹੀਂ ਸੀ, ਇਸ ਨੂੰ ਤਾਂ ਹੋਂਦ ਬਣਾਏ ਰੱਖਣਾ ਵੀ ਮੁਸ਼ਕਿਲ ਨਾਲ਼ ਕਿਹਾ ਜਾ ਸਕਦਾ ਸੀ। ਉਹਨਾਂ ਨੂੰ ਜਾਪਦਾ ਸੀ ਕਿ ਉਹ ਬਹੁਤ ਮਹਿੰਗੀ ਕੀਮਤ ਚੁਕਾ ਰਹੇ ਸਨ। ਉਹ ਸਾਰਾ ਸਮਾਂ ਕੰਮ ਕਰਨ ਲਈ ਤਿਆਰ ਸਨ; ਤੇ ਜਦੋਂ ਲੋਕ ਆਪਣੀ ਪੂਰੀ ਤਾਕਤ ਨਾਲ਼ ਕੰਮ ਕਰਦੇ ਹੋਣ ਤਾਂ ਕੀ ਉਹਨਾਂ ਨੂੰ ਜੀਊਣ ਦਾ ਵੀ ਹੱਕ ਨਹੀਂ ਮਿਲਣਾ ਚਾਹੀਦਾ ?"

ਅਜੀਬ ਕਿਸਮ ਅਤੇ ਦਿਲ ਦਹਿਲਾ ਦੇਣ ਵਾਲ਼ੀਆਂ ਘਟਨਾਵਾਂ ਵਿੱਚੋਂ ਲੰਘਦੀ ਹੋਈ ਕਹਾਣੀ ਆਪਣੇ ਅੰਤ ਵੱਲ ਵਧਦੀ ਹੈ। ਜਦੋਂ ਯੁਰਗਿਸ ਬਿਲਕੁੱਲ ਇਕੱਲਾ ਰਹਿ ਜਾਂਦਾ ਹੈ ਉਸ ਦਾ ਪੂਰਾ ਪਰਿਵਾਰ ਲਗਭਗ ਖਤਮ ਹੋ ਜਾਂਦਾ ਹੈ। ਫਿਰ ਉਹ ਇਸ ਸਮਾਜ ਦੇ ਇਸ ਜੰਗਲ ਖਿਲਾਫ਼ ਵਿਦਰੋਹ ਕਰ ਦਿੰਦਾ ਹੈ। ਇੱਕ ਵਿਅਕਤੀਗਤ ਵਿਦਰੋਹ। "ਉਹ ਆਪਣੀ ਜ਼ਿੰਦਗੀ ਲਈ ਜੂਝ ਰਿਹਾ ਸੀ, ਬਦਹਵਾਸੀ ਵਿੱਚ ਉਹ ਦੰਦ ਪੀਹਣ ਲੱਗਿਆ। ਉਹ ਬੇਵਕੂਫ ਸੀ ਨਿਰਾ ਬੇਵਕੂਫ਼। ਉਸਨੇ ਆਪਣੀ ਇਸ ਵਾਹੀਆਤ ਕਮਜ਼ੋਰੀ ਨਾਲ਼ ਆਪਣੀ ਜ਼ਿੰਦਗੀ ਬੇਕਾਰ ਕਰ ਲਈ ਸੀ, ਖੁਦ ਨੂੰ ਬਰਬਾਦ ਕਰ ਲਿਆ ਸੀ ਪਰ ਹੁਣ ਉਹ ਇਸ ਤੋਂ ਛੁਟਕਾਰਾ ਪਾ ਲਵੇਗਾ — ਉਹ ਇਸ ਨੂੰ ਆਪਣੇ ਅੰਦਰੋਂ ਜੜੋਂ ਉਖਾੜ ਸੁੱਟੇਗਾ। ਹੁਣ ਉਸ ਦੀ ਜ਼ਿੰਦਗੀ ਵਿੱਚ ਹੰਝੂਆਂ ਲਈ ਤੇ ਕੋਮਲਤਾ ਲਈ ਕੋਈ ਜਗ੍ਹਾ ਨਹੀਂ ਹੋਵੇਗੀ। ਬਸ ਬਹੁਤ ਹੋ ਗਿਆ — ਇਹਨਾਂ ਹੀ ਚੀਜ਼ਾਂ ਨੇ ਉਸ ਨੂੰ ਗੁਲਾਮੀ ਕਰਨ ਲਈ ਵੇਚ ਦਿੱਤਾ ਸੀ। ਹੁਣ ਉਹ ਆਜ਼ਾਦ ਹੋਣ ਜਾ ਰਿਹਾ ਸੀ, ਉਹ ਆਪਣੀਆਂ ਬੇੜੀਆਂ ਤੋੜ ਕੇ ਸੁੱਟ ਦੇਵੇਗਾ ਅਤੇ ਉੱਠਕੇ ਲੜੇਗਾ। ਉਹ ਖੁਸ਼ ਸੀ ਕਿ ਸਭ ਕੁੱਝ ਖਤਮ ਹੋ ਗਿਆ ਸੀ — ਇੱਕ ਨਾ ਇੱਕ ਦਿਨ ਇਹ ਹੋਣਾ ਹੀ ਸੀ ਅਤੇ ਚੰਗਾ ਹੀ ਹੋਇਆ ਕਿ ਜਲਦੀ ਹੋ ਗਿਆ। ਇਹ ਦੁਨੀਆਂ ਔਰਤਾਂ ਅਤੇ ਬੱਚਿਆ ਦੇ ਜੀਣ ਲਾਇਕ ਨਹੀਂ ਸੀ ਅਤੇ ਜਿੰਨੀ ਜਲਦੀ ਉਹ ਇਸ ਤੋਂ ਨਿਕਲ ਜਾਣ ਉਹਨਾਂ ਹੀ ਚੰਗਾ ਹੈ। ... ਹੁਣ ਉਹ ਆਪਣੇ ਬਾਰੇ ਸੋਚੇਗਾ, ਹੁਣ ਉਹ ਆਪਣੇ ਲਈ ਲੜੇਗਾ, ਉਸ ਦੁਨੀਆਂ ਦੇ ਖਿਲਾਫ਼ ਜਿਸ ਨੇ ਉਸ ਨੂੰ ਕਦਮ ਕਦਮ 'ਤੇ ਧੋਖਾ ਦਿੱਤਾ ਹੈ ਅਤੇ ਸਤਾਇਆ ਹੈ।"

ਮਜ਼ਦੂਰਾਂ ਦੀ ਜ਼ਿੰਦਗੀ ਦੇ ਹਰ ਪੱਖ ਨੂੰ ਬਾਖੂਬੀ ਪੇਸ਼ ਕਰਨ ਦੀ ਕਲਾਤਮਿਕਤਾ ਦੇ ਬਾਵਜੂਦ ਸਿੰਕਲੇਅਰ ਵੀ ਟਾਲਸਟਾਏ ਵਾਂਗ ਇਸ ਨਰਕ ਵਿੱਚੋਂ ਨਿਕਲਣ ਦਾ ਰਸਤਾ ਦੱਸਣ ਵਿੱਚ ਸੁਧਾਰਵਾਦੀ ਭੁਲੇਖੇ ਦਾ ਸ਼ਿਕਾਰ ਹੋ ਗਏ। ਇਸ ਨਾਵਲ ਦੇ ਅੰਤ ਵਿੱਚ ਉਹ ਯੁਰਗਿਸ ਨੂੰ ਕਿਸੇ ਸਮਾਜਵਾਦੀ ਪਾਰਟੀ ਦਾ ਮੈਂਬਰ ਬਣਿਆ ਦਿਖਾਉਂਦੇ ਹਨ ਜੋ ਉਸ ਸਮੇਂ ਦੀਆਂ ਵੋਟਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾ ਰਹੀ ਹੈ। ਯੁਰਗਿਸ ਅਤੇ ਉਸਦੇ ਹੋਰ ਮਜ਼ਦੂਰ ਸਾਥੀ ਇਸ ਜਿੱਤ ਨੂੰ ਆਪਣੀ ਮੁਕਤੀ ਨਾਲ਼ ਜੋੜ ਕੇ ਦੇਖਦੇ ਹਨ। ਤੇ ਸਿੰਕਲੇਅਰ ਵੀ ਖੁਦ ਇਹੀ ਮਹਿਸੂਸ ਕਰਦੇ ਹਨ।

ਲੈਨਿਨ ਨੇ ਸਿੰਕਲੇਅਰ ਬਾਰੇ ਕਿਹਾ ਸੀ,"ਸਿੰਕਲੇਅਰ ਕਿਸੇ ਤਰ੍ਹਾਂ ਦੇ ਸਿਧਾਂਤਕ ਪ੍ਰੀਖਣ ਤੋਂ ਰਹਿਤ, ਕੇਵਲ ਭਾਵਨਾਵਾਂ ਤੋਂ ਸਮਾਜਵਾਦੀ ਹਨ।" ਲੈਨਿਨ ਦੇ ਇਹ ਵਿਚਾਰ ਇਸ ਸੰਦਰਭ ਵਿੱਚ ਰੱਖ ਕੇ ਵੀ ਦੇਖੇ ਜਾ ਸਕਦੇ ਹਨ।

'ਜੰਗਲ' ਦੇ ਪ੍ਰਕਾਸ਼ਨ ਤੋਂ 2 ਸਾਲ ਬਾਅਦ ਜੈਕ ਲੰਡਨ ਨੇ 'ਦਿ ਆਇਰਨ ਹੀਲ' ਨਾਮਕ ਆਪਣੇ ਮਸ਼ਹੂਰ ਨਾਵਲ ਵਿੱਚ ਇਸ ਗਲਤੀ ਨੂੰ ਦਰੁਸਤ ਕੀਤਾ। ਉਹਨਾਂ ਦੇ ਨਾਵਲ ਦੀ ਕਹਾਣੀ, ਪਾਤਰ ਅਤੇ ਘਟਨਾਵਾਂ ਭਾਵੇਂ 'ਜੰਗਲ' ਨਾਲ਼ੋਂ ਕਾਫ਼ੀ ਭਿੰਨ ਹਨ, ਪਰ 'ਦਿ ਆਇਰਨ ਹੀਲ' ਵਿੱਚ ਜੈਕ ਲੰਡਨ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਮਜ਼ਦੂਰ ਜਮਾਤ ਕਦੇ ਵੀ ਪਾਰਲੀਮੈਂਟ ਵਿੱਚ ਦੋ ਚਾਰ ਸੀਟਾਂ ਜਿੱਤ ਕੇ ਜਾਂ ਇਸ ਰਾਜ ਦੀ ਵਰਤੋਂ ਕਰਕੇ ਸਮਾਜਵਾਦ ਸਥਾਪਿਤ ਨਹੀਂ ਕਰ ਸਕੇਗੀ। ਸਗੋਂ ਉਹਨਾਂ ਨੂੰ ਇਨਕਲਾਬੀ ਤਰੀਕਿਆਂ ਨਾਲ਼, ਏਕਤਾ ਬਣਾ ਕੇ ਇਸ ਸੱਤ੍ਹਾ ਨੂੰ ਪੂਰੀ ਤਰ੍ਹਾਂ ਜੜ੍ਹੋਂ ਉਖਾੜ ਕੇ ਨਵਾਂ ਰਾਜ ਲਾਗੂ ਕਰਨਾ ਪਵੇਗਾ। ਮਾਰਕਸਵਾਦੀ ਨਜ਼ਰੀਏ ਤੋਂ 'ਦਿ ਆਇਰਨ ਹੀਲ' ਸਮਾਜਵਾਦ ਦੇ ਸੰਕਲਪ ਅਤੇ ਮਜ਼ਦੂਰਾਂ ਦੀ ਮੁਕਤੀ ਦੇ ਜ਼ਿਆਦਾ ਨੇੜੇ ਢੁੱਕਦਾ ਹੈ।

ਇਸ ਇੱਕ ਸਿਧਾਂਤਕ ਗਲਤੀ ਨੂੰ ਜੇਕਰ ਛੱਡ ਦਈਏ ਤਾਂ 'ਜੰਗਲ' ਆਪਣੇ ਆਪ ਵਿੱਚ ਸੰਸਾਰ ਮਜ਼ਦੂਰ-ਅੰਦੋਲਨ ਦੀ ਇੱਕ ਮਹਾਨ ਘਟਨਾ ਹੈ। 1906 ਵਿੱਚ ਇਸ ਦੇ ਛਪਣ ਤੋਂ ਬਾਅਦ ਇਸ ਦੀਆਂ 1,50,000 ਕਾਪੀਆਂ ਤੁਰੰਤ ਵਿੱਕ ਗਈਆਂ। ਪੂਰੀ ਦੁਨੀਆਂ ਵਿੱਚ ਇਸ ਨੂੰ 'ਬੈਸਟ ਸੈਲਰ' ਦਾ ਦਰਜਾ ਪ੍ਰਾਪਤ ਹੋ ਗਿਆ। ਅਗਲੇ ਕੁੱਝ ਹੀ ਸਾਲਾਂ ਵਿੱਚ ਸੰਸਾਰ ਦੀਆਂ ਲਗਭਗ 70 ਭਾਸ਼ਾਵਾਂ ਵਿੱਚ ਇਸ ਦਾ ਅਨੁਵਾਦ ਹੋਇਆ। ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਤੋਂ ਬਾਅਦ ਪ੍ਰਾਪਤ ਹੋਈ ਉਹਨਾਂ ਦੀ ਜੇਲ੍ਹ-ਡਾਇਰੀ ਵਿੱਚ ਵੀ ਇਸ ਦਾ ਵਰਣਨ ਆਉਂਦਾ ਹੈ।

ਪੰਜਾਬੀ ਸਾਹਿਤ ਪ੍ਰੇਮੀਆਂ ਲਈ ਇਹ ਇੱਕ ਬੜੀ ਦੁਖਦਾਈ ਅਤੇ ਨਿਰਾਸ਼ ਕਰ ਦੇਣ ਵਾਲ਼ੀ ਖ਼ਬਰ ਹੋਵੇਗੀ ਕਿ ਅਜੇ ਤੱਕ (103 ਸਾਲਾਂ ਬਾਅਦ) ਵੀ ਨਾ 'ਜੰਗਲ' ਅਤੇ ਨਾ ਹੀ 'ਦਿ ਆਇਰਨ ਹੀਲ' ਦਾ ਪੰਜਾਬੀ ਵਿੱਚ ਅਨੁਵਾਦ ਹੋਇਆ ਹੈ।

ਇਸ ਨਾਵਲ ਦੀ ਪ੍ਰਸਿੱਧੀ ਤੋਂ ਘਬਰਾ ਕੇ ਅਮਰੀਕੀ ਅਤੇ ਪੂਰੀ ਦੁਨੀਆਂ ਦੇ ਬੁਰਜੂਆ ਆਲੋਚਕਾਂ ਨੇ ਇਹ ਕਹਿ ਕੇ ਇਸ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਇਹ ਕੇਵਲ ਸਕਾਟਯਾਰਡ ਵਿੱਚ ਫੈਲੀ ਗੰਦਗੀ ਅਤੇ ਕੁੱਝ ਗਲਤ ਅਨਸਰਾਂ ਅਤੇ ਸਥਿਤੀਆਂ 'ਤੇ ਹੀ ਅਧਾਰਿਤ ਹੈ। ਕੁੱਝ ਤਾਂ ਇਸ ਹੱਦ ਤੱਕ ਚਲੇ ਗਏ ਕਿ ਨਾਵਲ ਦਾ ਮਕਸਦ ਲੋਕਾਂ ਵਿੱਚ ਸ਼ਾਕਾਹਾਰੀ ਦੀਆਂ ਆਦਤਾਂ ਦਾ ਪ੍ਰਚਾਰ ਕਰਨਾ ਅਤੇ ਲੋਕਾਂ ਨੂੰ ਮਾਸਾਹਾਰੀ ਤੋਂ ਗੁਰੇਜ਼ ਕਰਨ ਲਈ ਮਨਾਉਣਾ ਹੈ। ਤਰ੍ਹਾਂ ਤਰ੍ਹਾਂ ਦੇ ਢੰਗ-ਤਰੀਕਿਆਂ ਨਾਲ਼ ਆਪਟਨ ਸਿੰਕਲੇਅਰ ਦੇ ਸਮਾਜਵਾਦੀ ਵਿਚਾਰਾਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਗਈ।

ਪਰ ਸਿੰਕਲੇਅਰ ਨੇ ਇਹਨਾਂ ਦਾ ਖੰਡਨ ਕਰਦੇ ਹੋਏ ਸਪੱਸ਼ਟ ਕੀਤਾ ਕਿ ਇਸ ਨਾਵਲ ਦਾ ਉਦੇਸ਼ ਉਦਯੋਗਿਕ ਪੂੰਜੀਵਾਦ ਵਿੱਚ ਮਿਹਨਤਕਸ਼ ਔਰਤ-ਮਰਦਾਂ ਦੀਆਂ ਅਣਮਨੁੱਖੀ ਸਥਿਤੀਆਂ ਦਾ ਜੀਵੰਤ ਦਸਤਾਵੇਜ਼ ਪ੍ਰਸਤੁਤ ਕਰਨਾ ਸੀ ਅਤੇ ਇਹ ਦੱਸਣਾ ਸੀ ਕਿ ਸਮਾਜਵਾਦ ਹੀ ਇਸ ਸਮੱਸਿਆ ਦਾ ਇੱਕ

ਮਾਤਰ ਹੱਲ ਹੋ ਸਕਦਾ ਹੈ। 'ਜੰਗਲ' ਦੇ ਪ੍ਰਕਾਸ਼ਨ ਤੋਂ ਬਾਅਦ ਖੋਜੀ ਪੱਤਰਕਾਰਾਂ ਅਤੇ ਲੇਖਕਾਂ ਦੀ ਉਸ ਮੁਹਿੰਮ ਨੂੰ ਵੀ ਜ਼ੋਰਦਾਰ ਹੁਲਾਰਾ ਮਿਲਿਆ। ਜਿਸ ਨੂੰ ਅਮਰੀਕਾ ਦੇ ਰਾਸ਼ਟਰਪਤੀ ਥਿਓਡੋਰ ਰੂਜ਼ਵੇਲਟ ਨੇ ਵਿਅੰਗ ਅਤੇ ਝੁੰਝਲਾਹਟ ਵਿੱਚ 'ਮਕਰੇਕਰ' ਕਿਹਾ ਸੀ ਅਤੇ ਜੋ ਇੱਕ ਸਨਮਾਨਜਨਕ ਸੰਬੋਧਨ ਬਣ ਗਿਆ ਸੀ। ਪੂੰਜੀਪਤੀਆਂ ਦੇ ਟ੍ਰਸਟਾਂ, ਕਾਰਪੋਰੇਸ਼ਨਾਂ ਦੇ ਘਪਲਿਆਂ, ਲੁੱਟ, ਕਾਰਖਾਨਿਆਂ ਦੀ ਨਰਕੀ ਸਥਿਤੀਆਂ ਅਤੇ ਪ੍ਰਸ਼ਾਸਨ, ਨਿਆਪਾਲਿਕਾ ਅਤੇ ਰਾਜਨੀਤੀ ਦੇ ਭ੍ਰਿਸ਼ਟਾਚਾਰ ਦੀਆਂ ਕਹਾਣੀਆਂ ਰੈਡੀਕਲ ਮੈਗਜ਼ੀਨਾਂ ਤੇ ਅਖ਼ਬਾਰਾਂ ਵਿੱਚ ਜ਼ੋਰ-ਸ਼ੋਰ ਨਾਲ਼ ਛਪਣ ਲੱਗੀਆਂ।

ਆਪਟਨ ਸਿੰਕਲੇਅਰ ਆਪਣੀ ਇਸ ਮਹਾਨ ਰਚਨਾ ਨੂੰ ਲਿਖਦੇ ਸਮੇਂ ਇੱਕ ਨਵੀਂ ਦੁਨੀਆਂ ਦੇ ਨਿਰਮਾਣ ਦੇ ਉਦੇਸ਼ ਨਾਲ਼ ਪੂਰੀ ਤਰ੍ਹਾਂ ਇੱਕ ਮਿੱਕ ਸਨ।

* * *

ਅੰਤਿਕਾ ਵਜੋਂ ਆਪਟਨ ਸਿੰਕਲੇਅਰ ਦੇ ਕਲਾ ਬਾਰੇ ਉਹ ਵਿਚਾਰ ਜੋ ਇਸ ਨਾਵਲ ਨੂੰ ਪੜਨ ਤੋਂ ਬਾਅਦ ਪਾਠਕ ਅਤੇ ਖਾਸ ਕਰਕੇ ਲੇਖਕਾਂ ਦੇ ਮਨ ਦੀ ਕੈਨਵਸ ਤੇ ਉਕਰ ਜਾਣੇ ਚਾਹੀਦੇ ਹਨ।

"ਪ੍ਰੋਲੇਤਾਰੀ ਲੇਖਕ ਇੱਕ ਉਦੇਸ਼ ਨਾਲ਼ ਲੈੱਸ ਹੁੰਦਾ ਹੈ, 'ਕਲਾ, ਕਲਾ ਲਈ' ਬਾਰੇ ਉਹ ਉਨ੍ਹਾਂ ਹੀ ਸੋਚਦਾ ਹੈ ਜਿੰਨਾ ਕਿ ਇੱਕ ਡੁੱਬਦੇ ਹੋਏ ਜਹਾਜ ਦੇ ਕੈਬਿਨ ਵਿੱਚ ਬੈਠਾ ਕੋਈ ਆਦਮੀ ਇੱਕ ਖੂਬਸੂਰਤ ਪੇਂਟਿੰਗ ਬਣਾਉਣ ਬਾਰੇ ਸੋਚੇਗਾ, ਉਹ ਪਹਿਲਾਂ ਕਿਨਾਰੇ ਪਹੁੰਚਣ ਬਾਰੇ ਸੋਚਦਾ ਹੈ — ਫਿਰ ਕਲਾ ਲਈ ਕਾਫ਼ੀ ਸਮਾਂ ਹੋਵੇਗਾ।"

(ਪੰਨਾ 13 ਦਾ ਬਾਕੀ ਹਿੱਸਾ)

ਅਬਾਦੀ ਨਾਲ਼ ਏਕਤਾ ਬਣਾਉਣ ਵਿੱਚ ਰੁਕਾਵਟ ਖੜੀ ਕਰਦੀ ਹੈ। ਆਪਸ ਵਿੱਚ ਲੜਦੇ ਰਹਿਣਾ ਮਜ਼ਦੂਰ ਏਕਤਾ ਨੂੰ ਕਮਜ਼ੋਰ ਬਣਾਉਂਦਾ ਹੈ ਅਤੇ ਉਹਨਾਂ ਦੇ ਅਸਲੀ ਦੁਸ਼ਮਣ ਪੂੰਜੀਪਤੀਆਂ ਅਤੇ ਉਹਨਾਂ ਦੀ ਸੱਤਾ ਨੂੰ ਮਜ਼ਬੂਤ ਬਣਾਉਂਦਾ ਹੈ। ਅਸਲ ਵਿੱਚ ਪੰਜਾਬੀ ਹੋਣ ਜਾਂ ਹੋਰ ਰਾਜਾਂ ਤੋਂ ਇੱਥੇ ਆ ਕੇ ਵਸੇ ਮਜ਼ਦੂਰ ਹੋਣ, ਸਮੱਸਿਆਵਾਂ ਸਭ ਦੀਆਂ ਇੱਕ ਹੀ ਹਨ। ਉਹ ਇੱਕ ਹੀ ਲੁਟੇਰੇ ਪ੍ਰਬੰਧ ਦਾ ਸ਼ਿਕਾਰ ਹਨ, ਜਿਸਦਾ ਇੱਕ ਹੀ ਹਿੱਤ ਹੈ ਕਿ ਮਜ਼ਦੂਰ ਆਪਸ ਵਿੱਚ ਵੈਰ-ਭਾਵ ਬਣਾਈ ਰੱਖਣ ਅਤੇ ਕਦੇ ਉਸਦੇ ਵੱਲ ਨਿਸ਼ਾਨਾ ਨਾ ਸੇਧ ਸਕਣ। ਇਸ ਲਈ ਸਾਰੇ ਮਜ਼ਦੂਰਾਂ ਦਾ ਆਪਸ ਵਿੱਚ ਮੋਢੇ ਨਾਲ਼ ਮੋਢਾ ਮਿਲਾ ਕੇ ਪੂੰਜੀਪਤੀਆਂ ਅਤੇ ਉਹਨਾਂ ਦੀ ਸੱਤਾ ਖਿਲਾਫ਼ ਸੰਘਰਸ਼ ਹੀ ਉਹਨਾਂ ਦੀਆਂ ਸਾਰੀਆਂ ਸਮੱਸਿਆਵਾਂ ਤੋਂ ਮੁਕਤੀ ਦਾ ਰਾਹ ਹੈ।

"ਭਾਰਤ-ਵਰਸ਼ ਦੀ ਇਸ ਵੇਲੇ ਬੜੀ ਤਰਸਯੋਗ ਹਾਲਤ ਹੈ। ਇਕ ਧਰਮ ਦੇ ਪਿਛਲੱਗ-ਦੂਜੇ ਧਰਮ ਦੇ ਜਾਨੀ ਦੁਸ਼ਮਣ ਹਨ। ਹੁਣ ਤਾਂ ਇਕ ਧਰਮ ਦੇ ਹੋਣਾ ਹੀ ਦੂਜੇ ਧਰਮ ਦੇ ਕੱਟੜ ਵੈਰੀ ਹੋਣਾ ਹੈ।..."

—ਸ਼ਹੀਦ ਭਗਤ ਸਿੰਘ

ਡਾ. ਅੰਮ੍ਰਿਤ ਦੀਆਂ ਕਵਿਤਾਵਾਂ

ਸੋਚ

ਜੇ ਤੂੰ ਸੋਚਦੀ ਏਂ ਮੇਰੇ ਬਾਰੇ
ਸੋਚਦੀ ਏਂ ਮੈਂ ਕਿਹੋ ਜਿਹਾ ਹਾਂ
ਸੁਪਨਾ ਨਾ ਲਵੀਂ
ਸੋਚ ਕੇ ਗਮਲੇ ਵਿੱਚ ਲੱਗੇ ਗੁਲਾਬ ਦੇ ਫੁੱਲ ਬਾਰੇ
ਜੋ ਨਿਰਭਰ ਹੈ ਆਪਣੇ ਮਾਲਕ ਤੇ
ਪਾਣੀ ਲਈ, ਖਾਦ ਲਈ
ਜਿਸਦੀ ਖੁਸ਼ਬੂ ਕੈਦ ਰਹੇਗੀ
ਤੇਰੇ ਡਰਾਇੰਗ ਰੂਮ ਦੀਆਂ ਵਲਗਣਾਂ ਵਿੱਚ
ਹਾਂ ਸੋਚ ਸਕਦੀ ਏਂ
ਦੀਵਾਰ ਵਿੱਚ ਉੱਗੇ ਉਸ ਪਿੱਪਲ ਦੇ ਬੂਟੇ ਬਾਰੇ
ਜਿਸ ਨੇ ਸਰਦੀ ਲੰਘੀ ਤੋਂ ਹੁਣੇ ਹੁਣੇ
ਨਵੇਂ ਪੱਤੇ ਕੱਢੇ ਹਨ
ਤੇ
ਉਹ ਇੱਕ ਐਲਾਨ ਕਰਦਾ ਲੱਗਦਾ ਏ
"ਮੈਂ ਇਸ ਦੀਵਾਰ ਨੂੰ ਤੋੜ ਕੇ ਰੱਖ ਦੇਵਾਂਗਾ !"

ਬਦਲਾਅ

ਕਦੇ ਕਦੇ ਜਰੂਰੀ ਹੋ ਜਾਂਦਾ ਹੈ
ਆਸਮਾਨ ਵਿੱਚ ਕਾਲੇ ਗਹਿਰੇ ਬੱਦਲਾਂ ਦਾ ਛਾ ਜਾਣਾ
ਸੂਰਜ ਦਾ ਲੁਕ ਜਾਣਾ
ਤੇ ਮੋਹਲੇਧਾਰ ਮੀਂਹ ਦਾ ਵਰ ਜਾਣਾ
ਕਿਉਂਕਿ
ਇਸ ਬਾਰਿਸ਼ ਤੋਂ ਬਾਅਦ
ਵੇਲਾ ਵਿਹਾ ਚੁੱਕੇ ਪੀਲੇ ਪੈ ਚੁੱਕੇ ਪੱਤੇ ਝੜ ਜਾਂਦੇ ਹਨ
ਨਵਿਆਂ ਲਈ ਜਗਾ ਖਾਲੀ ਕਰ ਜਾਂਦੇ ਹਨ
ਸੂਰਜ ਇਕ ਵਾਰ ਫੇਰ ਚਮਕਦਾ ਹੈ
ਬਾਕੀ ਬਚੇ ਪੱਤਿਆਂ ਨੂੰ ਰੋਸ਼ਨ ਕਰ ਦੇਂਦਾ ਹੈ
ਰੁੱਖ ਨੂੰ ਹੋਰ ਉੱਚਾ ਕਰ ਦੇਣ ਲਈ ਊਰਜਾ ਨਾਲ ਭਰ ਦੇਂਦਾ ਹੈ

ਬਿਲਕੁਲ ਇਸੇ ਤਰਾਂ ਹੀ ਤਾਂ ਹੁੰਦਾ ਹੈ
ਸਾਡੀ ਜਿੰਦਗੀ ਵਿੱਚ
ਤੇ ਮਨੁੱਖੀ ਸਮਾਜ ਵਿੱਚ ਵੀ
ਕੀ ਨਹੀਂ.... ?

ਯਾਦਾਂ

ਯਾਦ ਆਉਂਦੇ ਹਨ
ਬਚਪਨ ਦੇ ਉਹ ਦਿਨ
ਜਦੋਂ ਸਵਾਲ ਘੇਰੀ ਰੱਖਦੇ ਸਨ ਮੈਨੂੰ
ਜਿਵੇਂ ਕਿਸੇ ਰਾਹੀ ਨੂੰ
ਛੇੜੀਆਂ ਹੋਈਆਂ ਡੂੰਮਣੇ ਦੀਆਂ ਮੱਖੀਆਂ
ਯਾਦ ਆਉਂਦੇ ਹਨ ਉਹ ਦਿਨ

ਜਦੋਂ ਚਾਹ ਪੀਣ ਬੈਠੇ
ਦਿਹਾੜੀਆਂ ਦੀਆਂ ਕਹੀਆਂ
ਚੋਰੀ ਚੋਰੀ ਚੁੱਕ ਕੇ ਵੇਖਦਾ ਰਹਿੰਦਾ ਸੀ
ਹੈਰਾਨ ਹੁੰਦਾ ਸੀ
ਕਿਵੇਂ ਆਸਾਨੀ ਨਾਲ ਉਹ ਘੰਟਿਆਂ ਬੱਧੀ
ਇਹਨਾਂ ਨੂੰ ਉੱਪਰ-ਹੇਠਾਂ ਕਰਦੇ ਰਹਿੰਦੇ ਹਨ
ਸਮਝ ਨਹੀਂ ਆਉਂਦਾ ਸੀ
ਕਿ ਕਿਉਂ ਪੀਂਦਾ ਹੈ ਵੀਰ ਸਿਉਂ
ਘੋਲ ਕੇ ਭੁੱਕੀ ਚਾਹ ਵਿੱਚ
ਫਿਰ ਦੇਖਦਾ ਸੀ
ਉਹਨਾਂ ਦੇ ਰੇਤ ਨਾਲ ਮਾਂਜ ਕੇ ਰੱਖੇ
ਵੱਡੇ-ਵੱਡੇ ਕੌਲੇ
ਤੇ ਲੱਭਦਾ ਸੀ ਫਰਕ
ਆਪਣੇ ਘਰ ਦੇ ਭਾਂਡਿਆਂ ਤੇ ਉਹਨਾਂ ਕੌਲਿਆਂ ਵਿੱਚ

ਯਾਦ ਆਉਂਦੇ ਹਨ
ਨਵਜਾਤ ਬੱਚਿਆਂ ਨੂੰ ਗੋਦੀ ਲੈ ਕੇ
ਸਿਟੀਆਂ ਦੇ ਪਚਾਸਿਆਂ ਤੇ ਤੁਰੇ ਫਿਰਦੇ
ਧੁੱਪ ਨਾਲ ਕਾਲੇ ਹੋਏ ਚਿਹਰਿਆਂ ਵਾਲੇ ਬੱਚੇ
ਬਸ ਕਪਾਹ ਦੀ ਕੁੱਝ ਬਚੀ-ਖੁਚੀ ਰਹਿੰਦ-ਖੂੰਹਦ ਲਈ

ਯਾਦ ਆਉਂਦੇ ਹਨ
ਲੋਕਾਂ ਦੀਆਂ ਜੁੱਤੀਆਂ ਦੇ ਢੇਰ ਵਿੱਚ
ਅੱਡੇ ਹੋਏ ਹੱਥ
ਦੋ ਕਿਣਕੇ ਕੜਾਹ ਲਈ
ਜਿਹਨਾਂ ਦੇ ਪਿੱਛੇ ਵਾਲੀ ਕੰਧ ਤੇ ਲਿਖਿਆ ਹੁੰਦਾ ਸੀ
'ਮਾਨਸ ਕੀ ਜਾਤ ਸਭੈ ਇਕੋ ਪਹਿਚਾਨਬੋ'

ਯਾਦ ਆਉਂਦੇ ਹਨ
ਵਿਆਂਦੜ ਜੋੜੇ ਦੀ ਕਾਰ ਤੋਂ ਵਾਰੇ ਹੋਏ
ਚੰਦ ਸਿੱਕੇ ਇਕੱਠੇ ਕਰਨ ਲਈ
ਸ਼ਰਾਬ ਨਾਲ ਪਲੇ ਹੋਏ ਢਿੱਡਾਂ ਦੇ ਪੈਰਾਂ ਚ
ਮਿੱਧੇ ਜਾਂਦੇ ਬਾਲ ਮਨ

ਯਾਦ ਆਉਂਦੇ ਹਨ
ਘਰੜ-ਬਰੜ ਦਾੜੀਆਂ ਵਾਲੇ
ਉਤਰੇ ਹੋਏ ਚੇਹਰੇ
ਘਰ-ਘਰ ਜਾ ਕੇ ਮੰਗਦੇ ਲੱਕੜ ਦੇ ਟੁਕੜੇ
ਆਪਣੇ ਕਿਸੇ ਸੰਬੰਧੀ ਦੀਆਂ
ਆਖ਼ਰੀ ਰਸਮਾਂ ਲਈ
ਯਾਦ ਆਉਂਦੇ ਹਨ
ਦੁਨੀਆਂ ਭਰ ਦੇ ਕੱਪੜਿਆਂ ਲਈ
ਕਪਾਹ ਚੁਗਣ ਵਾਲੇ ਹੱਥ
ਮੰਗਦੇ ਆਪਣੇ ਤਨਾਂ ਲਈ
ਉਤਾਰ ਦੇ ਛਿੱਲੜ

ਯਾਦ ਆਉਂਦਾ ਹੈ
ਜ਼ਿੱਦ ਕਰਨੀ ਡੈਡੀ ਨਾਲ
ਵਿਹੜੇ ਵਿੱਚ ਜਾਣ ਦੀ
ਤੇ ਜਾਂਦੇ ਹੋਏ ਪੁੱਛਣਾ ਡੈਡੀ ਤੋਂ ਢੇਰਾਂ ਸਵਾਲ
ਮਸਲਨ
ਕਿਉਂ ਇਹਨਾਂ ਦੇ ਘਰ ਅਲੱਗ ਹਨ ?
ਕਿਉਂ ਇਹ ਦਿਹਾੜੀ ਕਰਦੇ ਹਨ ?
ਕਿਉਂ ਨਹੀਂ ਉਹਨਾਂ ਕੋਲ ਅਪਣੀ ਜ਼ਮੀਨ ?
ਕਿਉਂ ਗੱਲ ਗੱਲ ਤੇ ਇਹ ਜੋੜਦੇ ਨੇ ਹੱਥ ?

ਬੱਸ ਇਹੋ ਜਿਹੀਆਂ ਹੀ ਹੋਰ ਨੇ
ਯਾਦਾਂ ਮੇਰੇ ਬਚਪਨ ਦੀਆਂ
ਪਤਾ ਨਹੀਂ ਕਿਉਂ
ਆਉਂਦਾ ਨਹੀਂ ਜ਼ਿਕਰ
ਇਸ ਕਿਤਾਬ ਵਿੱਚ
ਰੂੜੀਆਂ ਦਾ, ਨਾ ਹਵੇਲੀਆਂ ਦਾ
ਛੱਪੜਾਂ ਦਾ, ਨਾ ਬੋਹੜਾਂ ਦਾ
ਗਲੀਆਂ ਦੀ ਧੂੜ ਦਾ
ਨਾ ਕਲਿਹਰੀ ਮੋਰਾਂ ਦਾ
ਨਾ ਕਿਸੇ ਗਲਵਕੜੀ ਦਾ
ਨਾ ਕਿਸੇ ਬਾਣੀਏ ਦੀ ਤੱਕੜੀ ਦਾ
ਨਾ ਮੰਦਰ ਦੇ ਕਿਸੇ ਟੱਲ ਦਾ
ਨਾ ਘੁਲਦੇ ਕਿਸੇ ਮੱਲ ਦਾ
ਮੇਰੀਆਂ ਯਾਦਾਂ ਵਿੱਚ ਤਾਂ ਵਸੇਰਾ ਕਰਦੇ ਨੇ
ਜ਼ਿੰਦਗੀ ਲਈ
ਜ਼ਿੰਦਗੀ ਨਾਲ ਲੜਦੇ ਹੋਏ
ਜ਼ਿੰਦਗੀ ਜਿਉਂਦੇ ਇਨਸਾਨ...।

ਸਲੀਬਾਂ

ਟੰਗੀਆਂ ਸਲੀਬਾਂ ਰਾਜਧਾਨੀ ਦਿਆਂ ਰਾਹਾਂ 'ਤੇ।
ਫਿਰੇਂ ਤੂੰ ਕਰਾਉਂਦਾ ਰੰਗ ਚਿੱਟੇ ਦਰਗਾਹਾਂ 'ਤੇ।

ਮਹਿਕ ਆਉਂਦੀ ਪਈ ਡੁੱਲ੍ਹੇ ਹੋਏ ਪੈਟਰੋਲ ਦੀ,
ਪੱਟੀ ਭਾਵੇ ਵਿਛੀ ਏ ਗੁਲਾਬੀ ਸ਼ਾਹਰਾਹਾਂ 'ਤੇ।

ਬਣੇ ਤੂੰ ਮਸੀਹਾ ਰੱਖ ਚੋਲੇ 'ਚ ਕਟਾਰਾਂ ਨੂੰ,
ਲਹੂ ਦੇ ਮਿਟਾ ਲੈ ਦਾਗ ਦਿਖਦੇ ਜੋ ਬਾਹਾਂ ਤੇ।

ਲੱਭਦੀ ਨਾ ਥਾਂ ਕੋਈ ਸਿਰਾਂ ਨੂੰ ਬਚਾਉਣ ਲਈ,
ਫੈਲ ਗਿਆ ਮਾਰੂਥਲ ਪਲ ਕੇ ਕੜ੍ਹਾਹਾਂ ਤੇ।

ਕੀਤੀ ਕਲਾਕਾਰੀ ਕਿਸੇ ਧਰਤੀ ਦੀ ਹਿੱਕ ਤੇ,
ਫੱਟਾ ਲੋਕਰਾਜ ਵਾਲ਼ਾ ਲਾ ਕਤਲਗਾਹਾਂ ਤੇ।

✡ ✡ ✡

ਬੱਚੇ

—ਇੰਦਰਜੀਤ ਕੌਰ

ਕੁਦਰਤ ਦਾ ਸਭ ਤੋਂ ਖ਼ੂਬਸੂਰਤ ਤੋਹਫਾ ਹੁੰਦੇ ਹਨ ਬੱਚੇ
ਜ਼ਿੰਦਗੀ ਦੀ ਕੀਮਤੀ ਮੁਰਾਦ ਹੁੰਦੇ ਹਨ ਬੱਚੇ
ਮਾਸੂਮੀਅਤ ਸੱਚਾਈ ਭੋਲੇਪਣ ਤੇ ਪਿਆਰ ਦੀ
ਜਿਉਂਦੀ ਜਾਗਦੀ ਮਿਸਾਲ ਹੁੰਦੇ ਹਨ ਬੱਚੇ
ਪਰ, ਇੱਕ ਸੱਚ ਇਹ ਵੀ ਹੈ
ਕਿ ਇਹਨਾਂ ਵਿੱਚੋਂ ਬਹੁਤਿਆਂ ਮਾਸੂਮਾਂ ਨੂੰ
ਮਾਂ ਦੇ ਪਿਆਰ ਦਾ ਨਿੱਘ ਨਹੀਂ ਮਿਲਦਾ
ਪਿਓ ਦੇ ਦੁਲਾਰ ਦੀ ਛਾਂ ਨਸੀਬ ਨਹੀਂ ਹੁੰਦੀ
ਜਿਹਨਾਂ ਦਾ ਬਚਪਨ ਤੇ ਬਚਪਨ ਦੀਆਂ ਖੇਡਾਂ
ਮਿੱਟੀ, ਬਜ਼ਰੀ, ਸਮਿੰਟ ਤੇ ਰੇਤੇ ਵਿੱਚ ਹੀ
ਰੁਲ ਜਾਂਦੀਆਂ ਹਨ
ਜਿਹਨਾਂ ਦੇ ਸੁਪਨੇ ਤੇ ਸੁਪਨਿਆਂ ਵਿਚਲੀ ਦੁਨੀਆਂ
ਭੁੱਖ ਤੇ ਤੰਗੀ ਦੀ ਅਸਲੀਅਤ ਅੱਗੇ
ਦਮ ਤੋੜ ਦਿੰਦੇ ਹਨ
ਜੋ ਸਿਰਫ਼ ਢਿੱਡ ਪਾਲਦੇ ਪਾਲਦੇ ਹੀ ਅੱਧੀ ਉਮਰ ਹੰਢਾ
ਸਦਾ ਸਦਾ ਲਈ ਮੁਰਝਾ ਜਾਂਦੇ ਹਨ
ਜਿਨ੍ਹਾਂ ਦਾ ਇਸ ਦੁਨੀਆਂ ਤੇ ਆਉਣਾ
ਤੇ ਆ ਕੇ ਚਲੇ ਜਾਣਾ
ਕਿਸੇ ਗਿਣਤੀ ਵਿੱਚ ਨਹੀਂ ਆਉਂਦਾ
ਉਹ ਵੀ ਤਾਂ ਓਸੇ ਕੁਦਰਤ ਦਾ ਤੋਹਫਾ ਹਨ
ਫਿਰ ਉਹ ਖ਼ੂਬਸੂਰਤ ਕਿਉਂ ਨਹੀਂ ?
ਉਹ ਵੀ ਤਾਂ ਜ਼ਿੰਦਗੀ ਦੀ ਮੁਰਾਦ ਹੀ ਹਨ
ਫਿਰ ਉਹ ਕੀਮਤੀ ਕਿਉਂ ਨਹੀਂ ?
ਆਖ਼ਰ ਕਿਉਂ ?
ਕਿਉਂ ਰੁਲ ਰਿਹੈ ?
ਉਨ੍ਹਾਂ ਦੇ ਹਿੱਸੇ ਦਾ ਬਚਪਨ
ਉਨ੍ਹਾਂ ਦੇ ਹਿੱਸੇ ਦਾ ਪਿਆਰ
ਉਨ੍ਹਾਂ ਦੇ ਹਿੱਸੇ ਦੀਆਂ ਖੇਡਾਂ
ਉਨ੍ਹਾਂ ਦੀ ਮਾਸੂਮੀਅਤ, ਭੋਲਾਪਣ
ਤੇ ਉਨ੍ਹਾਂ ਦੇ ਹਿੱਸੇ ਦਾ ਸੰਸਾਰ..... ?

ਸੋਚ

ਅਸੀਂ ਸੋਚਦੇ ਹਾਂ
ਤੇ ਥੱਕ ਜਾਂਦੇ ਹਾਂ
ਇਹ ਥਕਾਵਟ ਸਾਡੀ ਸੋਚ ਦੀ ਥਕਾਵਟ ਹੈ
ਸਾਡੇ ਦਿਮਾਗ ਦੀ ਥਕਾਵਟ ਹੈ
ਜੋ ਸਾਡੇ ਸੁਪਨਿਆਂ, ਖਾਹਿਸ਼ਾਂ, ਉਮੀਦਾਂ
ਨੂੰ ਥਕਾ ਦਿੰਦੀ ਹੈ
ਇਹ ਬੈਠਿਆਂ ਵੀ ਨਹੀਂ ਲੱਥਦੀ
ਤੇ ਸੁੱਤਿਆਂ ਵੀ ਨਹੀਂ
ਇਹ ਤਾਂ ਸਦਾ ਲਈ ਸੁਲਾ ਕੇ ਹੀ ਲੱਥਦੀ ਹੈ।
ਹਥਿਆਰਾਂ ਨਾਲ਼ ਲੈਸ
ਕਿਸੇ ਦੁਸ਼ਮਣ ਨੂੰ ਹਰਾਇਆ ਜਾ ਸਕਦੈ
ਪਰ, ਇਸ ਨੂੰ ਜਿੱਤਣਾ ਔਖਾ ਹੈ
ਇਹ ਬਾਹਰੋਂ ਨਹੀਂ ਅੰਦਰੋਂ ਵਾਰ ਕਰਦੀ ਹੈ
ਸਾਹਮਣਿਓਂ ਨਹੀਂ ਪਿੱਛਿਓਂ ਵਾਰ ਕਰਦੀ ਹੈ
ਤੇ ਅਸੀਂ ਕੁੱਝ ਕਰਨ ਤੋਂ ਪਹਿਲੋਂ ਹੀ
ਥੱਕ ਜਾਂਦੇ ਹਾਂ
ਹੱਡ ਤੋੜ ਮਿਹਨਤ ਵੀ ਸਾਨੂੰ ਨਹੀਂ ਥਕਾ ਸਕਦੀ
ਜੇਕਰ ਸਾਡੀ ਸੋਚ ਵਿੱਚ ਤਾਜ਼ਗੀ ਹੋਵੇ
ਪਰ, ਅਕਸਰ ਕੁੱਝ ਕੀਤੇ ਬਗੈਰ ਹੀ
ਅਸੀਂ ਬਸ ਸੋਚਦੇ ਹਾਂ
ਤੇ ਥੱਕ ਜਾਂਦੇ ਹਾਂ।

✡ ✡ ✡

(ਪੰਨਾ 2 ਦਾ ਬਾਕੀ ਹਿੱਸਾ)

ਵਿੱਚ ਲਗਾਤਾਰ ਕਟੌਤੀ ਕਰ ਰਹੀ ਹੈ। ਇਸ ਮਹਿੰਗਾਈ ਨੇ ਇਹ ਵੀ ਸਾਫ਼ ਕਰ ਦਿੱਤਾ ਹੈ ਕਿ ਜਨਤਾ ਦੀ ਅਨਾਜ ਸੁਰੱਖਿਆ ਦੀ ਗਰੰਟੀ ਕਰਨਾ ਸਰਕਾਰ ਹੁਣ ਆਪਣੀ ਜ਼ਿੰਮੇਵਾਰੀ ਮੰਨਦੀ ਹੀ ਨਹੀਂ ਹੈ। ਲੋਕਾਂ ਨੂੰ ਬਾਜ਼ਾਰ ਦੀਆਂ ਅੰਨੀਆਂ ਸ਼ਕਤੀਆਂ ਅੱਗੇ ਛੱਡ ਦਿੱਤਾ ਗਿਆ ਹੈ। ਯਾਨੀ, ਜੇਕਰ ਤੁਸੀਂ ਆਪਣੀ ਮਿਹਨਤ, ਆਪਣਾ ਹੁਨਰ, ਆਪਣਾ ਸਰੀਰ ਜਾਂ ਆਪਣੀ ਆਤਮਾ ਵੇਚ ਕੇ ਮੰਡੀ ਤੋਂ ਭੋਜਨ ਖਰੀਦਣ ਜੋਗੇ ਪੈਸੇ ਕਮਾ ਸਕਦੇ ਹੋ, ਤਾਂ ਖਾਓ, ਨਹੀਂ ਤਾਂ ਭੁੱਖੇ ਮਰੋ!

ਜਿਵੇਂ ਕਿ ਕੁੱਝ ਵਿਸ਼ਲੇਸ਼ਕ ਕਹਿ ਰਹੇ ਹਨ, ਲਗਾਤਾਰ ਜਾਰੀ ਇਹ ਮਹਿੰਗਾਈ ਇੱਕ ਵੱਡੇ ਖਤਰੇ ਦੀ ਘੰਟੀ ਹੋ ਸਕਦੀ ਹੈ। ਅਰਥਚਾਰੇ ਤੇ ਆਉਣ ਵਾਲੇ ਹਰ ਵੱਡੇ ਸੰਕਟ ਦੀ ਮਾਰ ਆਖਰਕਾਰ ਗਰੀਬਾਂ 'ਤੇ ਹੀ ਪੈਂਦੀ ਹੈ। ਪਰ ਦੇਸ਼ ਦੀ ਗਰੀਬ ਜਨਤਾ ਚੁੱਪਚਾਪ ਇਸ ਸੰਕਟ ਨੂੰ ਬਰਦਾਸ਼ਤ ਨਹੀਂ ਕਰਦੀ ਰਹੇਗੀ। ਕਿਰਤੀਆਂ ਦੀ ਵੱਡੀ ਆਬਾਦੀ ਵਿੱਚ ਸੁਲਘਦਾ ਅਸੰਤੋਸ਼ ਜਗ੍ਹਾ ਜਗ੍ਹਾ ਫੁੱਟ ਰਿਹਾ ਹੈ, ਦੇਸ਼ ਦੇ ਹੁਕਮਰਾਨ ਮਹਿੰਗਾਈ ਤੇ ਕਾਬੂ ਪਾਉਣ ਲਈ ਭਲੇ ਹੀ ਕੁੱਝ ਨਾ ਕਰ ਰਹੇ ਹੋਣ, ਗਰੀਬਾਂ ਦੇ ਸੰਭਾਵਿਤ ਵਿਸਫੋਟਾਂ ਨੂੰ ਰੋਕਣ ਲਈ ਉਹ ਆਪਣੇ ਜਬਰ ਢਾਂਚੇ ਨੂੰ ਤਿਆਰ ਕਰਨ ਵਿੱਚ ਰੁੱਝ ਗਏ ਹਨ। ਕਿਰਤੀਆਂ ਨੂੰ ਵੀ ਇਸ ਲੁਟੇਰੀ ਅਤੇ ਗਰੀਬਾਂ ਦੀ ਦੁਸ਼ਮਣ ਹਕੂਮਤ ਨਾਲ਼ ਲੜਨ ਲਈ ਜਥੇਬੰਦ ਅਤੇ ਜੁਝਾਰੂ ਸੰਘਰਸ਼ ਦੀ ਤਿਆਰੀ ਵਿੱਚ ਲਗ ਜਾਣਾ ਹੋਵੇਗਾ।

ਜਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਸਨੂੰ ਲਾਜ਼ਮੀ ਤੌਰ ਉੱਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿੱਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ ਅਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ, ਪ੍ਰਚੱਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ।

—ਸ਼ਹੀਦ-ਏ-ਆਜ਼ਮ ਭਗਤ ਸਿੰਘ

ਨੌਜਵਾਨ ਭਾਰਤ ਸਭਾ ਵੱਲੋਂ ਪੱਖੋਵਾਲ ਵਿਖੇ ਚੌਥਾ ਸਫ਼ਲ 'ਬਾਲ ਮੇਲਾ'

ਹੋ ਸਕਦਾ ਹੈ ਅਜਿਹੇ ਵੀ ਬੱਚੇ ਹੋਣ ਜਿਨ੍ਹਾਂ ਨੇ,
ਅਜੇ ਆਦਮੀ ਦਾ ਮਾਸ ਨਾ ਖਾਧਾ ਹੋਵੇ
ਇਹਨਾਂ ਬੱਚਿਆਂ ਨੂੰ ਬਚਾਓ !....
— ਲੂ-ਸ਼ੁਨ

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹੀਦ ਭਗਤ ਸਿੰਘ (ਜਨਮ 28 ਸਤੰਬਰ 1907) ਦੀ ਯਾਦ ਵਿੱਚ ਪਿੰਡ ਪੱਖੋਵਾਲ (ਲੁਧਿ.) ਵਿਖੇ ਬੱਚਿਆਂ ਦਾ ਸੱਭਿਆਚਾਰਕ ਪ੍ਰੋਗਰਾਮ 'ਬਾਲ ਮੇਲਾ' ਕਰਵਾਇਆ ਗਿਆ।

8 ਤੇ 9 ਅਕਤੂਬਰ 09 ਨੂੰ ਕਰਵਾਇਆ ਗਿਆ ਇਹ ਚੌਥਾ **'ਬਾਲ ਮੇਲਾ'**, ਸ਼ਹੀਦ ਭਗਤ ਸਿੰਘ, ਸੁਖਦੇਵ, ਰਾਜਗੁਰੂ, ਚੰਦਰਸ਼ੇਖਰ ਆਜ਼ਾਦ ਵਾਂਗ ਹਜ਼ਾਰਾਂ ਇਨਕਲਾਬੀਆਂ ਦੀ ਯਾਦ ਨੂੰ ਤਾਜ਼ਾ ਕਰਨ ਤੇ ਉਹਨਾਂ ਦੇ ਵਿਚਾਰਾਂ ਤੋਂ ਨਵੀਂ ਪੀੜ੍ਹੀ ਨੂੰ ਜਾਣੂੰ ਕਰਵਾਉਣ ਦਾ ਉਪਰਾਲਾ ਸੀ।

ਦੋ ਦਿਨਾਂ ਦੇ ਇਸ ਮੇਲੇ ਵਿੱਚ ਵੱਖ-ਵੱਖ ਮੁਕਾਬਲੇ, ਭਾਸ਼ਣ ਅਤੇ ਲੇਖ ਰਚਨਾ ਪਹਿਲੇ ਦਿਨ, ਕਵਿਤਾ ਅਤੇ ਡਰਾਇੰਗ ਦੂਸਰੇ ਦਿਨ ਕਰਵਾਏ ਗਏ। ਵਿਦਿਆਰਥੀਆਂ ਦੇ ਪੱਧਰ ਨੂੰ ਧਿਆਨ 'ਚ ਰੱਖਦਿਆਂ ਮੁਕਾਬਲਿਆਂ ਨੂੰ ਤਿੰਨ ਸੈਕਸ਼ਨਾਂ ਵਿੱਚ ਪ੍ਰਾਇਮਰੀ (1 ਤੋਂ 5ਵੀਂ), ਮਿਡਲ (6ਵੀਂ ਤੋਂ 8ਵੀਂ), ਸੈਕੰਡਰੀ (9ਵੀਂ ਤੋਂ 12ਵੀਂ) ਵੰਡਿਆ ਗਿਆ।

ਲੁਧਿਆਣਾ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਦੇ 44 ਸਕੂਲਾਂ ਦੇ 198 ਬੱਚਿਆਂ, ਜਿਸ 'ਚ ਪ੍ਰਾਇਮਰੀ ਦੇ 70, ਮਿਡਲ ਦੇ 78 ਤੇ ਸੈਕੰਡਰੀ ਦੇ 50 ਵਿਦਿਆਰਥੀਆਂ ਨੇ ਮੁਕਾਬਲਿਆਂ ਵਿੱਚ ਭਾਗ ਲਿਆ।

ਮੁਕਾਬਲਿਆਂ ਲਈ ਰੱਖੇ ਗਏ ਵਿਸ਼ਿਆਂ 'ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ', 'ਸੁਖਦੇਵ, ਰਾਜਗੁਰੂ, ਚੰਦਰਸ਼ੇਖਰ ਆਜ਼ਾਦ, ਭਗਤ ਸਿੰਘ ਦਾ ਜੀਵਨ', 'ਫਿਲਮਾਂ ਅਤੇ ਪੋਸਟਰਾਂ ਵਿੱਚ ਭਗਤ ਸਿੰਘ', 'ਸ਼ਹੀਦ ਭਗਤ ਸਿੰਘ ਤੇ ਅੱਜ ਦਾ ਸਮਾਂ', 'ਤੇ ਵਿਦਿਆਰਥੀਆਂ ਨੇ ਆਪਣੇ ਵਿਚਾਰ ਰੱਖੇ। ਕਾਵਿ ਉਚਾਰਨ ਮੁਕਾਬਲਿਆਂ ਵਿੱਚ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੇ ਜੀਵਨ ਨਾਲ਼ ਸਬੰਧਤ ਕਵਿਤਾਵਾਂ ਨੂੰ ਵੀ ਸਰੋਤਿਆਂ ਨੇ ਖੂਬ ਮਾਣਿਆ।

ਜਿੱਥੇ ਬੱਚਿਆਂ ਨੇ ਭਾਸ਼ਣਾਂ ਅਤੇ ਕਵਿਤਾਵਾਂ ਰਾਹੀਂ ਭਗਤ ਸਿੰਘ ਤੇ ਹੋਰਨਾਂ ਇਨਕਲਾਬੀਆਂ ਦੀ ਸੋਚ ਤੇ ਅੱਜ ਦੇ ਸਮੇਂ ਵਿੱਚ ਓਹਨਾਂ ਦੀ ਸਾਰਥਕਤਾ ਬਾਰੇ ਸੰਬੋਧਨ ਕੀਤਾ, ਉੱਥੇ ਲੇਖਾਂ ਅਤੇ ਚਿੱਤਰਕਲਾਂ ਰਾਹੀਂ ਵੀ ਬੱਚਿਆਂ ਨੇ ਆਪਣੀ ਗੌਰਵਮਈ ਵਿਰਾਸਤ ਦਾ ਬਾਖੂਬੀ ਨਜ਼ਾਰਾ ਪੇਸ਼ ਕੀਤਾ।

ਮੁਕਾਬਲਿਆਂ ਦੀ ਜੱਜਮੈਂਟ ਕਰਨ ਵਾਲ਼ੇ ਜੱਜ ਸ਼ਿਵਇੰਦਰ, ਗੁਰਲੀਨ ਕੌਰ, ਜਸਵੰਤ ਜ਼ਫਰ, ਮਾਸਟਰ ਭਜਨ, ਜਸਬੀਰ, ਸ਼ਮਸ਼ੇਰ ਨੂਰਪੁਰੀ, ਕੁਲਵਿੰਦਰ ਆਦਮਪੁਰੀ ਅਤੇ ਲਖਵਿੰਦਰ ਰਹੇ।

ਮੁਕਾਬਲਿਆਂ ਵਿੱਚ ਭਾਗ ਲੈਣ ਵਾਲ਼ੇ ਵਿਦਿਆਰਥੀਆਂ ਨੂੰ ਇਨਾਮ ਵਿੱਚ ਕਿਤਾਬਾਂ ਤੇ ਪੋਰਟ੍ਰੇਟ ਦਿੱਤੇ ਗਏ। 'ਲੋਕਾਂ ਨੂੰ ਧਰਤੀ ਦੀ ਸ਼ਕਲ ਦਾ ਕਿਵੇਂ ਪਤਾ ਲੱਗਾ', 'ਟੈਲੀਸਕੋਪ ਦੀ ਗੱਲ', 'ਸੋਨੇ ਦਾ ਪਿਆਲਾ', 'ਬਹਾਦਰ', 'ਹਿਰਨੋਟਾ', 'ਲੂੰਬੜ ਦਾ ਬਿਗਲ', 'ਜੰਗਲੀ ਘਰ', 'ਲੋਣ ਕਾਢ ਦੀ ਮਾਂ', 'ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ' ਅਤੇ ਅਨੇਕਾਂ ਹੋਰ ਕਿਤਾਬਾਂ ਬੱਚਿਆਂ ਨੂੰ ਇਨਾਮ ਵਜੋਂ ਦਿੱਤੀਆਂ ਗਈਆਂ। ਬਾਲ ਮੇਲੇ ਵਿੱਚ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲ਼ੇ ਵਿਦਿਆਰਥੀਆਂ ਤੋਂ ਇਲਾਵਾ ਬੱਚਿਆਂ ਨੇ 'ਗੈਸਟ ਆਈਟਮ' ਵੀ ਪੇਸ਼ ਕੀਤੇ।

ਮੇਲੇ ਦੀਆਂ ਤਿਆਰੀਆਂ ਦੌਰਾਨ, **ਨੌਭਾਸ** ਇਕਾਈ ਪੱਖੋਵਾਲ ਦੁਆਰਾ ਆਲ਼ੇ ਦੁਆਲੇ ਦੇ ਪਿੰਡਾਂ ਤੇ ਸ਼ਹਿਰਾਂ ਦੇ ਲਗਭਗ 130 ਸਕੂਲਾਂ ਵਿੱਚ ਸੱਦੇ ਲਗਾਏ ਅਤੇ ਪਿੰਡਾਂ ਵਿੱਚ ਜਾ ਕੇ ਫੰਡ ਜੁਟਾਇਆ। ਨੌਜਵਾਨਾਂ ਅਤੇ ਪਿੰਡ ਵਾਸੀਆਂ ਨੇ ਮੇਲੇ ਲਈ ਭਰਪੂਰ ਸਹਿਯੋਗ ਤਾਂ ਕੀਤਾ ਹੀ ਤੇ ਭਾਰੀ ਗਿਣਤੀ ਵਿੱਚ ਪਹੁੰਚ ਕੇ ਮੇਲੇ ਨੂੰ ਹੁੰਗਾਰਾ ਵੀ ਦਿੱਤਾ। ਮੰਚ ਸੰਚਾਲਣ ਦਾ ਕੰਮ ਸਾਥੀ ਜ਼ਮੀਰ ਨੇ ਬਾਖੂਬੀ ਨਿਭਾਇਆ

ਨੌਭਾਸ ਦੇ ਕਨਵੀਨਰ ਪਰਮਿੰਦਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਜਦੋਂ ਚਾਰੇ ਪਾਸੇ ਗੰਦੇ ਸੱਭਿਆਚਾਰ, ਲੱਚਰ ਗੀਤਾਂ, ਫਿਲਮਾਂ ਰਾਹੀਂ ਨੌਜਵਾਨ ਪੀੜ੍ਹੀ ਦੀ ਸੋਚ 'ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ, ਤਾਂ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਅਸੀਂ ਇਸ ਪੀੜ੍ਹੀ ਨੂੰ ਆਪਣੀ ਉਸ ਵਿਰਾਸਤ ਨਾਲ਼ ਜੋੜੀਏ। ਵੀਡੀਓ ਗੇਮਾਂ ਤੇ ਕਾਮਿਕਸ ਬੱਚਿਆਂ ਦੇ ਦਿਮਾਗੀ ਵਿਕਾਸ ਵਿੱਚ ਰੁਕਾਵਟ ਬਣਦੀਆਂ ਹਨ ਤੇ ਟੀ. ਵੀ. ਰਾਹੀਂ ਭੂਤਾਂ-ਪ੍ਰੇਤਾਂ ਤੇ ਵਹਿਮਾਂ ਦੇ ਕੂੜੇ-ਕਚਰੇ ਨੂੰ ਦੇਖ ਕੇ ਬੱਚੇ ਮਨਾਂ ਵਿੱਚ ਇੱਕ ਕਾਲਪਨਿਕ ਸੰਸਾਰ ਵਸਾ ਲੈਂਦੇ ਹਨ, ਜਿਸ ਦਾ ਬੋਝ ਫਿਰ ਸਾਰੀ ਉਮਰ ਹੰਢਾਉਂਦੇ ਹਨ। ਤੇ ਮੌਜੂਦਾ ਸਮੇਂ ਦੀ ਪੜ੍ਹਾਈ ਵੀ ਜੋ ਸਕੂਲਾਂ ਵਿੱਚ ਚੱਲ ਰਹੀ ਹੈ, ਵਿਹਾਰਕ ਜ਼ਿੰਦਗੀ ਤੋਂ ਬਿਲਕੁੱਲ ਨਿੱਖੜੀ ਹੋਈ ਹੈ, ਜਿਸ ਦੇ ਕਾਰਨ ਬੱਚਿਆਂ ਦਾ ਸਰਵਪੱਖੀ ਵਿਕਾਸ ਨਹੀਂ ਹੋ ਸਕਦਾ।

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹਾਦਤ ਦਿਵਸ 'ਤੇ ਵਿਚਾਰ ਗੋਸ਼ਟੀ

15 ਨਵੰਬਰ ਨੂੰ ਪਿੰਡ ਪੱਖੋਵਾਲ ਵਿਖੇ ਨੌਜਵਾਨ ਭਾਰਤ ਸਭਾ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹਾਦਤ ਦਿਵਸ 'ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਗੋਸ਼ਟੀ ਦਾ ਵਿਸ਼ਾ 'ਗਦਰ ਲਹਿਰ ਦਾ ਇਨਕਲਾਬੀ ਵਿਰਸਾ' ਸੀ। ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ (16 ਨਵੰਬਰ) ਨੂੰ ਸਮਰਪਿਤ ਇਸ ਗੋਸ਼ਟੀ ਵਿੱਚ ਪਿੰਡ ਵਾਲਿਆਂ ਅਤੇ ਆਸ ਪਾਸ ਦੇ ਇਲਾਕੇ ਦੇ ਨੌਜਵਾਨਾਂ ਨੇ ਸ਼ਾਮੂਲੀਅਤ ਕੀਤੀ।

ਗੋਸ਼ਟੀ ਦੇ ਮੁੱਖ ਬੁਲਾਰੇ ਵਜੋਂ ਪਹੁੰਚੇ ਸਾਥੀ ਸੁਖਵਿੰਦਰ ਨੇ ਰੱਖੇ ਵਿਸ਼ੇ 'ਗਦਰ ਲਹਿਰ ਦਾ ਇਨਕਲਾਬੀ ਵਿਰਸਾ' 'ਤੇ ਤੱਥਾਂ

ਸਹਿਤ ਮਹੱਤਵਪੂਰਨ ਜਾਣਕਾਰੀ ਦਿੱਤੀ। ਉਹਨਾਂ ਦੱਸਿਆਂ ਕਿ ਗਦਰ ਪਾਰਟੀ ਭਾਰਤ ਦੀ ਪਹਿਲੀ ਧਰਮ ਨਿਰਪੱਖ ਪਾਰਟੀ ਸੀ, ਜਿਹੜੀ ਜਾਤਾਂ ਧਰਮਾਂ ਤੋਂ ਉਪਰ ਉੱਠ ਕੇ ਇਨਸਾਨੀਅਤ ਤੇ ਆਜ਼ਾਦੀ ਦੀ ਗੱਲ ਕਰਦੀ ਸੀ। ਦੂਸਰੀ ਵੱਡੀ ਗੱਲ ਪਾਰਟੀ ਕੋਲ਼ ਆਉਣ ਵਾਲ਼ੇ ਸਮਾਜ ਦਾ ਇੱਕ ਸਪਸ਼ਟ ਪ੍ਰੋਗਰਾਮ ਸੀ। ਭਾਵੇਂ ਕਿ ਉਹ ਅਮਰੀਕਾ ਵਾਂਗ ਗਣਤੰਤਰ ਬਣਾਉਣ ਦਾ ਸੁਪਨਾ ਸੀ ਪਰ ਉਸ ਸਮੇਂ ਦਾ ਉਹ ਬੇਹੱਦ ਪ੍ਰਗਤੀਸ਼ੀਲ ਕੰਮ ਸੀ। 'ਕਿਰਤੀ' ਅਖ਼ਬਾਰ ਦਾ 1926 ਵਿੱਚ ਸ਼ੁਰੂ ਕੀਤੇ ਜਾਣਾ, ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੀ ਇੱਕ ਮਹੱਤਵਪੂਰਨ ਘਟਨਾ ਸੀ।

ਉਹਨਾਂ ਕਿਹਾ ਪਾਰਟੀ ਦੀ ਵੱਡੀ ਕਮਜ਼ੋਰੀ ਰਹੀ ਕਿ ਉਹਨਾਂ ਨੇ ਪਾਰਟੀ ਦੇ ਗੁਪਤ ਢਾਂਚੇ ਦੀ ਉਸਾਰੀ ਵੱਲ ਕੋਈ ਖਾਸ ਧਿਆਨ ਨਾ ਦਿੱਤਾ ਜਿਸ ਦੇ ਚਲਦਿਆਂ ਅੰਗਰੇਜ਼ ਸਰਕਾਰ ਨੂੰ ਪਾਰਟੀ ਵਿੱਚ ਘੁਸਪੈਠ ਤੇ ਤਬਾਹ ਕਰਨ ਦਾ ਭਰਪੂਰ ਮੌਕਾ ਮਿਲਿਆ। ਦੂਸਰਾ ਪਾਰਟੀ ਨੇ ਉਸ ਵੇਲੇ ਦੀਆਂ ਬੁਨਿਆਦੀ ਜਮਾਤਾਂ ਜਿਵੇਂ ਕਿ ਮਜ਼ਦੂਰਾਂ ਤੇ ਕਿਸਾਨਾਂ ਵਿੱਚ ਕੰਮ ਨਾ ਕਰ ਕੇ ਜ਼ਿਆਦਾ ਟੇਕ ਫੌਜ 'ਤੇ ਰੱਖੀ। ਉਹਨਾਂ ਦੱਸਿਆ ਕਿ ਕਿਸੇ ਵੀ ਇਨਕਲਾਬੀ ਲਈ ਮੂਲ ਗੱਲ ਸਪਿਰਟ ਭਾਵ ਜਜ਼ਬੇ ਦੀ ਹੁੰਦੀ ਹੈ ਤੇ ਗਦਰੀਆਂ ਵਿੱਚ ਇਹ ਭਾਵਨਾ ਮੁਕੰਮਲ ਰੂਪ ਵਿੱਚ ਸੀ। ਲੁੱਟ, ਅਨਿਆ ਖਿਲਾਫ਼ ਹਮੇਸ਼ਾ ਬਗਾਵਤਾਂ ਹੁੰਦੀਆਂ ਰਹੀਆਂ ਹਨ ਤੇ ਅੱਜ ਦੇ ਮੌਜੂਦਾ ਦੌਰ ਵਿੱਚ ਨੌਜਵਾਨਾਂ ਨੂੰ ਉਹਨਾਂ ਇਨਕਲਾਬੀਆਂ ਦੇ ਜੀਵਨ ਤੋਂ ਪ੍ਰੇਰਨਾ ਲੈਂਦਿਆਂ ਅੱਜ ਦੇ ਲੁੱਟ, ਅੱਤਿਆਚਾਰ ਤੇ ਬਰਬਰ ਸਮਾਜ ਨੂੰ ਬਦਲਣ ਲਈ ਤੇ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣਾ ਚਾਹੀਦਾ ਹੈ।

ਬੱਸੀਆਂ ਪ੍ਰਾਈਵੇਟ ਸਕੂਲ ਅਧਿਆਪਕਾਂ ਦੁਆਰਾ ਆਪਣੀਆਂ ਮੰਗਾਂ ਲੈ ਕੇ ਸੰਘਰਸ਼ ਸ਼ੁਰੂ

ਪੰਜਾਬ ਵਿੱਚ ਇਸ ਸਮੇਂ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਗਿਣਤੀ ਲਗਭਗ ਢਾਈ ਲੱਖ ਹੈ। ਤੇ ਇਹਨਾਂ ਦੀ ਤਨਖਾਹ 1800 ਰੁ. ਪ੍ਰਤੀ ਮਹੀਨੇ ਤੋਂ ਸ਼ੁਰੂ ਹੁੰਦੀ ਹੈ ਤੇ 4000-4500 'ਤੇ ਖਤਮ, ਕਿਸੇ ਟਾਵੇਂ ਟਾਵੇ ਨੂੰ 5000। ਅਧਿਆਪਕਾਂ ਨੂੰ ਲਗਭਗ ਸਾਢੇ ਸੱਤ ਘੰਟੇ ਪੜ੍ਹਾਉਣਾ ਪੈਂਦਾ ਹੈ ਤੇ ਕੁੱਝ ਇੱਕ ਸਕੂਲਾਂ ਵਿੱਚ ਤਾਂ ਅਧਿਆਪਕਾਂ ਦੇ ਆਪਸ ਵਿੱਚ ਗੱਲ ਕਰਨ ਦੀ ਵੀ ਮਨਾਹੀ ਹੈ। ਤੇ ਭਾਵੇਂ ਸਰਕਾਰ ਨੇ ਪ੍ਰਾਈਵੇਟ ਸਕੂਲਾਂ ਲਈ ਮੁੱਢਲੇ ਗਰੇਡ ਲਾਗੂ ਕਰਨ ਦੇ ਕਾਨੂੰਨ ਬਣਾਏ ਹਨ, ਪਰ ਪ੍ਰਾਈਵੇਟ ਸਕੂਲਾਂ ਦੇ ਮਾਲਕ ਇਹਨਾਂ ਕਾਨੂੰਨ ਨੋਟਿਸਾਂ ਨੂੰ ਆਪਣੀ ਰੱਦੀ ਦੀ ਟੋਕਰੀ ਪਏ ਕਾਗਜ਼ ਦੇ ਬਰਾਬਰ ਦੀ ਮਾਨਤਾ ਦਿੰਦੇ ਹਨ।

ਅਜਿਹਾ ਹੀ ਕੁੱਝ ਪਿਛਲੇ ਦਿਨੀ ਪਿੰਡ ਬਸੀਆਂ (ਨੇੜੇ ਰਾਏਕੋਟ) ਜ਼ਿਲ੍ਹਾ ਲੁਧਿਆਣਾ ਦੇ ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਅਧਿਆਪਕਾਂ ਦੀ ਕੀਤੀ ਕੁੱਟ ਮਾਰ ਅਤੇ ਬੇਇਜ਼ਤੀ ਦਾ ਮਾਮਲਾ ਸਾਹਮਣੇ ਆਇਆ। ਘਟਨਾ 4 ਨਵੰਬਰ ਨੂੰ ਵਾਪਰੀ। ਸਕੂਲ ਦੇ ਅਧਿਆਪਕ ਪਿਛਲੇ ਲੰਮੇਂ ਸਮੇਂ ਤੋਂ ਸਕੂਲ ਦੀ ਮੈਨੇਜ਼ਮੈਂਟ ਕਮੇਟੀ ਅੱਗੇ ਉਹਨਾਂ ਦੀ ਬਣਦੀ ਮੁੱਢਲੀ ਤਨਖਾਹ ਦਿੱਤੇ ਜਾਣ ਦੀ ਮੰਗ ਕਰ ਰਹੇ ਸੀ।

ਜ਼ਿਕਰਯੋਗ ਹੈ ਕਿ ਸਕੂਲ ਵਿੱਚ 1392 ਬੱਚੇ ਤੇ 50 ਅਧਿਆਪਕ ਹਨ ਤੇ ਸਕੂਲ ਦੀ ਮਾਸਿਕ ਆਮਦਨ ਲੱਖਾਂ 'ਚ ਹੈ। ਪਰ ਇਸ ਸਭ ਦੇ ਬਾਵਜੂਦ ਮੈਨੇਜਮੈਂਟ ਨੇ ਅਧਿਆਪਕਾਂ ਦੀ ਇੱਕ ਨਾ ਸੁਣੀ। ਪਿਛਲੇ ਸਾਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪ੍ਰਾਈਵੇਟ ਸਕੂਲਾਂ ਨੂੰ ਗਰੇਡ ਲਾਗੂ ਕਰਨ ਸਬੰਧੀ ਨੋਟਿਸ ਜਾਰੀ ਕੀਤੇ ਤੇ ਇਸ ਸਾਲ ਅਮਲੀ ਜਾਮਾ ਪਹਿਨਾਉਣ ਲਈ ਸਤੰਬਰ ਦੇ ਅੱਧ ਵਿੱਚ ਦੋਬਾਰਾ ਨੋਟਿਸ ਭੇਜੇ। ਨੋਟਿਸ ਦੀ ਜਾਣਕਾਰੀ ਜਦੋਂ ਅਧਿਆਪਕਾਂ ਤੱਕ ਪਹੁੰਚੀ ਤਾਂ ਪਹਿਲਾਂ ਪੱਖੋਵਾਲ ਨੇੜੇ ਟੂਸੇ ਸਕੂਲ ਤੇ ਫਿਰ ਹੇਰ੍ਹਾ ਸਕੂਲ ਨੇ ਅਧਿਆਪਕਾਂ ਨੇ ਪੂਰੀ ਤਨਖਾਹ ਦੀ ਮੰਗ ਕੀਤੀ ਤੇ ਮੁੱਢਲਾ ਸਕੇਲ ਲਾਗੂ ਕਰਵਾਉਣ ਵਿੱਚ ਕਾਮਯਾਬ ਰਹੇ। ਇਹ ਪਤਾ ਲੱਗਣ 'ਤੇ ਬੱਸੀਆਂ ਦੇ ਅਧਿਆਪਕਾਂ ਨੂੰ ਵੀ ਹੌਸਲਾ ਮਿਲਿਆ ਤੇ ਉਹਨਾਂ ਨੇ ਵੀ ਪ੍ਰਬੰਧਕਾਂ ਦੇ ਅੱਗੇ ਆਪਣੀ ਬਣਦੀ ਤਨਖਾਹ ਦੀ ਮੰਗ ਕੀਤੀ ਪਰ ਕੋਈ ਠੋਸ ਨਤੀਜਾ ਨਾ ਨਿਕਲਦਾ ਦੇਖ ਦੋ ਅਧਿਆਪਕ ਧਰਨੇ 'ਤੇ ਬੈਠ ਗਏ ਤੇ 14 ਹੋਰ ਅਧਿਆਪਕ, ਅਧਿਆਪਕਾਵਾਂ ਨੇ ਸਮਰਥਨ ਕੀਤਾ। ਅਖੀਰ ਅਧਿਆਪਕਾਂ ਦੇ ਵਾਰ ਵਾਰ ਜ਼ੋਰ ਪਾਉਣ ਕਰਕੇ ਕਮੇਟੀ ਨੇ ਅਧਿਆਪਕਾਂ ਨੂੰ 4 ਨਵੰਬਰ ਦਾ ਸਮਾਂ ਦਿੱਤਾ। ਤੇ 4 ਨਵੰਬਰ ਗਿਣੀ ਮਿਥੀ ਸਾਜ਼ਿਸ਼ ਤਹਿਤ ਪਿੰਡ ਦੇ ਕੁੱਝ ਗਲਤ ਅਨਸਰ ਅਤੇ ਗੁਮਰਾਹ ਮਾਪਿਆਂ ਨੂੰ ਅਧਿਆਪਕਾਂ ਖਿਲਾਫ਼ ਭੜਕਾ ਕੇ ਉਹਨਾਂ ਕੋਲ ਭੇਜ ਦਿੱਤਾ। ਗਲਤ ਅਨਸਰਾਂ ਨੇ ਮੌਕੇ ਦਾ ਫਾਇਦਾ ਉਠਾਉਂਦਿਆਂ ਅਧਿਆਪਕਾਂ 'ਤੇ ਹਮਲਾ ਕੀਤਾ ਜਿਸ ਕਾਰਨ ਅਧਿਆਪਕ, ਅਧਿਆਪਕਾਵਾਂ ਦੇ ਸੱਟਾਂ ਵੱਜੀਆਂ। ਮੌਕੇ 'ਤੇ ਮੌਜੂਦ ਸਮਰਥਨ ਵਜੋਂ ਆਏ ਡੀ. ਟੀ. ਐਫ. ਦੇ ਪੱਖੋਵਾਲ ਇਕਾਈ ਦੇ ਆਗੂ ਹਰੀਸ਼ ਮੋਦਗਿਲ 'ਤੇ ਹਮਲਾ ਕੀਤਾ ਤੇ ਉਹਨਾਂ ਨੂੰ ਜ਼ਖ਼ਮੀ ਕੀਤਾ। ਅਧਿਆਪਕਾਂ ਨੂੰ ਧੂਹ ਕੇ ਸਕੂਲ ਤੋਂ ਕੱਢਿਆ ਗਿਆ ਤੇ ਬੇਇਜ਼ਤੀ ਵੀ ਕੀਤੀ ਗਈ। ਅਧਿਆਪਕਾਂ ਨੇ ਨੌਭਾਸ, ਡੀ. ਟੀ. ਐਫ. ਤੇ ਡੀ. ਈ. ਐਫ. ਦੇ ਸਮਰਥਨ ਨਾਲ਼ ਸਕੂਲ ਦੇ ਬਾਹਰ ਧਰਨੇ ਦੀ ਸ਼ੁਰੂਆਤ ਕੀਤੀ। ਤੇ ਧਰਨੇ ਨੂੰ ਲੜੀਵਾਰ ਜਾਰੀ ਰੱਖਿਆ। ਬੱਸੀਆਂ ਤੇ ਆਸ ਪਾਸ ਦੇ ਪਿੰਡਾਂ ਵਿੱਚ ਪਰਚਾ ਵੰਡ ਕੇ ਲੋਕਾਂ ਨੂੰ ਪ੍ਰਾਈਵੇਟ ਸਕੂਲਾਂ ਦੁਆਰਾ ਕੀਤੀ ਜਾ ਰਹੀ ਲੁੱਟ ਬਾਰੇ ਦੱਸਿਆ ਗਿਆ। 19 ਨਵੰਬਰ ਨੂੰ ਐਸ. ਡੀ. ਐਮ. ਦਫ਼ਤਰ ਰਾਏਕੋਟ ਅੱਗੇ ਵਿਸ਼ਾਲ ਧਰਨਾ ਲਗਾਇਆ ਗਿਆ। ਰਿਪੋਰਟ ਲਿਖੇ ਜਾਣ ਤੱਕ ਸੰਘਰਸ਼ ਜਾਰੀ ਹੈ।

ਨੌਜਵਾਨ ਭਾਰਤ ਸਭਾ ਤੇ ਦਿਸ਼ਾ ਵਿਦਿਆਰਥੀ ਜਥੇਬੰਦੀ ਨੇ ਸ਼ੁਰੂ ਕੀਤੀ 'ਸ਼ਹਿਰੀ ਰੁਜ਼ਗਾਰ ਗਰੰਟੀ ਮੁਹਿੰਮ'

ਪੇਂਡੂ ਬੇਰੁਜ਼ਗਾਰਾਂ ਦੇ ਲਈ ਰੁਜ਼ਗਾਰ ਦੀ ਯੋਜਨਾ 'ਨਰੇਗਾ' 'ਚ ਸਰਕਾਰ ਨੇ ਇਹ ਕਬੂਲਿਆ ਹੈ ਕਿ ਪੇਂਡੂ ਲੋਕਾਂ ਨੂੰ ਰੁਜ਼ਗਾਰ ਦਾ ਹੱਕ ਹੈ ਅਤੇ ਇਸ ਦੀ ਜ਼ਿੰਮੇਵਾਰੀ ਸਰਕਾਰ 'ਤੇ ਹੈ। ਪਰ ਸ਼ਹਿਰੀ ਬੇਰੁਜ਼ਗਾਰਾਂ ਦੀ ਸਰਕਾਰ ਨੂੰ ਕੋਈ ਚਿੰਤਾ ਨਹੀਂ ਹੈ। ਇਹ ਹਾਲਤ ਤਦ ਹੈ ਜਦੋਂ ਸ਼ਹਿਰੀ ਨੌਜਵਾਨ 60 ਫੀਸਦੀ ਬੇਰੁਜ਼ਗਾਰ ਹਨ। ਸਰਕਾਰੀ ਅੰਕੜੇ ਦੱਸਦੇ ਹਨ ਕਿ ਸ਼ਹਿਰਾਂ 'ਚ ਕੁਪੋਸ਼ਣ ਅਤੇ ਭੁੱਖਮਰੀ ਪਿੰਡਾਂ ਦੇ ਮੁਕਾਬਲੇ ਜ਼ਿਆਦਾ ਹੈ। ਇਸ

ਲਈ ਹੁਣ 'ਨੌਭਾਸ' ਅਤੇ 'ਦਿਸ਼ਾ' ਨੇ '**ਸ਼ਹਿਰੀ ਰੁਜ਼ਗਾਰ ਗਰੰਟੀ ਮੁਹਿੰਮ**' ਸ਼ੁਰੂ ਕੀਤੀ ਹੈ। ਦੋਨਾਂ ਜਥੇਬੰਦੀਆਂ ਦਾ ਇਹ ਮੰਨਣਾ ਹੈ ਕਿ ਅਜਿਹੀ ਕੋਈ ਯੋਜਨਾ ਮੌਜੂਦਾ ਮੁਨਾਫਾ ਅਧਾਰਿਤ ਢਾਂਚੇ 'ਚ ਬੇਰੁਜ਼ਗਾਰੀ ਤੇ ਗਰੀਬੀ ਦਾ ਪੱਕਾ ਹੱਲ ਪੇਸ਼ ਨਹੀਂ ਕਰ ਸਕਦੀ। ਪਰ ਇਸ ਯੋਜਨਾ ਨਾਲ਼ ਸ਼ਹਿਰੀ ਆਬਾਦੀ ਨੂੰ ਭੁੱਖਮਰੀ, ਖ਼ੁਦਕੁਸ਼ੀ ਤੇ ਅਪਰਾਧਾਂ ਵੱਲ ਜਾਣ ਤੋਂ ਰੋਕਿਆ ਜਾ ਸਕਦਾ ਹੈ ਤੇ ਅਜਿਹੀ ਯੋਜਨਾ ਸ਼ਹਿਰੀ ਗਰੀਬਾਂ-ਬੇਰੁਜ਼ਗਾਰਾਂ ਦਾ ਜਨਮਸਿੱਧ ਅਧਿਕਾਰ ਹੈ।

ਸ਼ਹਿਰਾਂ 'ਚ ਗਰੀਬਾਂ ਤੇ ਬੇਰੁਜ਼ਗਾਰਾਂ ਦੀ ਹਾਲਤ ਪਿੰਡਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਭਿਆਨਕ ਹੈ। ਮਰਦਮਸ਼ੁਮਾਰੀ ਤੇ ਕੌਮੀ ਨਮੂਨਾ ਸਰਵੇ ਸੰਗਠਨ ਦੇ ਅੰਕੜਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਪਿਛਲੇ ਦੋ ਦਹਾਕਿਆਂ 'ਚ ਸ਼ਹਿਰਾਂ 'ਚ ਬੇਰੁਜ਼ਗਾਰੀ ਪਿੰਡਾਂ ਦੇ ਮੁਕਾਬਲੇ ਕਿਤੇ ਵੱਧ ਤੇਜ਼ੀ ਨਾਲ਼ ਵਧੀ ਹੈ। ਜਦ ਪਿੰਡਾਂ ਦੇ ਗਰੀਬਾਂ ਲਈ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ (ਨਰੇਗਾ) ਉਲੀਕੀ ਅਤੇ ਲਾਗੂ ਕੀਤੀ ਗਈ ਹੈ ਤਾਂ ਸ਼ਹਿਰੀ ਗਰੀਬ ਤੇ ਬੇਰੁਜ਼ਗਾਰ ਵੀ ਅਜਿਹੀ ਯੋਜਨਾ ਦੇ ਹੱਕਦਾਰ ਹਨ। ਨਰੇਗਾ ਲਾਗੂ ਕਰਦੇ ਵਕਤ ਸਰਕਾਰ ਨੇ ਸਪਸ਼ਟ ਸ਼ਬਦਾਂ ਵਿੱਚ ਮੰਨਿਆ ਹੈ ਕਿ ਪਿੰਡਾਂ ਦੇ ਗਰੀਬਾਂ ਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਾ ਹੱਕ ਹੈ ਅਤੇ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਏ। ਕੀ ਇਸੇ ਤਰਕ ਤਹਿਤ ਸ਼ਹਿਰੀ ਗਰੀਬ ਤੇ ਬੇਰੁਜ਼ਗਾਰ ਰੁਜ਼ਗਾਰ ਦੇ ਹੱਕੀ ਨਹੀਂ? ਸ਼ਹਿਰਾਂ ਦੇ ਗਰੀਬ ਤੇ ਬੇਰੁਜ਼ਗਾਰ ਵੀ ਭਾਰਤ ਦੇ ਓਨੇ ਹੀ ਨਾਗਰਿਕ ਨੇ ਜਿੰਨੇ ਕਿ ਪਿੰਡਾਂ ਦੇ ਗਰੀਬ ਤੇ ਬੇਰੁਜ਼ਗਾਰ। ਸ਼ਹਿਰਾਂ 'ਚ ਜੀਵਨ ਬਤੀਤ ਕਰਨਾ ਕਿਤੇ ਜ਼ਿਆਦਾ ਔਖਾ ਹੁੰਦਾ ਹੈ। ਇੱਥੇ ਗਰੀਬਾਂ ਲਈ ਗੁਜ਼ਾਰਾ ਜ਼ਿਆਦਾ ਚੁਣੌਤੀਪੂਰਨ ਹੁੰਦਾ ਹੈ। ਇਸੇ ਲਈ ਅੱਜ ਨਰੇਗਾ ਵਾਂਗ **ਕੌਮੀ ਸ਼ਹਿਰੀ ਰੁਜ਼ਗਾਰ ਗਰੰਟੀ ਯੋਜਨਾ** ਦੀ ਸਖ਼ਤ ਲੋੜ ਹੈ।

ਨਿਸ਼ਚੇ ਹੀ ਅਜਿਹੀ ਕੋਈ ਯੋਜਨਾ ਮੌਜੂਦਾ ਮੁਨਾਫਾ-ਅਧਾਰਿਤ ਢਾਂਚੇ 'ਚ ਬੇਰੁਜ਼ਗਾਰੀ ਤੇ ਗਰੀਬੀ ਵਰਗੀਆਂ ਸਮੱਸਿਆਵਾਂ ਦਾ ਸਥਾਈ ਹੱਲ ਪੇਸ਼ ਨਹੀਂ ਕਰ ਸਕਦੀ। ਪਰ ਫੇਰ ਵੀ ਨਰੇਗਾ ਨਾਲ਼ ਇੱਕ ਖਾਸ ਆਬਾਦੀ ਨੂੰ ਫੌਰੀ ਰਾਹਤ ਮਿਲ਼ੀ ਹੈ। ਇਹ ਰਾਜ ਸਰਕਾਰ ਤੇ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਨੂੰ ਰੁਜ਼ਗਾਰ, ਸਿੱਖਿਆ, ਸਿਹਤ ਸਹੂਲਤਾਂ ਅਤੇ ਬਸੇਰੇ ਦਾ ਪ੍ਰਬੰਧ ਕਰੇ ਅਤੇ ਉਹ ਵੀ ਮੁਫ਼ਤ। ਕਿਉਂਕਿ ਇਹਨਾਂ ਦੀ ਕੀਮਤ ਲੋਕ ਅਸਿੱਧੇ ਟੈਕਸਾਂ ਰਾਹੀਂ ਪਹਿਲਾਂ ਹੀ ਅਦਾ ਕਰ ਚੁੱਕੇ ਹਨ।

ਸ਼ਹਿਰਾਂ 'ਚ ਬੇਰੁਜ਼ਗਾਰੀ ਵਧਣ ਦੀ ਗਤੀ ਲਗਭਗ 10 ਫੀਸਦੀ ਤੱਕ ਢੁੱਕ ਰਹੀ ਹੈ ਜਦਕਿ ਪਿੰਡਾਂ 'ਚ ਇਹ 7 ਫੀਸਦੀ ਤੋਂ ਵੀ ਥੱਲੇ ਹੈ। ਸ਼ਹਿਰਾਂ 'ਚ ਕੰਮ ਕਰਨ-ਯੋਗ ਹਰ 1000 ਲੋਕਾਂ 'ਚੋਂ ਸਿਰਫ਼ 337 ਕੋਲ ਰੁਜ਼ਗਾਰ ਹੈ, ਜਦਕਿ ਪਿੰਡਾਂ 'ਚ ਇਹ ਅੰਕੜਾ 417 ਹੈ। ਸ਼ਹਿਰੀ ਭਾਰਤ 'ਚ ਹਰ ਸਾਲ ਇੱਕ ਕਰੋੜ ਨਵੇਂ ਕੰਮ ਕਰਨ-ਯੋਗ ਲੋਕ ਵਧਦੇ ਹਨ ਜਦੋਂਕਿ ਰੁਜ਼ਗਾਰ ਪੈਦਾ ਹੋਣ ਦੀ ਗੱਲ ਤਾਂ ਦੂਰ, ਨਿੱਜੀਕਰਨ ਅਤੇ ਉਦਾਰੀਕਰਨ ਦੀ ਨੀਤੀਆਂ ਕਰਕੇ ਨੌਕਰੀਆਂ ਲਗਾਤਾਰ ਘੱਟ ਰਹੀਆਂ ਹਨ। ਸਰਕਾਰੀ ਪ੍ਰੀਭਾਸ਼ਾ ਅਨੁਸਾਰ ਸ਼ਹਿਰਾਂ ਦੀ 70 ਫੀਸਦੀ ਆਬਾਦੀ ਬੇਰੁਜ਼ਗਾਰ ਅਤੇ ਅਰਧ-ਬੇਰੁਜ਼ਗਾਰ ਹੈ। ਸਰਕਾਰ ਦੀ ਰੁਜ਼ਗਾਰ ਦੀ ਪ੍ਰੀਭਾਸ਼ਾ ਵੀ ਮਜ਼ਾਕ ਹੈ, ਜਿਹੜਾ ਵੀ ਕੋਈ ਸਾਲਾਨਾ 73 ਦਿਨ, 8 ਘੰਟੇ ਪ੍ਰਤੀ ਦਿਨ ਕੰਮ ਕਰਦਾ ਹੈ ਉਸ ਨੂੰ ਬਾਰੁਜ਼ਗਾਰ ਮੰਨਿਆ ਜਾਂਦਾ ਹੈ। ਇਹ ਪ੍ਰੀਭਾਸ਼ਾ ਬਣਾਈ ਹੀ ਇਸੇ ਲਈ ਹੈ ਤਾਂ ਜੋ ਬੇਰੁਜ਼ਗਾਰੀ ਨੂੰ ਘੱਟ ਕਰਕੇ ਦਿਖਾਇਆ ਜਾ ਸਕੇ। ਜੇਕਰ ਇਸ ਸਰਕਾਰੀ ਪੈਮਾਨੇ ਨੂੰ ਛੱਡਕੇ ਸਹੀ ਸਥਿਤੀ 'ਤੇ ਧਿਆਨ ਦਿੱਤਾ ਜਾਵੇ, ਤਾਂ ਸ਼ਹਿਰਾਂ ਦੀ 80 ਫੀਸਦੀ ਆਬਾਦੀ ਬੇਰੁਜ਼ਗਾਰੀ ਜਾਂ ਅਰਧ-ਬੇਰੁਜ਼ਗਾਰੀ ਕਰਕੇ ਭਿਆਨਕ ਆਰਥਿਕ ਤੇ ਸਮਾਜਿਕ ਅਸੁਰੱਖਿਆ ਦਾ ਸ਼ਿਕਾਰ ਹੈ।

ਇਹ ਮੁਹਿੰਮ ਦਿੱਲੀ, ਉਤਰ-ਪ੍ਰਦੇਸ਼, ਪੰਜਾਬ, ਬੰਗਾਲ ਅਤੇ ਮਹਾਂਰਾਸ਼ਟਰ— 'ਚ 'ਨੌਭਾਸ' ਅਤੇ 'ਦਿਸ਼ਾ' ਵੱਲੋਂ ਮਿਲ ਕੇ ਚਲਾਈ ਜਾਵੇਗੀ। ਮੁੱਖ ਸ਼ਹਿਰਾਂ 'ਚ ਦਿੱਲੀ, ਨੋਇਡਾ, ਗਾਜ਼ੀਆਬਾਦ, ਗੋਰਖਪੁਰ, ਲਖਨਊ, ਮਊ, ਲੁਧਿਆਣਾ, ਚੰਡੀਗੜ੍ਹ, ਕੋਲਕਾਤਾ, ਮੁੰਬਈ ਆਦਿ ਸ਼ਾਮਲ ਹਨ। ਇਹਨਾਂ ਸ਼ਹਿਰਾਂ 'ਚ ਨੌਜਵਾਨਾਂ-ਵਿਦਿਆਰਥੀਆਂ ਦੀਆਂ ਟੀਮਾਂ ਨੁੱਕੜ ਮੀਟਿੰਗਾਂ, ਘਰ ਘਰ ਜਾ ਕੇ ਪ੍ਰਚਾਰ ਕਰਨ, ਇਨਕਲਾਬੀ ਗੀਤਾਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ, ਸਾਈਕਲ ਤੇ ਪੈਦਲ ਯਾਤਰਾ ਆਦਿ ਰਾਹੀਂ ਰੁਜ਼ਗਾਰ ਗਰੰਟੀ ਦੇ ਸੁਨੇਹੇ ਨੂੰ ਹਰ ਸ਼ਹਿਰੀ ਗਰੀਬ ਅਤੇ ਬੇਰੁਜ਼ਗਾਰ ਕੋਲ ਲੈ ਕੇ ਜਾਣਗੀਆਂ।

ਇਸ ਤੋਂ ਬਾਅਦ ਪੂਰੇ ਦੇਸ਼ 'ਚ ਮੁਹਿੰਮ ਦੇ ਸਮਰਥਨ 'ਚ ਆਏ ਲੱਖਾਂ ਦੀ ਗਿਣਤੀ ਤੋਂ ਹਸਤਾਖਰ ਕਰਾਕੇ, ਪ੍ਰਧਾਨ ਮੰਤਰੀ ਅਤੇ ਸੰਸਦ ਮੈਂਬਰਾਂ ਨੂੰ ਮੰਗ-ਪੱਤਰ ਸੌਂਪੇ ਜਾਣਗੇ। ਇਸ ਮੁਹਿੰਮ ਤਹਿਤ ਸਰਕਾਰ ਨੂੰ ਇੱਕ ਮੰਗ-ਪੱਤਰ ਦਿੱਤਾ ਜਾਵੇਗਾ, ਜਿਸ ਦੀਆਂ ਮੰਗਾਂ ਇਸ ਪ੍ਰਕਾਰ ਹਨ:

1. ਨਰੇਗਾ ਵਾਂਗ ਸ਼ਹਿਰੀ ਬੇਰੁਜ਼ਗਾਰਾਂ ਅਤੇ ਗਰੀਬਾਂ ਲਈ ਸ਼ਹਿਰੀ ਰੁਜ਼ਗਾਰ ਗਰੰਟੀ ਯੋਜਨਾ ਬਣਾਈ ਅਤੇ ਲਾਗੂ ਕੀਤੀ ਜਾਵੇ।

2. ਇਸ ਯੋਜਨਾ ਤਹਿਤ ਸ਼ਹਿਰੀ ਬੇਰੁਜ਼ਗਾਰਾਂ ਨੂੰ ਸਾਲਾਨਾ ਘੱਟੋ ਘੱਟ 200 ਦਿਨਾਂ ਦਾ ਕੰਮ ਦਿੱਤਾ ਜਾਵੇ।

3. ਇਸ ਯੋਜਨਾ ਤਹਿਤ ਮਿਲਣ ਵਾਲ਼ੇ ਕੰਮ ਦੀ ਅਦਾਇਗੀ ਘੱਟੋ ਘੱਟ ਉਜਰਤ ਮਾਪਦੰਡਾਂ ਅਨੁਸਾਰ ਕੀਤੀ ਜਾਵੇ।

4. ਇਸ ਯੋਜਨਾ ਤਹਿਤ ਰੁਜ਼ਗਾਰ ਨਾ ਦਿੱਤੇ ਜਾਣ ਦੀ ਸੂਰਤ 'ਚ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ, ਜਿਹੜਾ ਕਿ ਜੀਵਨ ਨਿਰਬਾਹ ਦੇ ਘੱਟੋ ਘੱਟ ਪੱਧਰ ਨੂੰ ਕਾਇਮ ਰੱਖਣ ਲਈ ਕਾਫ਼ੀ ਹੋਵੇ।

5. ਇਸ ਯੋਜਨਾ ਨੂੰ ਪੂਰੇ ਦੇਸ਼ ਵਿੱਚ ਇੱਕ ਸਾਰ ਲਾਗੂ ਕੀਤਾ ਜਾਵੇ।

'**ਨੌਜਵਾਨ ਭਾਰਤ ਸਭਾ**' ਅਤੇ '**ਦਿਸ਼ਾ**' ਵੱਲੋਂ ਆਉਣ ਵਾਲ਼ੇ 6 ਮਹੀਨਿਆਂ 'ਚ ਲੱਖਾਂ ਹਸਤਾਖਰਾਂ ਨਾਲ਼ ਇਹ ਮੰਗ-ਪੱਤਰ ਕੇਂਦਰੀ ਸਰਕਾਰ ਅਤੇ ਸਾਰੀਆਂ ਰਾਜ ਸਰਕਾਰਾਂ ਨੂੰ ਦਿੱਤਾ ਜਾਵੇਗਾ। ਜੇਕਰ ਸਰਕਾਰ ਇਸ ਯੋਜਨਾ ਨੂੰ ਬਣਾਉਣ ਲਈ ਤੁਰੰਤ ਕੰਮ ਨਹੀਂ ਕਰਦੀ ਤਾਂ ਇਸ ਪੂਰੀ ਮੁਹਿੰਮ ਨੂੰ ਇੱਕ ਜੁਝਾਰੂ ਸੰਘਰਸ਼ ਦੀ ਸ਼ਕਲ ਦਿੱਤੀ ਜਾਵੇਗੀ।

ਚੰਡੀਗੜ੍ਹ ਵਿੱਚ 'ਸ਼ਹਿਰੀ ਰੋਜ਼ਗਾਰ ਗਰੰਟੀ ਯੋਜਨਾ' ਸੰਬੰਧੀ ਮੁਹਿੰਮ ਸ਼ੁਰੂ

ਇਹਨੀ ਦਿਨੀਂ '**ਨੌਜਵਾਨ ਭਾਰਤ ਸਭਾ**' ਅਤੇ '**ਦਿਸ਼ਾ ਵਿਦਿਆਰਥੀ ਜਥੇਬੰਦੀ**' ਦੇ ਸਾਂਝੇ ਉੱਦਮ ਨਾਲ਼ ਸ਼ੁਰੂ ਕੀਤੀ ਗਈ '**ਸ਼ਹਿਰੀ ਰੋਜ਼ਗਾਰ ਗਰੰਟੀ ਯੋਜਨਾ ਮੁਹਿੰਮ**' ਦਾ ਪ੍ਰਚਾਰ ਚੰਡੀਗੜ੍ਹ

(ਬਾਕੀ ਹਿੱਸਾ ਪੰਨਾ 15 'ਤੇ)

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

1. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 05 ਰੁਪਏ
2. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ) 10 ਰੁਪਏ
3 ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) 10 ਰੁਪਏ
4. ਗ਼ਦਰੀ ਸੂਰਬੀਰ (ਰਣਧੀਰ ਸਿੰਘ) 10 ਰੁਪਏ
5 ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 10ਰੁਪਏ
6. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) 10ਰੁਪਏ
7. ਪੰਜਾਬ ਦੀ ਕਿਸਾਨ ਲਹਿਰ ਅਤੇ ਕਮਿਊਨਿਸਟ 10ਰੁਪਏ
8. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) 15 ਰੁਪਏ
9. ਜੰਗਲਨਾਮਾ-ਇੱਕ ਰਾਜਨੀਤਿਕ ਪੜਚੋਲ 03 ਰੁਪਏ
10. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ(ਦਿਪਾਯਨ ਬੋਸ) 10 ਰੁਪਏ
11. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ 10 ਰੁਪਏ
12. ਕਿਉਂ ਮਾਓਵਾਦ 10 ਰੁਪਏ
13. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10 ਰੁਪਏ
14. ਪੈਰਿਸ ਕਮਿਊਨ ਦੀ ਅਮਰ ਕਹਾਣੀ 10 ਰੁਪਏ
15 ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10 ਰੁਪਏ
16. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10 ਰੁਪਏ
17. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 20 ਰੁਪਏ
18. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60 ਰੁਪਏ
19. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10 ਰੁਪਏ
20. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05 ਰੁਪਏ
21 ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20 ਰੁਪਏ
22. ਭਗਤ ਸਿੰਘ ਨੇ ਕਿਹਾ... 05 ਰੁਪਏ
23. ਸ਼ਹੀਦ ਕਰਤਾਰ ਸਿੰਘ ਸਰਾਭਾ 05 ਰੁਪਏ
24. ਮੈਂ ਨਾਸਤਿਕ ਕਿਉਂ ਹਾਂ? (ਭਗਤ ਸਿੰਘ) 05 ਰੁਪਏ
25. ਮਾਓ ਜ਼ੇ-ਤੁੰਗ ਦੀਆਂ ਫਲਸਫਾਨਾ ਲਿਖਤਾਂ 25 ਰੁਪਏ
26. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10 ਰੁਪਏ
27. ਲੈਨਿਨਵਾਦ ਦੀਆਂ ਨੀਹਾਂ (ਸਟਾਲਿਨ) 20 ਰੁਪਏ
28. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20 ਰੁਪਏ

ਨਵੀਆਂ ਪ੍ਰਕਾਸ਼ਤ ਕਿਤਾਬਾਂ

1. ਖੇਤੀ ਵਿੱਚ ਪੂੰਜੀਵਾਦ 15 ਰੁਪਏ
2. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ 10 ਰੁਪਏ
3. ਰਾਜ (ਲੈਨਿਨ) 10 ਰੁਪਏ
4. ਰਿਹਾਇਸ਼ੀ ਘਰਾਂ ਦਾ ਸਵਾਲ (ਫਰੈਡਰਿਕ ਏਂਗਲਜ਼)
5. ਆਰਥਕ ਰੋਮਾਂਚਵਾਦ ਦਾ ਚਰਿੱਤਰ ਚਿਤਰਨ (ਲੈਨਿਨ) 50 ਰੁਪਏ
6. ਮਾਓ ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ) 125 ਰੁਪਏ
7. ਇਨਕਲਾਬ ਅੰਦਰ ਇਨਕਲਾਬ (ਆਰਿਸ ਹੰਟਰ) 20 ਰੁਪਏ
8. ਸੋਵੀਅਤ ਯੂਨੀਅਨ ਸਬੰਧੀ ਪ੍ਰਚਾਰੇ ਜਾਂਦੇ ਝੂਠ 10 ਰੁਪਏ
9 ਉਦਾਰਵਾਦੀ ਨੀਤੀਆਂ ਦੇ 18 ਸਾਲ 03 ਰੁਪਏ
10 ਚੋਰ ਭ੍ਰਿਸ਼ਟ ਅਯਾਸ਼ ਨੇਤਾਸ਼ਾਹੀ 03 ਰੁਪਏ

ਦਸਤਕ ਪ੍ਰਕਾਸ਼ਨ

1. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖ਼ਤ) 15 ਰੁਪਏ
2. ਅਈਜ਼ੇਂਸਤਾਈਨ ਦਾ ਫਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ 15 ਰੁਪਏ
3. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ 10 ਰੁਪਏ
4. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ) 20 ਰੁਪਏ
5. ਸ਼ੋਲੋਖੋਵ ਦੀਆਂ ਕਹਾਣੀਆਂ 30 ਰੁਪਏ
6. ਸ਼ਾਂਤ ਸਰਘੀ ਵੇਲਾ (ਬੋਰਿਸ ਵਾਸੀਲਿਯੇਵ) 30 ਰੁਪਏ
7. ਪ੍ਰੇਮ ਪ੍ਰੰਪਰਾ ਅਤੇ ਵਿਦਰੋਹ (ਕਾਤਿਆਯਿਨੀ) 20 ਰੁਪਏ

ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ !

ਜਨਚੇਤਨਾ

● ਇੱਕ ਸੱਭਿਆਚਾਰਕ ਮੁਹਿੰਮ ● ਇੱਕ ਵਿਚਾਰਕ ਪ੍ਰੋਜੈਕਟ ● ਵਿਕਲਪਿਕ ਮੀਡੀਆ ਦਾ ਇੱਕ ਮਾਡਲ

ਕਿਤਾਬਾਂ ਨਹੀਂ
ਅਸੀਂ ਆਣ ਵਾਲ਼ੇ ਕੱਲ ਦੇ ਸੁਪਨੇ ਲੈ ਕੇ ਆਏ ਹਾਂ
ਕਿਤਾਬਾਂ ਨਹੀਂ
ਅਸੀਂ ਅਸਲੀ ਇਨਸਾਨ ਦੀ ਤਰਾਂ
ਜੀਣ ਦਾ ਸੰਕਲਪ ਲੈ ਕੇ ਆਏ ਹਾਂ।
ਅਸੀਂ ਹਾਂ ਉਮੀਦਾਂ ਦੇ ਹਰਕਾਰੇ
ਅਸੀਂ ਹਾਂ ਵਿਚਾਰਾਂ ਦੇ ਡਾਕੀਏ।

ਦੋ ਦਹਾਕੇ ਪਹਿਲਾਂ ਪ੍ਰਗਤੀਸ਼ੀਲ, ਲੋਕ-ਪੱਖੀ ਸਾਹਿਤ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਮੁਹਿੰਮ ਦੀ ਇੱਕ ਨਿੱਕੀ ਜਿਹੀ ਸ਼ੁਰੂਆਤ ਹੋਈ, ਵੱਡੇ ਮਨਸੂਬਿਆਂ ਨਾਲ਼। ਇੱਕ ਨਿੱਕੀ ਜਿਹੀ ਦੁਕਾਨ ਅਤੇ ਫੁੱਟਪਾਥਾਂ 'ਤੇ, ਮੁਹੱਲਿਆਂ ਵਿੱਚ ਅਤੇ ਦਫ਼ਤਰਾਂ ਦੇ ਸਾਹਮਣੇ ਛੋਟੀਆਂ-ਛੋਟੀਆਂ ਪ੍ਰਦਰਸ਼ਨੀਆਂ ਲਗਾਉਣ ਵਾਲ਼ੇ ਅਤੇ ਸਾਈਕਲਾਂ ਉਪਰ, ਰੇਹੜੀਆਂ ਉਪਰ, ਝੋਲ਼ਿਆਂ ਵਿੱਚ ਭਰਕੇ ਘਰ-ਘਰ ਕਿਤਾਬਾਂ ਪਹੁੰਚਾਉਣ ਵਾਲ਼ੇ ਬਿਨਾਂ ਤਨਖ਼ਾਹ ਤੋਂ ਕੰਮ ਕਰਨ ਵਾਲ਼ੇ ਸਮਰਪਿਤ ਵਲੰਟੀਅਰਾਂ ਦੀ ਟੀਮ - ਸ਼ੁਰੂਆਤ ਬੱਸ ਇੱਥੋਂ ਹੋਈ। ਅੱਜ ਇਹ ਵਿਚਾਰਕ ਮੁਹਿੰਮ ਉੱਤਰੀ ਭਾਰਤ ਦੇ ਦਰਜਨਾਂ ਸ਼ਹਿਰਾਂ ਅਤੇ ਪਿੰਡਾਂ ਤੱਕ ਫੈਲ ਚੁੱਕੀ ਹੈ। ਇੱਕ ਵੱਡੇ ਅਤੇ ਇੱਕ ਛੋਟੇ ਪ੍ਰਦਰਸ਼ਨੀ ਵਹੀਕਲ ਰਾਹੀਂ ਜਨਚੇਤਨਾ ਹਿੰਦੀ ਅਤੇ ਪੰਜਾਬੀ ਖੇਤਰ ਦੇ ਦੂਰ ਦਰਾਜ ਦੇ ਕੋਨਿਆਂ ਤੱਕ ਹਿੰਦੀ, ਪੰਜਾਬੀ ਅਤੇ ਅੰਗ੍ਰੇਜ਼ੀ ਸਾਹਿਤ ਅਤੇ ਕਲਾ ਸਮਗਰੀ ਦੇ ਨਾਲ਼ ਸੁਪਨੇ ਅਤੇ ਵਿਚਾਰ ਲੈ ਕੇ ਜਾ ਰਹੀ ਹੈ, ਜੀਵਨ-ਸੰਘਰਸ਼-ਸਿਰਜਣਾ-ਤਰੱਕੀ ਦਾ ਨਾਅਰਾ ਲੈ ਕੇ ਜਾ ਰਹੀ ਹੈ।

ਆਮ ਲੋਕਾਂ ਲਈ
ਜ਼ਰੂਰੀ ਹਨ ਉਹ ਕਿਤਾਬਾਂ
ਜੋ ਉਨ੍ਹਾਂ ਦੀ ਜ਼ਿੰਦਗੀ ਦੀ ਘੁਟਣ
ਅਤੇ ਮੁਕਤੀ ਦੇ ਸੁਪਨਿਆਂ ਤੱਕ
ਪਹੁੰਚਾਉਂਦੀਆਂ ਨੇ ਵਿਚਾਰ
ਜਿਵੇਂ ਕਿ ਬਾਰੂਦ ਦੀ ਢੇਰੀ ਤੱਕ
ਅੱਗ ਦੀ ਚਿੰਗਾਰੀ
ਘਰ-ਘਰ ਤੱਕ ਚਿੰਗਾਰੀ ਛਿੜਕਣ ਵਾਲਾ
ਤੇਜ਼ ਹਵਾ ਦਾ ਬੁੱਲਾ ਬਣ ਜਾਣਾ ਹੋਵੇਗਾ
ਜ਼ਿੰਦਗੀ 'ਤੇ ਆਉਣ ਵਾਲੇ ਦਿਨਾਂ ਦਾ ਸੱਚ
ਦੱਸਣ ਵਾਲੀਆਂ ਕਿਾਤਬਾਂ ਨੂੰ
ਘਰ-ਘਰ ਵਿਚ ਪਹੁੰਚਾਉਣਾ ਹੋਵੇਗਾ।

ਜਨਚੇਤਨਾ ਪਰਿਕਲਪਨਾ ਪ੍ਰਕਾਸ਼ਨ (ਹਿੰਦੀ ਸਾਹਿਤਿਕ ਪ੍ਰਕਾਸ਼ਕ), ਰਾਹੁਲ ਫਾਂਉਡੇਸ਼ਨ (ਹਿੰਦੀ ਰਾਜਨੀਤਿਕ ਪ੍ਰਕਾਸ਼ਕ), ਅਨੁਰਾਗ ਟਰਸਟ (ਬਾਲ ਸਾਹਿਤ ਦੇ ਪ੍ਰਕਾਸ਼ਕ), ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ (ਪੰਜਾਬੀ ਰਾਜਨੀਤਕ ਪ੍ਰਕਾਸ਼ਨ), ਦਸਤਕ ਪ੍ਰਕਾਸ਼ਨ (ਪੰਜਾਬੀ ਸਾਹਿਤਕ ਪ੍ਰਕਾਸ਼ਕ) ਅਤੇ ਪ੍ਰਾਂਜਲ ਆਰਟ ਪਬਲਿਸ਼ਰਜ਼ (ਕਲਾ ਸੱਮਗਰੀ ਦੇ ਪ੍ਰਕਾਸ਼ਕ) ਦੇ ਸਾਰੇ ਪ੍ਰਕਾਸ਼ਨਾਂ ਦੇ ਮੁੱਖ ਵਿਤਰਕ ਦੀ ਜ਼ਿੰਮੇਵਾਰੀ ਨਿਭਾਉਂਦੀ ਹੈ।

ਸਾਡੇ ਕੋਲ਼ ਤੁਹਾਨੂੰ ਮਿਲਣਗੇ :

।ਸਰਵਉਤਮ ਵਿਸ਼ਵ ਕਲਾਸਿਕਸ ।ਮਿਆਰੀ ਪ੍ਰਗਤੀਸ਼ੀਲ ਸਾਹਿਤ ।ਇਤਿਹਾਸ, ਫ਼ਲਸਫੇ ਅਤੇ ਸਮਾਜ ਵਿਗਿਆਨ ਦੀਆਂ ਚੋਣਵੀਆਂ ਕਿਤਾਬਾਂ ।ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੰਪੂਰਨ ਉਪਲੱਬਧ ਸਾਹਿਤ ।ਜੀਵਨ ਅਤੇ ਸਮਾਜ ਦੀ ਸਮਝ ਦੇਣ ਵਾਲ਼ਾ ਅਤੇ ਭਵਿੱਖ ਦਾ ਮਾਰਗ ਦੱਸਣ ਵਾਲ਼ਾ ਇਨਕਲਾਬੀ ਰਾਜਨੀਤਿਕ ਸਾਹਿਤ ।ਦਿਮਾਗ ਦੀਆਂ ਖਿੜਕੀਆਂ ਖੋਲਣ ਵਾਲ਼ਾ ਅਤੇ ਕਲਪਨਾ ਨੂੰ ਖੰਭ ਦੇਣ ਵਾਲ਼ਾ ਬਾਲ ਸਾਹਿਤ ।ਆਕਰਸ਼ਕ ਕਲਾਤਮਿਕ ਚਿੱਤਰ, ਪੋਸਟਰ, ਕੈਲੰਡਰ ਅਤੇ ਕਾਰਡ ।ਇਨਕਲਾਬੀ ਗੀਤਾਂ ਦੇ ਕੈਸਟਸ

ਮੁੱਖ ਦਫ਼ਤਰ : ਡੀ-68, ਨਿਰਾਲਾ ਨਗਰ, ਲਖਨਊ-226020
ਫੋਨ : 0522-2786782,
ਈਮੇਲ : **janchetna@rediffmail.com**
11, ਸਤਜੋਤ ਨਗਰ, ਗਲੀ ਨੰ-10/4, ਧਾਂਦਰਾ ਰੋਡ,
ਦੁੱਗਰੀ, ਲੁਧਿਆਣਾ। ਫੋਨ : 98155-87807

ਆਓ, ਤੁਸੀਂ ਵੀ ਇਸ ਮੁਹਿੰਮ ਵਿੱਚ ਸਾਡੇ ਹਮਸਫਰ ਬਣੋ।